

ਵੈੱਬਸਾਈਟ
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



ਅੰਦਰਲੀ ਖ਼ਬਰ
ਪੰਜਾਬ ਸਰਕਾਰ ਨੂੰ ਐਸ.ਡੀ.ਆਰ.ਐਫ. 'ਤੇ ਜਵਾਬ ਦੇਣਾ ਚਾਹੀਦਾ ਹੈ, ਦੋਵੇਂ ਸਰਕਾਰਾਂ ਹੜ੍ਹ ਰਾਹਤ 'ਤੇ ਖੇਡ ਰਹੀਆਂ ਬਲੇਮ-ਗੇਮ : ਪਰਗਟ ਸਿੰਘ 05

ਅੰਦਰਲੀ ਖ਼ਬਰ
ਹੋਮ ਸਟਡ ਸੀਨੀਅਰ ਕਲੱਬ ਵੱਲੋਂ ਕਰਵਾਏ ਲੇਬਰ ਡੇਅ ਦੇ ਸਮਾਗਮ ਤੇ ਮਿਲਿਆ ਦਰਸ਼ਕਾਂ ਦਾ ਭਰਪੂਰ ਹੁੰਗਾਰਾ 07



ਪੰਨਾ ਨੰ.:6 ਲੇਖ
ਸਭ ਤੋਂ ਵੱਡਾ ਪੁੰਨ



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 11 ਸਤੰਬਰ ਤੋਂ 17 ਸਤੰਬਰ, 2025 | Email :- editor@punjabstar.com, Vo. 20. Issue:1202


## ਟਰੰਪ ਦੇ ਟੈਕਸਾਂ ਤੋਂ ਸੰਭਲਣ ਲਈ ਕੈਨੇਡਾ ਵੱਲੋਂ ਨਵੀਆਂ ਯੋਜਨਾਵਾਂ ਦਾ ਐਲਾਨ



ਵਿਨੀਪੈੱਗ (ਪੰਜਾਬ ਸਟਾਰ ਬਿਊਰੋ): ਟਰੰਪ ਦੇ ਟੈਕਸ ਦੇ ਜਵਾਬ 'ਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਈ ਉਪਾਵਾਂ ਦਾ ਐਲਾਨ ਕੀਤਾ ਕਰਦਿਆਂ ਕਿਹਾ ਕਿ ਇਹ ਉਪਾਅ ਕੈਨੇਡਾ ਦੀ ਆਰਥਿਕਤਾ ਨੂੰ ਇਕ ਅਜਿਹੀ ਤਾਕਤ ਵਿਚ ਬਦਲ ਦੇਣਗੇ ਜੋ ਟਰੰਪ ਪ੍ਰਸ਼ਾਸਨ ਦੇ ਵਪਾਰਕ ਝਟਕਿਆਂ ਦਾ ਸਾਹਮਣਾ ਕਰ ਸਕੇ। ਉਨ੍ਹਾਂ ਕਿਹਾ, "ਦੁਨੀਆਂ ਭਰ ਵਿਚ ਅਨਿਸ਼ਚਿਤਤਾ ਦੇ ਮੱਦੇਨਜ਼ਰ ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਸਾਡੇ ਕਾਮੇ ਅਤੇ ਕਾਰੋਬਾਰ ਆਪਣੇ ਮੁਲਕ ਕੈਨੇਡਾ ਨੂੰ ਹੀ ਹੋਰ ਮਜ਼ਬੂਤ ਕਰਕੇ ਖ਼ੁਸ਼ਹਾਲ ਹੋਣ।"

ਕਾਰਨੀ ਦੀ ਨਵੀਂ ਯੋਜਨਾ ਵਿਚ 2026 ਲਈ ਇਲੈਕਟ੍ਰਿਕ ਗੱਡੀਆਂ (ਈ.ਵੀਜ਼) ਦੀ ਜ਼ਰੂਰੀ ਵਿਕਰੀ ਦੀ ਸ਼ਰਤ ਨੂੰ ਰੋਕ ਦਿੱਤਾ ਗਿਆ ਹੈ। ਇਹ ਫ਼ੈਸਲਾ ਆਟੋ ਉਦਯੋਗ ਦੀ ਮੰਗ ਦੇ ਤਹਿਤ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਸਰਕਾਰ ਨੇ ਪਹਿਲਾਂ ਨਿਯਮ ਬਣਾਇਆ ਸੀ ਕਿ 2026 ਤੱਕ ਜੋ ਨਵੀਆਂ ਕਾਰਾਂ ਵਿਕਣ, ਉਨ੍ਹਾਂ ਵਿਚੋਂ ਘੱਟੋ-ਘੱਟ 20 ਫੀਸਦੀ ਇਲੈਕਟ੍ਰਿਕ ਜਾਂ ਜ਼ੀਰੋ-ਇਮਿਸ਼ਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਇਹ ਅੰਕੜਾ 2030 ਤੱਕ 60 ਫੀਸਦੀ ਤੇ 2035 ਤੱਕ 100 ਫੀਸਦੀ ਤੈਅ ਕੀਤਾ ਗਿਆ ਸੀ, ਤਾਂ ਜੋ ਵਾਤਾਵਰਣ ਨੂੰ ਸਾਫ਼ ਰੱਖਣ ਵਾਲੇ ਟੀਚੇ ਹਾਸਲ ਕੀਤੇ ਜਾ ਸਕਣ।

ਹੁਣ ਸਰਕਾਰ ਨੇ 2026 ਲਈ ਇਸ ਨੂੰ ਰੋਕ ਦਿੱਤਾ ਹੈ ਅਤੇ ਇਸ ਨੀਤੀ ਦੀ ਸਮੀਖਿਆ ਕਰਨ ਲਈ 60 ਦਿਨਾਂ ਦਾ ਸਮਾਂ ਰੱਖਿਆ ਗਿਆ ਹੈ। ਨਵੀਂ ਉਦਯੋਗਿਕ ਰਣਨੀਤੀ ਵਿਚ ਹੋਰ ਵੀ ਕਈ ਅਹਿਮ ਕਦਮ ਚੁੱਕੇ ਗਏ ਹਨ। ਸਰਕਾਰ ਨੇ ਰੀ-ਸਕਿਲਿੰਗ ਪੈਕੇਜ * ਬਾਕੀ ਸਫਾ 2 'ਤੇ

## ਨੇਪਾਲ 'ਚ ਸੜਕਾਂ 'ਤੇ ਪਸਰਿਆ ਸੰਨਾਟਾ

### ਨੇਪਾਲ 'ਚ 30 ਦੇ ਕਰੀਬ ਹੋਈਆਂ ਮੌਤਾਂ, 600 ਤੋਂ ਵੱਧ ਲੋਕ ਜ਼ਖਮੀ, ਪੂਰੇ ਦੇਸ਼ 'ਚ ਲੱਗਾ ਕਰਫਿਊ, ਫ਼ੌਜ ਨੇ ਸਾਂਭੀ ਕਮਾਨ

* ਨੇਪਾਲ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵੱਲੋਂ ਅਸਤੀਫ਼ਾ
* ਨੇਪਾਲ 'ਚ ਪ੍ਰਦਰਸ਼ਨਕਾਰੀਆਂ ਨੇ ਵਿੱਤ ਮੰਤਰੀ ਨੂੰ ਭਜਾ-ਭਜਾ ਕੇ ਕੁੱਟਿਆ



ਕਾਠਮੰਡੂ, (ਪੰਜਾਬ ਸਟਾਰ ਬਿਊਰੋ): ਨੇਪਾਲ ਨੂੰ ਗੰਭੀਰ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨੇਪਾਲ ਦੇ ਰਾਸ਼ਟਰਪਤੀ ਰਾਮਚੰਦਰ ਪੌਡੇਲ ਨੇ ਵੀ ਅਸਤੀਫਾ ਦੇ ਦਿੱਤਾ ਹੈ। ਸੋਸ਼ਲ ਮੀਡੀਆ ਐਪਸ 'ਤੇ ਪਾਬੰਦੀ ਦੇ ਖਿਲਾਫ਼ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨ ਨੇ ਹਿੰਸਕ ਰੂਪ ਲੈ ਲਿਆ, ਜਿਸ ਵਿਚ ਹੁਣ ਤੱਕ ਪੂਰੇ ਨੇਪਾਲ 'ਚ 30 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 600 ਤੋਂ ਵੱਧ ਲੋਕ ਜ਼ਖਮੀ ਹੋ ਗਏ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਸੋਸ਼ਲ ਮੀਡੀਆ 'ਤੇ ਸਾਹਮਣੇ ਆਈ ਇੱਕ ਵੀਡੀਓ 'ਚ ਦਿਖਾਇਆ ਗਿਆ ਹੈ ਕਿ 65 ਸਾਲਾ ਵਿੱਤ ਮੰਤਰੀ ਪੌਡੇਲ ਸੈਂਕੜੇ ਪ੍ਰਦਰਸ਼ਨਕਾਰੀਆਂ ਤੋਂ ਬਚਣ ਲਈ ਭੱਜ ਰਹੇ ਸਨ। ਫਿਰ ਇੱਕ ਨੌਜਵਾਨ ਸਾਹਮਣੇ ਤੋਂ ਆਇਆ ਅਤੇ ਮੰਤਰੀ ਨੂੰ ਲੱਤ ਮਾਰ ਕੇ ਸੁੱਟ ਦਿੱਤਾ। ਮੰਤਰੀ ਕੰਧ ਨਾਲ ਟਕਰਾ ਗਿਆ ਪਰ ਤੁਰੰਤ ਉੱਠਿਆ ਅਤੇ ਦੁਬਾਰਾ ਦੌੜਨਾ ਸ਼ੁਰੂ ਕਰ ਦਿੱਤਾ।

ਇਨ੍ਹਾਂ ਪ੍ਰਦਰਸ਼ਨਾਂ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਕਈ ਸੀਨੀਅਰ ਸਿਆਸੀ ਆਗੂਆਂ ਦੀਆਂ ਨਿੱਜੀ ਰਿਹਾਇਸ਼ਾਂ ਤੇ ਸਿਆਸੀ ਪਾਰਟੀਆਂ ਦੇ ਹੈੱਡਕੁਆਰਟਰਾਂ 'ਤੇ ਹਮਲੇ ਕੀਤੇ ਅਤੇ ਇੱਥੋਂ ਤੱਕ ਕਿ ਸੰਸਦ ਵਿਚ ਵੀ ਭੰਨਤੋੜ ਕੀਤੀ। ਇਹ ਘਟਨਾ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਪੁਲਿਸ ਕਾਰਵਾਈ ਵਿਚ 19 ਵਿਅਕਤੀਆਂ ਦੀ ਮੌਤ ਹੋਣ ਤੋਂ ਇੱਕ ਦਿਨ ਬਾਅਦ ਵਾਪਰੀ ਹੈ। ਇਸੇ ਦੌਰਾਨ ਨੇਪਾਲ ਦੀ ਫੌਜ ਵੱਲੋਂ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲਣ ਦਾ ਦਾਅਵਾ ਕੀਤਾ ਗਿਆ। ਨੇਪਾਲ ਦੇ ਰਾਸ਼ਟਰਪਤੀ ਰਾਮਚੰਦਰ ਪੌਡੇਲ ਨੇ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਅਤੇ ਮਸਲੇ ਦੇ ਹੱਲ ਲਈ ਗੱਲਬਾਤ ਵਾਸਤੇ ਅੱਗੇ ਆਉਣ ਦੀ ਅਪੀਲ ਕੀਤੀ ਹੈ। ਵਿਦਿਆਰਥੀਆਂ ਦੀ ਅਗਵਾਈ ਵਾਲੇ ਪ੍ਰਦਰਸ਼ਨਾਂ ਨੇ ਸੋਸ਼ਲ ਮੀਡੀਆ 'ਤੇ ਪਾਬੰਦੀ ਅਤੇ ਕਥਿਤ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਨਾ ਕਰਨ ਸਣੇ ਕਈ ਮੁੱਦਿਆਂ 'ਤੇ ਓਲੀ ਸਰਕਾਰ ਪ੍ਰਤੀ ਵਧ ਰਹੇ ਜਨਤਕ ਰੋਹ ਨੂੰ ਦਰਸਾਇਆ ਹੈ।

ਪ੍ਰਦਰਸ਼ਨਕਾਰੀਆਂ ਨੇ ਕਰਫਿਊ ਅਤੇ ਸੁਰੱਖਿਆ ਬਲਾਂ ਦੀ ਤਾਇਨਾਤੀ ਦੀ ਉਲੰਘਣਾ ਕਰਦਿਆਂ ਵੱਖ-ਵੱਖ ਆਗੂਆਂ ਦੇ ਦਫ਼ਤਰਾਂ ਤੇ ਰਿਹਾਇਸ਼ਾਂ ਨੂੰ ਅੱਗ ਲਗਾ ਦਿੱਤੀ ਅਤੇ ਵੱਖ-ਵੱਖ ਮੁੱਖ ਇਮਾਰਤਾਂ ਤੇ ਅਦਾਰਿਆਂ 'ਤੇ ਹਮਲਾ ਕੀਤਾ। * ਬਾਕੀ ਸਫਾ 2 'ਤੇ

## ਟਰੰਪ ਦੇ ਕਰੀਬੀ ਚਾਰਲੀ ਕਿਰਕ ਦਾ ਗੋਲੀ ਮਾਰ ਕੇ ਕਤਲ

### ਸੋਗ 'ਚ 4 ਦਿਨਾਂ ਲਈ ਝੁਕਾਇਆ ਅਮਰੀਕੀ ਝੰਡਾ





(ਪੰਜਾਬ ਸਟਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਨ ਤੇ ਰਾਈਟ ਵਿੰਗ ਐਕਟੀਵਿਸਟ ਚਾਰਲੀ ਕਿਰਕ ਦੀ ਵੀਰਵਾਰ ਨੂੰ ਪ੍ਰੋਗਰਾਮ ਦੌਰਾਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਯੂਟਾਹ ਸੂਬੇ ਦੀ ਯੂਟਾਹ ਵੈਲੀ ਯੂਨੀਵਰਸਿਟੀ ਵਿਚ ਹੋਈ। ਚਾਰਲੀ ਇਥੇ 'ਦਿ ਅਮਰੀਕੇਨ ਕਮਬੈਕ ਟੂਰ' ਪ੍ਰੋਗਰਾਮ ਵਿਚ ਆਏ ਸਨ।

ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਵਿਚ ਦਿਖ ਰਿਹਾ ਹੈ ਕਿ ਚਾਰਲੀ ਇਕ ਟੈਂਟ ਹੇਠਾਂ ਮਾਈ ਫੜ ਕੇ ਬੋਲ ਰਹੇ ਹਨ ਉਦੋਂ ਹੀ ਅਚਾਨਕ ਇਕ ਗੋਲੀ ਉਨ੍ਹਾਂ ਦੀ ਗਰਦਨ ਕੋਲ ਆ ਕੇ ਲੱਗਦੀ ਹੈ, ਕਾਫੀ ਖ਼ੂਨ ਵਗਦਾ ਹੈ ਤੇ ਉਹ ਜ਼ਮੀਨ 'ਤੇ ਡਿੱਗ ਜਾਂਦੇ ਹਨ। ਚਾਰਲੀ ਦੀ ਹੱਤਿਆ 'ਤੇ ਟਰੰਪ ਨੇ ਆਪਣੇ ਪਰਸਨਲ ਸੋਸ਼ਲ ਮੀਡੀਆ ਅਕਾਊਂਟ 'ਤੇ ਲਿਖਿਆ- ਸੱਚੇ ਮਹਾਨ ਅਮਰੀਕੀ ਦੇਸ਼ਭਗਤ ਚਾਰਲੀ ਕਰਕ ਦੇ ਸਨਮਾਨ ਵਿਚ ਮੈਂ ਪੂਰੇ ਅਮਰੀਕਾ ਵਿਚ ਸਾਰੇ ਝੰਡਿਆਂ ਨੂੰ ਐਤਵਾਰ ਸ਼ਾਮ 6 ਵਜੇ ਤੱਕ ਅੱਧਾ ਝੁਕਾਉਣ * ਬਾਕੀ ਸਫਾ 2 'ਤੇ

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਪੰਜਾਬ ਲਈ 1600 ਕਰੋੜ ਦਾ ਦੇ ਵਿਸ਼ੇਸ਼ ਵਿੱਤੀ ਪੈਕੇਜ ਐਲਾਨ



ਚੰਡੀਗੜ੍ਹ, (ਪੰਜਾਬ ਸਟਾਰ ਬਿਊਰੋ): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਸਹਾਇਤਾ ਲਈ 1600 ਕਰੋੜ ਰੁਪਏ ਦੇ ਵਿਸ਼ੇਸ਼ ਵਿੱਤੀ ਪੈਕੇਜ ਦਾ ਐਲਾਨ ਕੀਤਾ ਹੈ। ਇਹ ਸਹਾਇਤਾ ਪੰਜਾਬ ਵਿੱਚ ਹੜ੍ਹ ਕਾਰਨ ਹੋਏ ਨੁਕਸਾਨ ਦੀ ਭਰਪਾਈ, ਪੁਨਰਵਾਸ ਅਤੇ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਲਈ ਵਰਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ (AAP) ਸਰਕਾਰ ਨੇ ਕੇਂਦਰ ਸਰਕਾਰ ਤੋਂ 80,000 ਕਰੋੜ ਰੁਪਏ ਦੀ ਸਹਾਇਤਾ ਦੀ ਮੰਗ ਕੀਤੀ ਸੀ।

ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨੇ ਹੈਲੀਕਾਪਟਰ ਰਾਹੀਂ ਕੁੱਲੂ, ਮੰਡੀ ਅਤੇ ਚੰਬਾ ਵਿੱਚ ਹੋਏ ਨੁਕਸਾਨ ਦਾ ਹਵਾਈ ਸਰਵੇਖਣ ਕੀਤਾ ਸੀ। ਇਸ ਤੋਂ ਬਾਅਦ ਕਾਂਗੜਾ ਵਿੱਚ ਆਫ਼ਤ ਸਬੰਧੀ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਅਧਿਕਾਰੀਆਂ ਨੇ ਪ੍ਰੈਜ਼ੈਂਟੇਸ਼ਨ ਰਾਹੀਂ ਪ੍ਰਧਾਨ ਮੰਤਰੀ ਨੂੰ ਨੁਕਸਾਨ ਦੀ ਜਾਣਕਾਰੀ ਦਿੱਤੀ। * ਬਾਕੀ ਸਫਾ 2 'ਤੇ

## ਪੂਰਬੀ ਕਾਂਗੋ 'ਚ ਇਸਲਾਮਿਕ ਸਟੇਟ ਨਾਲ ਜੁੜੇ ਬਾਗੀਆਂ ਨੇ 60 ਵਿਅਕਤੀਆਂ ਦੀ ਕੀਤੀ ਹੱਤਿਆ

### ਅੰਤਿਮ ਸੰਸਕਾਰ 'ਚ ਸ਼ਾਮਲ ਹੋਣ ਲਈ ਆਏ ਵਿਅਕਤੀਆਂ 'ਤੇ ਏਡੀਐਫ ਵੱਲੋਂ ਕੀਤਾ ਗਿਆ ਹਮਲਾ



ਕਾਂਗੋ, (ਪੰਜਾਬ ਸਟਾਰ ਬਿਊਰੋ): ਪੂਰਬੀ ਕਾਂਗੋ 'ਚ ਮੰਗਲਵਾਰ ਰਾਤ ਨੂੰ ਇਸਲਾਮਿਕ ਸਟੇਟ ਨਾਲ ਜੁੜੇ ਬਾਗੀ ਸਮੂਹ ਅਲਾਈਡ ਡੈਮੋਕ੍ਰੇਟਿਕ ਫੋਰਸ ਨੇ ਹਮਲਾ ਕੀਤਾ ਅਤੇ ਇਸ ਹਮਲੇ ਵਿੱਚ ਘੱਟੋ-ਘੱਟ 60 ਵਿਅਕਤੀਆਂ ਦੀ ਮੌਤ ਹੋ ਗਈ। ਇਹ ਹਮਲਾ ਉਸ ਸਮੇਂ ਹੋਇਆ ਜਦੋਂ ਲੋਕ ਇੱਕ ਅੰਤਿਮ ਸੰਸਕਾਰ ਵਿੱਚ ਇਕੱਠੇ ਹੋਏ ਸਨ। ਇੱਕ ਚਸ਼ਮਦੀਦ ਨੇ ਮੀਡੀਆ ਨੂੰ ਦੱਸਿਆ ਕਿ ਹਮਲਾਵਰਾਂ ਦੀ ਗਿਣਤੀ 10 ਸੀ ਅਤੇ ਉਨ੍ਹਾਂ ਕੋਲ ਵੱਡੇ ਚਾਕੂ ਸਨ। ਉਨ੍ਹਾਂ ਨੇ ਲੋਕਾਂ ਨੂੰ ਇੱਕ ਥਾਂ ਇਕੱਠੇ ਹੋਣ ਲਈ ਕਿਹਾ ਅਤੇ ਫਿਰ ਉਨ੍ਹਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਲੁਬੇਰੋ ਖੇਤਰ ਦੇ ਪ੍ਰਸ਼ਾਸਕ ਕਰਨਲ ਐਲਨ ਕਿਵੇਵਾ ਨੇ ਦੱਸਿਆ ਕਿ ਮਰਨ ਵਾਲਿਆਂ ਦੀ ਗਿਣਤੀ ਲਗਭਗ 60 ਸੀ ਜਦਕਿ ਸਹੀ ਅੰਕੜਾ ਫਿਲਹਾਲ ਸਪੱਸ਼ਟ ਨਹੀਂ ਹੈ।

ਮੰਗਲਵਾਰ ਨੂੰ ਹੀ ਬੇਨੀ ਖੇਤਰ ਵਿੱਚ ਏਡੀਐਫ ਨੇ ਇੱਕ ਹੋਰ ਹਮਲਾ ਕੀਤਾ, ਜਿਸ 'ਚ 18 ਲੋਕ ਮਾਰੇ ਗਏ। ਕਾਂਗੋ-ਯੂਗਾਂਡਾ ਸਰਹੱਦ 'ਤੇ ਸਰਗਰਮ ਏਡੀਐਫ ਨੇ 2019 ਵਿੱਚ ਇਸਲਾਮਿਕ ਸਟੇਟ ਪ੍ਰਤੀ ਵਫ਼ਾਦਾਰੀ ਦਾ ਵਾਅਦਾ ਕੀਤਾ ਸੀ। ਕਾਂਗੋ ਅਤੇ ਯੂਗਾਂਡਾ ਦੀਆਂ ਕਾਰਵਾਈਆਂ ਦੇ ਬਾਵਜੂਦ ਇਹ ਸਮੂਹ ਨਾਗਰਿਕਾਂ 'ਤੇ ਹਮਲਾ ਕਰ ਰਿਹਾ ਹੈ।

ਜੁਲਾਈ ਵਿੱਚ ਇਤੁਰੀ ਪ੍ਰਾਂਤ 'ਚ ਏਡੀਐਫ ਨੇ ਦੋ ਵੱਡੇ ਹਮਲੇ ਕੀਤੇ, ਜਿਨ੍ਹਾਂ 'ਚ 34 ਅਤੇ 66 ਵਿਅਕਤੀ ਮਾਰੇ ਗਏ ਸਨ। ਇਸ ਖੇਤਰ ਵਿੱਚ ਕਈ * ਬਾਕੀ ਸਫਾ 2 'ਤੇ

## ਅਮਰੀਕਾ ਦੇ ਸ਼ਿਕਾਗੋ ਸ਼ਹਿਰ 'ਚੋਂ ਚੁੱਕੇ 23 ਭਾਰਤੀ

* ਇੰਮੀਗ੍ਰੇਸ਼ਨ ਵਾਲਿਆਂ ਨੇ ਘੇਰ ਲਿਆ ਪੂਰਾ ਸ਼ਹਿਰ
* ਕਈ ਦਿਨ ਤੱਕ ਜਾਰੀ ਰਹੇਗਾ ਪ੍ਰਵਾਸੀਆਂ ਦੀ ਫੜੋ-ਫੜੀ ਦਾ ਸਿਲਸਿਲਾ



ਸ਼ਿਕਾਗੋ, (ਪੰਜਾਬ ਸਟਾਰ ਬਿਊਰੋ): ਗੈਰਕਾਨੂੰਨੀ ਪ੍ਰਵਾਸੀਆਂ ਨਾਲ ਭਰੇ ਸ਼ਿਕਾਗੋ ਸ਼ਹਿਰ ਦੀ ਘੇਰਾਬੰਦੀ ਕਰਦਿਆਂ ਸੈਂਕੜੇ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਇਹ ਕਾਰਵਾਈ ਆਉਣ ਵਾਲੇ ਕਈ ਦਿਨ ਤੱਕ ਜਾਰੀ ਰਹਿ ਸਕਦੀ ਹੈ। ਮੁਢਲੀਆਂ ਰਿਪੋਰਟਾਂ ਮੁਤਾਬਕ 23 ਭਾਰਤੀ ਨੌਜਵਾਨ ਆਈਸ ਦੇ ਅੜਿੱਕੇ ਆ ਗਏ ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰਾਂ ਵਿਚ ਭੇਜਿਆ ਗਿਆ ਹੈ। 'ਆਪ੍ਰੇਸ਼ਨ ਮਿਡਵੇਅ ਬਲਿਟਜ਼' ਤਹਿਤ ਕੀਤੀ ਜਾ ਰਹੀ ਕਾਰਵਾਈ ਕੈਟੀ ਅਬਰਾਹਮ ਨੂੰ ਸਮਰਪਿਤ ਕੀਤੀ ਗਈ ਹੈ ਜਿਸ ਦਾ ਕਤਲ ਇਕ ਗੈਰਕਾਨੂੰਨੀ ਪ੍ਰਵਾਸੀ ਨੇ ਕੀਤਾ ਸੀ।

ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਦੀ ਸਹਾਇਕ ਮੰਤਰੀ ਟ੍ਰਿਸ਼ੀਆ ਮੈਕਲਾਫਲਿਨ ਨੇ ਸ਼ਿਕਾਗੋ ਵਿਚ ਹੁੰਦੀਆਂ ਵਾਰਦਾਤਾਂ ਲਈ ਇਲੀਨੋਇ ਦੇ ਗਵਰਨਰ ਜੇ.ਬੀ. ਪ੍ਰਿਟਜ਼ਕਰ ਨੂੰ ਜ਼ਿੰਮੇਵਾਰ ਠਹਿਰਾਇਆ ਜੋ ਅਸਰਦਾਰ ਇੰਮੀਗ੍ਰੇਸ਼ਨ ਨੀਤੀ ਲਾਗੂ * ਬਾਕੀ ਸਫਾ 2 'ਤੇ

## ਭਾਰਤੀਆਂ ਨੂੰ ਹੁਣ ਆਪਣੇ ਦੇਸ਼ 'ਚ ਅਮਰੀਕੀ ਵੀਜ਼ਾ ਲਈ ਦੇਣੀ ਪਵੇਗੀ ਅਰਜ਼ੀ




ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਸੰਯੁਕਤ ਰਾਜ ਅਮਰੀਕਾ ਨੇ ਸਾਰੇ ਗੈਰ-ਪ੍ਰਵਾਸੀ ਸ਼੍ਰੇਣੀਆਂ ਲਈ ਤੀਜੇ ਦੇਸ਼ਾਂ ਵਿਚ ਵੀਜ਼ਾ ਮੁਲਾਕਾਤਾਂ ਦੀ ਸਹੂਲਤ ਖਤਮ ਕਰ ਦਿੱਤੀ ਹੈ। ਇਸ ਦੇ ਤਹਿਤ, ਬਿਨੈਕਾਰਾਂ ਨੂੰ ਸਿਰਫ ਆਪਣੀ ਕੌਮੀਅਤ ਜਾਂ ਕਾਨੂੰਨੀ ਰਿਹਾਇਸ਼ ਵਾਲੇ ਦੇਸ਼ ਵਿਚ ਵੀਜ਼ਾ ਇੰਟਰਵਿਊ ਤਹਿ ਕਰਨੇ ਪੈਣਗੇ। ਵਿਦੇਸ਼ ਵਿਭਾਗ ਦੁਆਰਾ ਐਲਾਨਿਆ ਗਿਆ ਇਹ ਨਵਾਂ ਨਿਯਮ ਉਸ ਵਿਕਲਪਿਕ ਉਪਾਅ * ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
www.MakeMeDebtFree.ca 416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

# ਟਰੰਪ ਨੂੰ ਮਾਣਹਾਨੀ ਮਾਮਲੇ 'ਚ ਕੋਈ ਰਾਹਤ ਨਹੀਂ

## ਦੇਣੇ ਪੈਣਗੇ 733 ਕਰੋੜ ਰੁਪਏ



ਅਦਾਲਤ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਾਣਹਾਨੀ ਦੇ ਮਾਮਲੇ ਵਿੱਚ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸੰਘੀ ਅਦਾਲਤ ਨੇ ਜੀਨ ਕੈਰੋਲ ਦੇ ਮਾਣਹਾਨੀ ਦੇ ਮਾਮਲੇ ਵਿੱਚ ਜਿਊਰੀ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਅਦਾਲਤ ਨੇ ਰਾਸ਼ਟਰਪਤੀ ਦੀ ਛੋਟ ਦੀ ਅਪੀਲ ਨੂੰ ਰੱਦ ਕਰ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਉਨ੍ਹਾਂ ਨੂੰ ਪੀੜਤ ਨੂੰ 733 ਕਰੋੜ ਰੁਪਏ ਦੇਣੇ ਪੈਣਗੇ।

ਦਰਅਸਲ, 2019 ਵਿੱਚ, ਕੈਰੋਲ (81) ਨੇ ਟਰੰਪ 'ਤੇ ਮਾਣਹਾਨੀ ਦਾ ਮੁਕੱਦਮਾ ਕੀਤਾ ਸੀ, ਉਨ੍ਹਾਂ 'ਤੇ 1996 ਵਿੱਚ ਬਰਗਡੋਰਫ ਗੁੱਡਮੈਨ ਡਿਪਾਰਟਮੈਂਟ ਸਟੋਰ ਦੇ ਇੱਕ ਡ੍ਰੈਸਿੰਗ ਰੂਮ ਵਿੱਚ ਉਸ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ। 79 ਸਾਲਾ ਟਰੰਪ ਨੇ ਪਹਿਲੀ ਵਾਰ ਜੂਨ 2019 ਵਿੱਚ ਆਪਣੇ ਦਾਅਵੇ ਤੋਂ ਇਨਕਾਰ ਕੀਤਾ ਸੀ। ਉਨ੍ਹਾਂ ਕਿਹਾ ਕਿ ਕੈਰੋਲ ਮੇਰੇ ਟਾਈਪ ਦੀ ਨਹੀਂ ਸੀ। ਉਨ੍ਹਾਂ ਨੇ ਇਹ ਕਹਾਣੀ ਆਪਣੀ ਕਿਤਾਬ - ਸਾਨੂੰ ਮਰਦਾਂ ਦੀ ਕਿਉਂ ਲੋੜ ਹੈ? ਵੇਚਣ ਲਈ ਘੜੀ ਸੀ। ਹੁਣ ਨਿਊਯਾਰਕ ਦੀ ਇੱਕ ਸੰਘੀ ਅਪੀਲ ਅਦਾਲਤ ਨੇ ਸੋਮਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਜਿਊਰੀ ਦੇ 733 ਕਰੋੜ ਰੁਪਏ ਦੇ ਮਾਣਹਾਨੀ ਦੇ ਫੈਸਲੇ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਮੈਨਹਟਨ ਸਥਿਤ ਦੂਜੀ ਯੂਐਸ ਸਰਕਟ ਕੋਰਟ ਆਫ਼ ਅਪੀਲਜ਼ ਨੇ ਟਰੰਪ ਦੀ ਇਸ ਦਲੀਲ ਨੂੰ ਰੱਦ ਕਰ ਦਿੱਤਾ ਕਿ ਜਨਵਰੀ 2024 ਦੇ ਫੈਸਲੇ ਨੂੰ ਉਲਟਾ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਰਾਸ਼ਟਰਪਤੀ ਤੋਂ ਛੋਟ ਦੇ ਹੱਕਦਾਰ ਹਨ। ਇੱਕ ਬਿਨਾਂ ਦਸਤਖਤ ਕੀਤੇ ਫੈਸਲੇ ਵਿੱਚ, ਤਿੰਨ ਜੱਜਾਂ ਦੇ ਸਰਬਸੰਮਤੀ ਵਾਲੇ ਪੈਨਲ ਨੇ ਕਿਹਾ ਕਿ ਕੇਸ ਦਾ ਰਿਕਾਰਡ ਜ਼ਿਲ੍ਹਾ ਅਦਾਲਤ ਦੇ ਫੈਸਲੇ ਦਾ ਸਮਰਥਨ ਕਰਦਾ ਹੈ। ਅਦਾਲਤ ਨੇ ਕਿਹਾ ਕਿ ਟਰੰਪ ਦੇ ਆਚਰਣ ਦੀ ਨਿੰਦਾ ਦਾ ਪੱਧਰ ਬਹੁਤ ਉੱਚਾ ਸੀ ਅਤੇ ਸੰਭਵ ਤੌਰ 'ਤੇ ਬੇਮਿਸਾਲ ਸੀ। ਮਈ 2023 ਵਿੱਚ, ਇੱਕ ਵੱਖਰੀ ਜਿਊਰੀ ਨੇ ਟਰੰਪ ਨੂੰ ਕੈਰੋਲ ਵਿਰੁੱਧ ਜਿਨਸੀ ਹਮਲੇ ਅਤੇ ਮਾਣਹਾਨੀ ਦਾ ਦੋਸ਼ੀ ਪਾਇਆ, ਪਰ ਬਲਾਤਕਾਰ ਦਾ ਨਹੀਂ, ਅਤੇ ਉਸਨੂੰ 5 ਮਿਲੀਅਨ ਡਾਲਰ ਦਾ ਜੁਰਮਾਨਾ ਲਗਾਇਆ। ਇੱਕ ਅਪੀਲ ਅਦਾਲਤ ਨੇ ਜੂਨ ਵਿੱਚ ਉਸ ਫੈਸਲੇ ਨੂੰ ਬਰਕਰਾਰ ਰੱਖਿਆ ਸੀ।

# ਕੈਨੇਡਾ 'ਚ ਫੜੇ 600 ਸ਼ਰਾਬੀ ਡਰਾਈਵਰ

## ਬੀ.ਸੀ.ਹਾਈਵੇਅ ਪੈਟਰੋਲ ਦੀ ਵੱਡੀ ਕਾਰਵਾਈ



ਵੈਨਕੂਵਰ : ਕੈਨੇਡਾ-ਅਮਰੀਕਾ ਵਿਚ ਡਰਾਈਵਿੰਗ ਬਾਰੇ ਛਿੜੀ ਬਹਿਸ ਦਰਮਿਆਨ ਸ਼ਰਾਬ ਪੀ ਕੇ ਗੱਡੀ ਚਲਾਉਂਦੇ 626 ਡਰਾਈਵਰਾਂ ਦੇ ਚਲਾਨ ਬੀ.ਸੀ. ਹਾਈਵੇਅ ਪੈਟਰੋਲ ਵਾਲਿਆਂ ਨੇ ਕੱਟ ਦਿਤੇ। ਸਿਰਫ਼ ਐਨਾ ਹੀ ਨਹੀਂ ਤੇਜ਼ ਰਫ਼ਤਾਰ ਗੱਡੀ ਚਲਾਉਣ ਵਾਲਿਆਂ ਨੂੰ 2,500 ਡਾਲਰ ਤੱਕ ਦੇ ਜੁਰਮਾਨੇ ਕੀਤੇ ਜਾਣ ਦੀ ਰਿਪੋਰਟ ਹੈ। ਬੀ.ਸੀ. ਹਾਈਵੇਅ ਪੈਟਰੋਲ ਦੇ ਅਪ੍ਰੇਸ਼ਨਜ਼ ਅਫ਼ਸਰ ਮਾਈਕ ਕੌਇਲ ਨੇ ਦੱਸਿਆ ਕਿ ਸਮਰ ਇੰਪੇਅਰਡ ਡਰਾਈਵਿੰਗ ਕੈਂਪੇਨ ਦੌਰਾਨ ਉਤਰੀ ਬੀ.ਸੀ. ਵਿਚ 146, ਮੈਟਰੋ ਵੈਨਕੂਵਰ, ਸੀਅ ਟੂ ਸਕਾਇ ਅਤੇ ਈਸਟ੍ਰਨ ਫਰੇਜ਼ਰ ਵੈਲੀ ਵਿਚ 150, ਵੈਨਕੂਵਰ ਆਇਲੈਂਡ ਵਿਖੇ 131, ਸੈਂਟਰਲ ਬੀ.ਸੀ. ਵਿਚ 111 ਅਤੇ ਕੂਟਨੇਅ ਰੀਜਨ ਵਿਚ 88 ਜਣਿਆਂ ਨੂੰ ਸ਼ਰਾਬ ਜਾਂ ਹੋਰ ਨਸ਼ਿਆਂ ਦੀ ਹਾਲਤ ਵਿਚ ਗੱਡੀ ਚਲਾਉਂਦਿਆਂ ਫੜਿਆ ਗਿਆ। ਕੌਇਲ ਦਾ ਕਹਿਣਾ ਸੀ ਕਿ ਨਸ਼ੇ ਦੀ ਹਾਲਤ ਵਿਚ ਗੱਡੀ ਚਲਾਉਂਦਿਆਂ ਅਕਸਰ ਵੱਡੇ ਹਾਦਸੇ ਵਾਪਰਦੇ ਹਨ ਅਤੇ ਜਾਨੀ ਨੁਕਸਾਨ ਹੁੰਦਾ ਹੈ। ਇੰਪੇਅਰਡ ਡਰਾਈਵਿੰਗ ਕਰਨ ਵਾਲਿਆਂ ਨੂੰ ਕਿਸੇ ਦੀ ਜਾਨ ਲੈਣ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ। ਕੈਨੇਡਾ ਦੇ ਹਰ ਹਿੱਸੇ ਵਿਚ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਦੀ ਨਕੇਲ ਕਸੀ ਜਾ ਰਹੀ ਹੈ ਪਰ ਬੀ.ਸੀ. ਦੇ ਕੂਟਨੇਜ਼ ਵਿਖੇ ਇਹ ਸਮੱਸਿਆ ਜ਼ਿਆਦਾ ਹੀ ਉਭਰ ਕੇ ਸਾਹਮਣੇ ਆਈ ਹੈ। ਬੀ.ਸੀ. ਦੇ ਪੇਂਡੂ ਇਲਾਕਿਆਂ ਵਿਚ ਲੋਕਾਂ ਨੂੰ ਵਧੇਰੇ ਜ਼ਿੰਮੇਵਾਰੀ ਨਾਲ ਗੱਡੀ ਚਲਾਉਣ ਵੱਲ ਧਿਆਨ ਕੇਂਦਰਤ ਕਰਨਾ ਹੋਵੇਗਾ। ਦੱਸ ਦੇਈਏ ਕਿ ਬੀ.ਸੀ. ਹਾਈਵੇਅ ਪੈਟਰੋਲ ਵੱਲੋਂ ਪੂਰੇ ਸੂਬੇ ਵਿਚ ਮੈਂਡੇਟਰੀ ਐਲਕੋਹਲ ਸਕ੍ਰੀਨਿੰਗ ਲਾਗੂ ਕੀਤੀ ਗਈ ਹੈ ਜਿਸ ਰਾਹੀਂ ਨਾਕੇ 'ਤੇ ਰੋਕੇ ਡਰਾਈਵਰਾਂ ਦੇ ਸਾਹ ਦਾ ਨਮੂਨਾ ਲੈਣ ਦਾ ਹੱਕ ਪੁਲਿਸ ਅਫ਼ਸਰਾਂ ਨੂੰ ਮਿਲ ਜਾਂਦਾ ਹੈ। ਮਾਈਕ ਕੌਇਲ ਨੇ ਡਰਾਈਵਰਾਂ ਨੂੰ ਸੁਚੇਤ ਕੀਤਾ ਕਿ ਸੂਬੇ ਵਿਚ ਕਿਸੇ ਵੀ ਜਗ੍ਹਾ 'ਤੇ ਰੋਕ ਕੇ ਸਾਹ ਦਾ ਨਮੂਨਾ ਚੈਕ ਕੀਤਾ ਜਾ ਸਕਦਾ ਹੈ ਅਤੇ ਸ਼ਰਾਬ ਇਲਾਵਾ ਕੋਈ ਨਸ਼ਾ ਕਰ ਕੇ ਡਰਾਈਵਿੰਗ ਕਰਨ ਵਾਲਿਆਂ ਦਾ ਚੋਰ ਫੜਨ ਦੇ ਵੱਖ ਵੱਖ ਸਾਧਨ ਪੁਲਿਸ ਕੋਲ ਮੌਜੂਦ ਹਨ। ਵੈਨਕੂਵਰ ਆਇਲੈਂਡ ਵਿਖੇ ਅਗਸਤ ਮਹੀਨੇ ਦੌਰਾਨ ਮੈਂਡੇਟਰੀ ਐਲਕੋਹਲ ਸਕ੍ਰੀਨਿੰਗ ਵੱਡੇ ਪੱਧਰ 'ਤੇ ਵਰਤੀ ਗਈ।

### ਤੇਜ਼ ਰਫ਼ਤਾਰ ਗੱਡੀ ਚਲਾਉਣ ਵਾਲਿਆਂ ਨੂੰ ਵੀ ਮੋਟੇ ਜੁਰਮਾਨੇ

ਈਸਟ ਕੂਟਨੇਜ਼ ਵਿਖੇ ਹਾਈਵੇਅ ਪੈਟਰੋਲ ਵੱਲੋਂ 1,500 ਤੋਂ ਵੱਧ ਡਰਾਈਵਰਾਂ ਨੂੰ ਰੋਕਿਆ ਗਿਆ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਨੂੰ ਤਿੰਨ ਦਿਨ ਦੀ ਡਰਾਈਵਿੰਗ ਸਸਪੈਨਸ਼ਨ ਸਣੇ ਬੀ.ਸੀ. ਮੋਟਰ ਵ੍ਹੀਕਲ ਐਕਟ ਅਧੀਨ 368 ਡਾਲਰ ਜੁਰਮਾਨਾ ਕੀਤਾ ਗਿਆ। ਇਸ ਤੋਂ ਇਲਾਵਾ ਸੱਤ ਦਿਨ ਵਾਸਤੇ ਗੱਡੀਆਂ ਵੀ ਜ਼ਬਤ ਕੀਤੀਆਂ ਗਈਆਂ। ਬੀ.ਸੀ. ਹਾਈਵੇਅ ਪੈਟਰੋਲ ਦਾ ਕਹਿਣਾ ਹੈ ਕਿ ਸੜਕਾਂ 'ਤੇ ਵਾਪਰਦੇ ਹਾਦਸਿਆਂ ਦੇ ਸਭ ਤੋਂ ਵੱਡੇ ਕਾਰਨਾਂ ਵਿਚ ਤੇਜ਼ ਰਫ਼ਤਾਰ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਸ਼ਾਮਲ ਹਨ ਜਦਕਿ ਡਰਾਈਵਿੰਗ ਦੌਰਾਨ ਮੋਬਾਈਲ ਜਾਂ ਕਿਸੇ ਹੋਰ ਚੀਜ਼ ਦੀ ਵਰਤੋਂ ਵੀ ਜਾਨਲੇਵਾ ਹਾਦਸਿਆਂ ਦਾ ਕਾਰਨ ਬਣਦੀ ਹੈ।

# ਪੇਜ ਇੱਕ ਦੀ ਬਾਕੀ

## ਟਰੰਪ ਦੇ ਟੈਕਸਾਂ ਤੋਂ...

ਅਧੀਨ ਰੋਜ਼ਗਾਰ ਬੀਮਾ ਬੈਨਿਫ਼ਿਟਸ ਦਾ ਵਿਸਤਾਰ ਕਰਨ, ਡਿਜੀਟਲ ਨੌਕਰੀਆਂ ਲਈ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕਰਨ ਅਤੇ 50,000 ਵਰਕਰਾਂ ਨੂੰ ਨਵੇਂ ਹੁਨਰ ਸਿਖਾਉਣ ਦਾ ਐਲਾਨ ਕੀਤਾ ਹੈ।

ਇਸ ਦੇ ਨਾਲ ਹੀ ਇਕ ਨਵਾਂ ਸਟੈਟਿਕ ਰਿਸਪਾਂਸ ਫ਼ੰਡ ਵੀ ਬਣਾਇਆ ਗਿਆ ਹੈ, ਜਿਸ 'ਚ ਸਰਕਾਰ 5 ਬਿਲੀਅਨ ਦਾ ਨਿਵੇਸ਼ ਕਰਨ ਜਾ ਰਹੀ ਹੈ। ਇਹ ਰਕਮ ਉਨ੍ਹਾਂ ਉਦਯੋਗਾਂ ਲਈ ਵਰਤੀ ਜਾਵੇਗੀ ਜੋ ਅਮਰੀਕੀ ਟੈਰਿਫ਼ਾਂ ਕਾਰਨ ਪ੍ਰਭਾਵਿਤ ਹੋਏ ਹਨ।

ਸਿਰਫ਼ ਕੈਨੇਡੀਅਨ ਸਮਾਨ ਖ਼ਰੀਦੋ ਦੀ ਕੈਨੇਡਾ ਪਾਲਿਸੀ (ਕੈਨੇਡੀਅਨ ਖ਼ਰੀਦੋ) ਤਹਿਤ ਹੁਣ ਫੈਡਰਲ ਸਰਕਾਰ ਦੇ ਪ੍ਰੋਜੈਕਟਾਂ ਲਈ ਕੈਨੇਡੀਅਨ ਸਪਲਾਇਰਾਂ ਨੂੰ ਤਰਜੀਹ ਦੇਣੀ ਹੋਵੇਗੀ। ਇਸ ਦੇ ਨਾਲ-ਨਾਲ ਸੂਬਾਈ ਤੇ ਮਿਊਂਸੀਪਲ ਸਰਕਾਰਾਂ ਨੂੰ ਵੀ ਇਸੇ ਰਾਹ 'ਤੇ ਲਿਆਉਣ ਲਈ ਰੋਡਮੈਪ ਦਿੱਤਾ ਜਾਵੇਗਾ।

ਉਧਰ ਛੋਟੇ ਤੇ ਦਰਮਿਆਨੇ ਪੱਧਰ ਦੇ ਕਾਰੋਬਾਰਾਂ ਲਈ ਵੀ ਸਰਕਾਰ ਨੇ ਵੱਡੀ ਰਾਹਤ ਦਾ ਐਲਾਨ ਕੀਤਾ ਹੈ। ਬਿਜ਼ਨੈੱਸ ਡਿਵੈੱਲਪਮੈਂਟ ਬੈਂਕ ਆਫ਼ ਕੈਨੇਡਾ ਦੇ ਲੋਨ ਹੁਣ ਹੋਰ ਆਸਾਨ ਹੋਣਗੇ ਅਤੇ ਵਾਪਸੀ ਦੀ ਮਿਆਦ ਵੀ ਅਨੁਕੂਲ ਹੋਵੇਗੀ। ਉਨ੍ਹਾਂ ਕਾਰੋਬਾਰਾਂ ਲਈ ਤਿੰਨ ਸਾਲਾਂ 'ਚ 1 ਬਿਲੀਅਨ ਡਾਲਰ ਦਾ ਵਾਧੂ ਸਹਿਯੋਗ ਦਿੱਤਾ ਜਾਵੇਗਾ।

ਇਸੇ ਤਰ੍ਹਾਂ ਖੇਤੀਬਾੜੀ ਖੇਤਰ ਨੂੰ ਵੀ ਨਵੀਂ ਰਣਨੀਤੀ 'ਚ ਜਗ੍ਹਾ ਮਿਲੀ ਹੈ। ਸਰਕਾਰ ਨੇ 370 ਮਿਲੀਅਨ ਡਾਲਰ ਦੀ ਬਾਇਓਫਿਊਲ ਉਤਪਾਦਨ ਇਨਸੈਂਟਿਵ ਯੋਜਨਾ ਦਾ ਐਲਾਨ ਕੀਤਾ ਹੈ। ਸਾਫ਼ ਉਰਜਾ ਨਿਯਮਾਂ 'ਚ ਵੀ ਤਬਦੀਲੀਆਂ ਕੀਤੀਆਂ ਜਾਣਗੀਆਂ, ਤਾਂ ਜੋ ਬਾਇਓਫਿਊਲ ਉਦਯੋਗ ਨੂੰ ਮਦਦ ਮਿਲ ਸਕੇ। ਇਸ ਦੇ ਨਾਲ ਚੀਨ ਵੱਲੋਂ ਕੈਨੇਡੀਅਨ ਕੈਨੋਲਾ 'ਤੇ ਲਾਏ 75.8 ਫੀਸਦੀ ਟੈਰਿਫ਼ ਦੇ ਹੱਲ ਵਜੋਂ ਕੈਨੋਲਾ ਉਤਪਾਦਕਾਂ ਨੂੰ ਵੀ ਰਾਹਤ ਦਿੱਤੀ ਜਾਵੇਗੀ।

ਕਾਰਨੀ ਨੇ ਕਿਹਾ ਕਿ ਇਹ ਕਦਮ ਖ਼ਾਸ ਤੌਰ 'ਤੇ ਉਨ੍ਹਾਂ ਮਜ਼ਦੂਰਾਂ ਅਤੇ ਵਪਾਰਾਂ ਦੀ ਮਦਦ ਕਰਨ ਲਈ ਚੁੱਕੇ ਗਏ ਹਨ, ਜੋ ਡੋਨਲਡ ਟਰੰਪ ਵੱਲੋਂ ਲਾਏ ਗਏ ਟੈਰਿਫ਼ਾਂ ਅਤੇ ਵਪਾਰਕ ਰੁਕਾਵਟਾਂ ਕਰਕੇ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

## ਨੇਪਾਲ 'ਚ ਸੜਕਾਂ...

ਓਲੀ ਦੇ ਅਸਤੀਫੇ ਤੋਂ ਕੁਝ ਘੰਟੇ ਪਹਿਲਾਂ, ਪ੍ਰਦਰਸ਼ਨਕਾਰੀਆਂ ਨੇ ਬਾਲਕੋਟ ਵਿਚ ਨੇਪਾਲੀ ਆਗੂ ਦੇ ਨਿੱਜੀ ਘਰ ਨੂੰ ਅੱਗ ਲਗਾ ਦਿੱਤੀ ਅਤੇ ਰਾਸ਼ਟਰਪਤੀ ਰਾਮਚੰਦਰ ਪੌਡੇਲ, ਸਾਬਕਾ ਪ੍ਰਧਾਨ ਮੰਤਰੀ ਪੁਸ਼ਪਾ ਕਮਲ ਦਾਹਲ, ਸੰਚਾਰ ਮੰਤਰੀ ਪ੍ਰਿਥਵੀ ਸੁੱਬਾ ਗੁਰੁੰਗ, ਸਾਬਕਾ ਗ੍ਰਹਿ ਮੰਤਰੀ ਰਮੇਸ਼ ਲੇਖਕ ਅਤੇ ਸਾਬਕਾ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦੇਉਬਾ ਦੀਆਂ ਜਾਇਦਾਦਾਂ 'ਤੇ ਹਮਲਾ ਕੀਤਾ। ਸਰਕਾਰ ਵੱਲੋਂ ਸੋਸ਼ਲ ਮੀਡੀਆ ਸਾਈਟਾਂ 'ਤੇ ਪਾਬੰਦੀ ਲਗਾਏ ਜਾਣ ਖ਼ਿਲਾਫ਼ ਸੋਮਵਾਰ ਨੂੰ ਸ਼ੁਰੂ ਹੋਏ ਪ੍ਰਦਰਸ਼ਨਾਂ ਦੀ ਤੀਬਰਤਾ ਮੰਗਲਵਾਰ ਨੂੰ ਹੋਰ ਵਧ ਗਈ ਅਤੇ ਪ੍ਰਦਰਸ਼ਨਕਾਰੀਆਂ ਨੇ ਸਾਰੇ ਪ੍ਰਮੁੱਖ ਸ਼ਹਿਰਾਂ ਅਤੇ ਕਸਬਿਆਂ ਵਿਚ ਸਰਕਾਰ ਵਿਰੋਧੀ ਮਾਰਚ ਕੱਢੇ। ਪ੍ਰਦਰਸ਼ਨਾਂ ਦੇ ਮੱਦੇਨਜ਼ਰ ਕਾਠਮੰਡੂ ਦੇ ਤ੍ਰਿਭੁਵਨ ਕੌਮਾਂਤਰੀ ਹਵਾਈ ਅੱਡੇ 'ਤੇ ਉਡਾਣ ਸੇਵਾਵਾਂ ਅੰਸ਼ਿਕ ਤੌਰ 'ਤੇ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਕੇ.ਪੀ. ਸ਼ਰਮਾ ਓਲੀ ਨੇ ਉਸ ਸਮੇਂ ਅਸਤੀਫਾ ਦਿੱਤਾ, ਜਦੋਂ ਸੈਂਕੜੇ ਅੰਦੋਲਨਕਾਰੀ ਉਨ੍ਹਾਂ ਦੇ ਦਫ਼ਤਰ ਵਿਚ ਦਾਖ਼ਲ ਹੋ ਗਏ ਅਤੇ ਸੋਮਵਾਰ ਨੂੰ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਪੁਲੀਸ ਕਾਰਵਾਈ ਦੌਰਾਨ ਘੱਟੋ-ਘੱਟ 19 ਵਿਅਕਤੀਆਂ ਦੀ ਮੌਤ ਹੋਣ ਅਤੇ ਭ੍ਰਿਸ਼ਟਾਚਾਰ ਖ਼ਿਲਾਫ ਲਾਪ੍ਰਵਾਹੀ ਲਈ ਉਨ੍ਹਾਂ ਨੂੰ ਹਟਾਉਣ ਦੀ ਮੰਗ ਕਰਦੇ ਹੋਏ ਨਾਅਰੇਬਾਜ਼ੀ ਕਰ ਰਹੇ ਸਨ। ਰਾਸ਼ਟਰਪਤੀ ਰਾਮਚੰਦਰ ਪੌਡੇਲ ਨੂੰ ਲਿਖੇ ਆਪਣੇ ਅਸਤੀਫੇ ਵਿੱਚ ਓਲੀ ਨੇ ਨੇਪਾਲ ਦੇ ਸਾਹਮਣੇ ਆਏ ਅਸਾਧਾਰਨ ਹਾਲਾਤ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਉਹ ਮੌਜੂਦਾ ਸਥਿਤੀ ਦੇ ਸੰਵਿਧਾਨਕ ਅਤੇ ਸਿਆਸੀ ਹੱਲ ਲਈ ਰਸਤਾ ਬਣਾਉਣ ਵਾਸਤੇ ਅਸਤੀਫਾ ਦੇ ਰਹੇ ਹਨ।

ਜੈੱਨ ਜ਼ੀ ਦੇ ਬੈਨਰ ਹੇਠ ਅੰਦੋਲਨਕਾਰੀਆਂ ਨੇ ਕਾਠਮੰਡੂ ਦੇ ਨਾਇਕਾਪ ਵਿਚ ਸਾਬਕਾ ਗ੍ਰਹਿ ਮੰਤਰੀ ਰਮੇਸ਼ ਲੇਖਕ ਦੀ ਰਿਹਾਇਸ਼ ਨੂੰ ਵੀ ਅੱਗ ਲਗਾ ਦਿੱਤੀ। ਕਾਠਮੰਡੂ ਵਿਚ ਕਾਲੰਕੀ, ਕਾਲੀਮਤੀ, ਤਾਹਚਲ ਅਤੇ ਬਾਨੇਸ਼ਵਰ ਦੇ ਨਾਲ-ਨਾਲ ਲਲਿਤਪੁਰ ਜ਼ਿਲ੍ਹੇ ਦੇ ਚਿਆਸਲ, ਚਪਾਗਾਓਂ, ਥੇਚੋ ਇਲਾਕਿਆਂ ਵਿਚ ਵੀ ਪ੍ਰਦਰਸ਼ਨ ਹੋਣ ਦੀ ਖ਼ਬਰ ਮਿਲੀ ਹੈ। ਪ੍ਰਦਰਸ਼ਨਕਾਰੀਆਂ ਨੇ ਸੰਚਾਰ ਮੰਤਰੀ ਪ੍ਰਿਥਵੀ ਸੁੱਬਾ ਗੁਰੁੰਗ ਦੇ ਲਲਿਤਪੁਰ ਜ਼ਿਲ੍ਹੇ 'ਚ ਪੈਂਦੇ ਸੁਨਾਕੋਠੀ ਵਿੱਚ ਸਥਿਤ ਘਰ 'ਤੇ ਵੀ ਪਥਰਾਅ ਕੀਤਾ।

### ਸਾਬਕਾ ਪ੍ਰਧਾਨ ਮੰਤਰੀ ਦੇ ਘਰ ਨੂੰ ਅੱਗ ਲਾਉਣ 'ਤੇ ਪਤਨੀ ਦੀ ਸੜ ਕੇ ਮੌਤ

ਦੱਲੂ ਵਿਚ ਪ੍ਰਦਰਸ਼ਨਕਾਰੀਆਂ ਦੀ ਭੀੜ ਨੇ ਸਾਬਕਾ ਪ੍ਰਧਾਨ ਮੰਤਰੀ ਝਾਲਾ ਨਾਥ ਖਨਾਲ ਦੇ ਘਰ ਨੂੰ ਅੱਗ ਲਗਾ ਦਿੱਤੀ। ਪ੍ਰਤੱਖਦਰਸੀਆਂ ਅਨੁਸਾਰ, ਘਰ ਦੇ ਅੰਦਰ ਫਸੀ ਖਨਾਲ ਦੀ ਪਤਨੀ ਰਾਜਲਕਸ਼ਮੀ ਚਿਤਰਕਾਰ ਗੰਭੀਰ ਰੂਪ ਵਿਚ ਝੁਲਸ ਗਈ। ਪਰਿਵਾਰਕ ਸੂਤਰਾਂ ਦੇ ਹਵਾਲੇ ਨਾਲ ਮਿਲੀ ਜਾਣਕਾਰੀ ਅਨੁਸਾਰ ਉਸ ਨੂੰ ਗੰਭੀਰ ਹਾਲਤ ਵਿਚ ਕੀਰਤੀਪੁਰ ਬਰਨ ਹਸਪਤਾਲ ਲਿਜਾਇਆ ਗਿਆ ਪਰ ਇਲਾਜ ਦੌਰਾਨ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਉਸ ਦੀ ਮੌਤ ਹੋ ਗਈ। ਖਨਾਲ ਨੇ ਫਰਵਰੀ 2011 ਤੋਂ ਅਗਸਤ 2011 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸੇਵਾ ਨਿਭਾਈ ਸੀ। ਪ੍ਰਦਰਸ਼ਨਕਾਰੀਆਂ ਨੇ ਸਾਬਕਾ ਵਿੱਤ ਮੰਤਰੀ ਅਤੇ ਨੇਪਾਲੀ ਕਾਂਗਰਸ ਦੇ ਨੇਤਾ ਰਾਮਸ਼ਰਨ ਮਾਹਤ ਦੇ ਕਪਾਨ ਸਥਿਤ ਘਰ ਨੂੰ ਵੀ ਸਾੜ ਦਿੱਤਾ।

## ਟਰੰਪ ਦੇ ਕਰੀਬੀ...

ਦਾ ਹੁਕਮ ਦੇ ਰਿਹਾ ਹਾਂ। ਪਾਲੀਟੀਕਲ ਐਕਟੀਵਿਸਟ ਚਾਰਲੀ ਟਰਨਿੰਗ ਪੁਆਇੰਟ ਯੂਐੱਸਏ ਨਾਂ ਤੋਂ ਇਕ ਸੰਸਥਾ ਚਲਾਉਂਦੇ ਸਨ। ਇਸ ਵਿਚ ਉਹ ਸਕੂਲਾਂ-ਕਾਲਜਾਂ ਵਿਚ ਜਾ ਕੇ ਵਿਦਿਆਰਥੀਆਂ ਨੂੰ ਸਿਆਸਤ ਬਾਰੇ ਦੱਸਦੇ ਸਨ ਤੇ ਨਾਲ ਹੀ ਟਰੰਪ ਦੇ ਕੱਟੜ ਸਮਰਥਕ ਮੰਨੇ ਜਾਂਦੇ ਸਨ। ਅਜੇ ਤੱਕ ਇਹ ਸਾਫ ਨਹੀਂ ਹੋਇਆ ਹੈ ਕਿ ਹਮਲਾਵਰ ਕੌਣ ਸੀ ਤੇ ਉਸ ਨੇ ਅਜਿਹਾ ਕਿਉਂ ਕੀਤਾ।

ਡੋਨਾਲਡ ਟਰੰਪ ਨੇ ਲਿਖਿਆ-ਮਹਾਨ ਤੇ ਵਾਕਈ ਦਿੱਗਜ਼ ਚਾਰਲੀ ਕਰਕ ਹੁਣ ਇਸ ਦੁਨੀਆ ਵਿਚ ਨਹੀਂ ਰਹੇ। ਅਮਰੀਕਾ ਦੇ ਨੌਜਵਾਨਾਂ ਨੂੰ ਉਨ੍ਹਾਂ ਤੋਂ ਬੇਹਤਰ ਕੋਈ ਸਮਝ ਨਹੀਂ ਸਕਿਆ ਤੇ ਨਾ ਹੀ ਉਨ੍ਹਾਂ ਦੇ ਦਿਲ ਤੱਕ ਕੋਈ ਪਹੁੰਚ ਸਕਿਆ। ਸਾਰੇ ਲੋਕ ਉਨ੍ਹਾਂ ਨੂੰ ਬਹੁਤ ਪਿਆਰ ਤੇ ਸਨਮਾਨ ਕਰਦੇ ਸਨ, ਖਾਸ ਕਰਕੇ ਮੈਂ। ਮੇਲਾਨੀਆ ਤੇ ਮੈਂ ਉਨ੍ਹਾਂ ਦੀ ਪਤਨੀ ਏਰਿਕਾ ਤੇ ਪੂਰੇ ਪਰਿਵਾਰ ਪ੍ਰਤੀ ਹਮਦਰਦੀ ਪ੍ਰਗਟ ਕਰਦਾ ਹਾਂ। ਚਾਰਲੀ ਅਸੀਂ ਤੁਹਾਨੂੰ ਪਿਆਰ ਕਰਦੇ ਹਾਂ।

ਯੂਟਾ ਵੈਲੀ ਯੂਨੀਵਰਸਿਟੀ ਕੈਂਪਸ ਨੂੰ ਬੰਦ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਦੇ ਬੁਲਾਰੇ ਏਲਨ ਟ੍ਰੇਨਰ ਨੇ ਨਿਊਯਾਰਕ ਟਾਈਮਸ ਨੂੰ ਦੱਸਿਆ ਕਿ ਚਾਰਲੀ ਨੂੰ ਲਗਭਗ 180 ਮੀਟਰ ਦੂਰ ਦੀ ਬਿਲਡਿੰਗ ਤੋਂ ਗੋਲੀ ਮਾਰੀ ਗਈ। ਨਾਲ ਹੀ ਦੱਸਿਆ ਗਿਆ ਕਿ ਪਹਿਲਾਂ ਇਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਸੀ ਪਰ ਉਹ ਹਮਲਾਵਰ ਨਹੀਂ ਸੀ। ਹੁਣ ਤੱਕ ਹਮਲਾਵਰ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਫਿਲਹਾਲ ਚਾਰ ਏਜੰਸੀਆਂ ਘਟਨਾ ਦੀ ਜਾਂਚ ਕਰ ਰਹੀਆਂ ਹਨ।

## ਪ੍ਰਧਾਨ ਮੰਤਰੀ ਨਰਿੰਦਰ...

ਇਸ ਦੌਰਾਨ, ਪ੍ਰਧਾਨ ਮੰਤਰੀ ਨੇ ਹਿਮਾਚਲ ਪ੍ਰਦੇਸ਼ ਲਈ 1500 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ। ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50-50 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾਵੇਗੀ।

ਮੀਟਿੰਗ ਵਿੱਚ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਵੀ ਮੌਜੂਦ ਸਨ। ਇਸ ਤੋਂ ਬਾਅਦ, ਪ੍ਰਧਾਨ ਮੰਤਰੀ ਨੇ ਮੰਡੀ, ਕੁੱਲੂ ਅਤੇ ਚੰਬਾ ਜ਼ਿਲ੍ਹਿਆਂ ਦੇ 18 ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਤਕਲੀਫਾਂ ਸੁਣੀਆਂ। ਉਨ੍ਹਾਂ ਨੇ ਇੱਕ ਸਾਲ ਦੀ ਨਿਤਿਕਾ ਨਾਲ ਵੀ ਮੁਲਾਕਾਤ ਕੀਤੀ, ਜਿਸ ਦੇ ਮਾਤਾ-ਪਿਤਾ ਅਤੇ ਦਾਦੀ ਦੀ 30 ਜੂਨ ਨੂੰ ਮੰਡੀ ਵਿੱਚ ਬੱਦਲ ਫਟਣ ਕਾਰਨ ਆਈ ਹੜ੍ਹ ਵਿੱਚ ਮੌਤ ਹੋ ਗਈ ਸੀ। ਪ੍ਰਧਾਨ ਮੰਤਰੀ ਨੇ ਨਿਤਿਕਾ ਨੂੰ ਪਹਿਲਾਂ ਟੌਫੀ ਦਿੱਤੀ ਅਤੇ ਫਿਰ ਉਸ ਨੂੰ ਗੋਦੀ ਵਿੱਚ ਚੁੱਕਿਆ।

ਇਸ ਤੋਂ ਪਹਿਲਾਂ, 5 ਸਤੰਬਰ ਨੂੰ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਕਪੂਰਥਲਾ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਪੀੜਤਾਂ ਨਾਲ ਮੁਲਾਕਾਤ ਕੀਤੀ ਸੀ।

## ਪੂਰਬੀ ਕਾਂਗੋ 'ਚ...

ਸਮੂਹ ਸਰਗਰਮ ਹਨ ਜਿਨ੍ਹਾਂ 'ਚ ਰਵਾਂਡਾ-ਸਮਰਥਿਤ ਐਮ 23 ਬਾਗੀ ਅਤੇ ਕਾਂਗੋ ਸਰਕਾਰ ਦਰਮਿਆਨ ਚੱਲ ਰਿਹਾ ਵੱਡਾ ਟਕਰਾਅ ਵੀ ਸ਼ਾਮਲ ਹੈ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨਰ ਵੋਲਕਰ ਤੁਰਕ ਨੇ ਕਿਹਾ ਕਿ ਸੁਰੱਖਿਆ ਦੀ ਘਾਟ ਦਾ ਫਾਇਦਾ ਉਠਾ ਕੇ ਏਡੀਐਫ ਹਮਲੇ ਕਰ ਰਿਹਾ ਹੈ। ਸਥਾਨਕ ਲੋਕ ਡਰ ਅਤੇ ਅਨਿਸ਼ਚਿਤਤਾ ਵਿੱਚ ਜੀਅ ਰਹੇ ਹਨ ਅਤੇ ਸਥਿਤੀ ਲਗਾਤਾਰ ਵਿਗੜ ਰਹੀ ਹੈ।

## ਅਮਰੀਕਾ ਦੇ ਸ਼ਿਕਾਗੋ...

ਕਰਨ ਵਿਚ ਅਸਫ਼ਲ ਰਹੇ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਕਈ ਵਰ੍ਹਿਆਂ ਤੋਂ ਗਵਰਨਰ ਪ੍ਰਿਟਜ਼ਕਰ ਅਤੇ ਉਨ੍ਹਾਂ ਦੇ ਸਾਥੀ ਸਿਆਸਤਦਾਨ ਖਤਰਨਾਕ ਗੈਂਗਸਟਰਾਂ, ਬਲਾਤਕਾਰੀਆਂ ਅਤੇ ਨਸ਼ਾ ਤਸਕਰਾਂ ਨੂੰ ਰਿਹਾਅ ਕਰ ਦੇ ਆਏ ਹਨ ਜਿਸ ਦੇ ਸਿੱਟੇ ਵਜੋਂ ਅਮਰੀਕਾ ਵਾਸੀਆਂ ਦੀਆਂ ਜਾਨਾਂ ਖਤਰੇ ਵਿਚ ਪੈ ਗਈਆਂ। ਮੈਕਲਾਫਲਿਨ ਨੇ ਅੱਗੇ ਕਿਹਾ ਕਿ ਅਮਰੀਕਾ ਵਿਚ ਕੋਈ ਸ਼ਹਿਰ ਗੈਰਕਾਨੂੰਨੀ ਪ੍ਰਵਾਸੀਆਂ ਦੀ ਲੁਕਣਗਾਹ ਨਹੀਂ ਰਹੇਗਾ। ਰਾਸ਼ਟਰਪਤੀ ਡੌਨਲਡ ਟਰੰਪ ਸਪੱਸ਼ਟ ਸੁਨੇਹਾ ਦੇ ਚੁੱਕੇ ਹਨ ਕਿ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਅਤੇ ਕਾਨੂੰਨ ਤੋੜਨ ਵਾਲਿਆਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਜਿਹੇ ਲੋਕਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰ ਕੇ ਡਿਪੋਰਟ ਕਰ ਦਿਤਾ ਜਾਵੇਗਾ।

ਦੂਜੇ ਪਾਸੇ ਇਲੀਨੋਇ ਦੇ ਗਵਰਨਰ ਜੇ.ਬੀ. ਪ੍ਰਿਟਜ਼ਕਰ ਨੇ ਕਿਹਾ ਕਿ ਰਾਸ਼ਟਰਪਤੀ ਸ਼ਿਕਾਗੋ ਸ਼ਹਿਰ ਵਿਰੁੱਧ ਜੰਗ ਛੇੜਨ ਦਾ ਯਤਨ ਕਰ ਰਹੇ ਹਨ। ਇਹ ਕੋਈ ਮਖੌਲ ਨਹੀਂ ਹੋ ਰਿਹਾ, ਡੌਨਲਡ ਟਰੰਪ ਅਸਲ ਵਿਚ ਮਜ਼ਬੂਤ ਇਨਸਾਨ ਨਹੀਂ ਸਗੋਂ ਡਰੇ ਹੋਏ ਸਿਆਸਤਦਾਨ ਹਨ। ਕੋਈ ਤਾਨਾਸ਼ਾਹ ਇਲੀਨੋਇ ਦੇ ਲੋਕਾਂ ਨੂੰ ਡਰਾ-ਧਮਕਾ ਨਹੀਂ ਸਕਦਾ। ਦੱਸ ਦੇਈਏ ਕਿ ਜਾਰਜੀਆ ਸੂਬੇ ਦੀ ਇਕ ਕਾਰ ਫੈਕਟਰੀ ਵਿਚ ਆਈਸ ਨੇ ਅਮਰੀਕਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਇੰਮੀਗ੍ਰੇਸ਼ਨ ਛਾਪਾ ਮਾਰਨ ਦਾ ਦਾਅਵਾ ਕਰਦਿਆਂ 475 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਕਾਬੂ ਕੀਤਾ। ਇਸ ਵੇਲੇ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਦੀ ਹਿਰਾਸਤ ਵਿਚ 61,226 ਪ੍ਰਵਾਸੀ ਦੱਸੇ ਜਾ ਰਹੇ ਹਨ ਅਤੇ ਸ਼ਿਕਾਗੋ ਦੇ ਛਾਪਿਆਂ ਮਗਰੋਂ ਅੰਕੜਾ ਹੋਰ ਉਤੇ ਜਾ ਸਕਦਾ ਹੈ। ਉਧਰ ਹਿਊਂਡਈ ਕਾਰ ਫੈਕਟਰੀ ਵਿਚ ਛਾਪੇ ਦੌਰਾਨ ਫੜੇ ਗਏ ਕਈ ਵਰਕਰਾਂ ਕੋਲ ਵੈਲਿਡ ਵੀਜ਼ਾ ਹੋਣ ਦੀ ਰਿਪੋਰਟ ਸਾਹਮਣੇ ਆਈ ਹੈ ਪਰ ਇੰਮੀਗ੍ਰੇਸ਼ਨ ਵਾਲਿਆਂ ਨੇ ਉਨ੍ਹਾਂ ਦੀ ਇਕ ਨਾ ਸੁਣੀ। ਦੱਖਣੀ ਕੋਰੀਆ ਸਰਕਾਰ ਵੱਲੋਂ ਆਪਣੇ ਕਿਰਤੀਆਂ ਨੂੰ ਵਾਪਸ ਲਿਆਉਣ ਲਈ ਵਿਸ਼ੇਸ਼ ਜਹਾਜ਼ ਅਮਰੀਕਾ ਭੇਜਿਆ ਗਿਆ ਹੈ ਪਰ ਐਲ.ਜੀ. ਦੇ ਸਾਰੇ ਐਨਰਜੀ ਪਲਾਂਟਸ ਵਿਚ ਕੰਮ ਠੱਪ ਹੋਣ ਮਗਰੋਂ ਟਰੰਪ ਸਰਕਾਰ 'ਤੇ ਸਵਾਲ ਉਠਣੇ ਸ਼ੁਰੂ ਹੋ ਚੁੱਕੇ ਹਨ। ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਇਕ ਪਾਸੇ ਟਰੰਪ ਵੱਧ ਤੋਂ ਵੱਧ ਵਿਦੇਸ਼ੀ ਨਿਵੇਸ਼ੀ ਚਾਹੁੰਦੇ ਹਨ ਜਦਕਿ ਦੂਜੇ ਪਾਸੇ ਕਾਰਖਾਨਿਆਂ ਦਾ ਕੰਮ ਠੱਪ ਕੀਤਾ ਜਾ ਰਿਹਾ ਹੈ। ਦੱਸ ਦੇਈਏ ਕਿ ਅਮਰੀਕਾ ਵਿਚ ਬੈਟਰੀ ਕਾਰਾਂ ਤਿਆਰ ਕਰਨ ਲਈ ਹਿਊਂਡਾਈ ਅਤੇ ਐਲ.ਜੀ. ਸਾਂਝੇ ਤੌਰ 'ਤੇ ਕੰਮ ਕਰ ਰਹੇ ਹਨ।

## ਭਾਰਤੀਆਂ ਨੂੰ ਹੁਣ...

ਨੂੰ ਖਤਮ ਕਰਦਾ ਹੈ, ਜੋ ਬਹੁਤ ਸਾਰੇ ਭਾਰਤੀ ਘਰ ਵਿਚ ਲੰਬੇ ਇੰਤਜ਼ਾਰ ਦੇ ਸਮੇਂ ਤੋਂ ਬਚਣ ਲਈ ਵਰਤਦੇ ਸਨ।

ਬਿਆਨ ਵਿਚ ਕਿਹਾ ਗਿਆ ਹੈ ਕਿ ਤੁਰੰਤ ਪ੍ਰਭਾਵ ਨਾਲ, ਵਿਦੇਸ਼ ਵਿਭਾਗ ਨੇ ਗੈਰ-ਪ੍ਰਵਾਸੀ ਵੀਜ਼ਾ ਬਿਨੈਕਾਰਾਂ ਲਈ ਨਿਰਦੇਸ਼ਾਂ ਨੂੰ ਅਪਡੇਟ ਕੀਤਾ ਹੈ। ਉਨ੍ਹਾਂ ਨੂੰ ਆਪਣੀ ਕੌਮੀਅਤ ਜਾਂ ਰਿਹਾਇਸ਼ ਵਾਲੇ ਦੇਸ਼ ਵਿਚ ਅਮਰੀਕੀ ਦੂਤਾਵਾਸ ਜਾਂ ਕੌਂਸਲੇਟ ਵਿਚ ਵੀਜ਼ਾ ਇੰਟਰਵਿਊ ਮੁਲਾਕਾਤ ਤਹਿ ਕਰਨੀ ਚਾਹੀਦੀ ਹੈ।

ਇਹ ਫੈਸਲਾ ਭਾਰਤੀ ਯਾਤਰੀਆਂ ਲਈ ਮਹੱਤਵਪੂਰਨ ਹੈ, ਜਿਨ੍ਹਾਂ ਨੂੰ ਦੁਨੀਆਂ ਵਿਚ ਸਭ ਤੋਂ ਲੰਬੇ ਵੀਜ਼ਾ ਉਡੀਕ ਸਮੇਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲ ਹੀ ਦੇ ਸਾਲਾਂ ਵਿਚ, ਭਾਰਤ ਵਿਚ ਇੰਟਰਵਿਊਆਂ ਵਿਚ 15-20 ਮਹੀਨੇ ਲੱਗ ਗਏ ਹਨ। ਬਹੁਤ ਸਾਰੇ ਭਾਰਤੀਆਂ ਨੇ ਦੇਰੀ ਤੋਂ ਬਚਣ ਲਈ ਥਾਈਲੈਂਡ, ਵੀਅਤਨਾਮ, ਸਿੰਗਾਪੁਰ, ਦੁਬਈ ਜਾਂ ਜਰਮਨੀ ਵਰਗੇ ਦੇਸ਼ਾਂ ਵਿਚ ਮੁਲਾਕਾਤਾਂ ਦੀ ਮੰਗ ਕੀਤੀ ਸੀ। ਮਹਾਂਮਾਰੀ ਤੋਂ ਬਾਅਦ, ਫਰੈਂਕਫਰਟ ਨੇ ਭਾਰਤੀ ਬਿਨੈਕਾਰਾਂ ਲਈ ਖਾਸ ਬੀ1/ਬੀ2 (ਕਾਰੋਬਾਰ ਅਤੇ ਸੈਲਾਨੀ) ਸਲਾਟ ਵੀ ਨਿਰਧਾਰਤ ਕੀਤੇ।

ਨਵੇਂ ਨਿਯਮ ਸਾਰੀਆਂ ਪ੍ਰਮੁੱਖ ਵੀਜ਼ਾ ਸ਼੍ਰੇਣੀਆਂ 'ਤੇ ਲਾਗੂ ਹੁੰਦੇ ਹਨ, ਜਿਨ੍ਹਾਂ ਵਿਚ ਬੀ1/ਬੀ2, ਐੱਫ1 (ਵਿਦਿਆਰਥੀ), ਐੱਚ-1ਬੀ ਅਤੇ E-1 (ਰੁਜ਼ਗਾਰ), ਅਤੇ ਜੇ (ਐਕਸਚੇਂਜ ਵਿਜ਼ਟਰ) ਸ਼ਾਮਲ ਹਨ। ਕਾਨੂੰਨੀ ਰਿਹਾਇਸ਼ੀ ਸਬੂਤ ਦੇ ਜੋਖਮ ਨੂੰ ਰੱਦ ਕੀਤੇ ਬਿਨਾਂ ਤੀਜੇ ਦੇਸ਼ ਵਿਚ ਅਰਜ਼ੀ ਦੇਣ ਦੀ ਕੋਸ਼ਿਸ਼ ਕਰਨ ਵਾਲੇ ਬਿਨੈਕਾਰ। ਵੀਜ਼ਾ ਫੀਸ, ਜੋ ਕਿ ਗੈਰ-ਵਾਪਸੀਯੋਗ ਅਤੇ ਗੈਰ-ਤਬਾਦਲਾਯੋਗ ਹੈ, ਇਸ ਜੋਖਮ ਨੂੰ ਹੋਰ ਵਧਾਉਂਦੀ ਹੈ।

ਇਹ ਤਬਦੀਲੀ ਇੰਟਰਵਿਊ ਛੋਟ ਪ੍ਰੋਗਰਾਮ 'ਤੇ ਪਾਬੰਦੀਆਂ ਦੇ ਨਾਲ ਵੀ ਮੇਲ ਖਾਂਦੀ ਹੈ, ਜਿਸ ਦੇ ਤਹਿਤ ਕੁਝ ਯੋਗ ਬਿਨੈਕਾਰਾਂ ਨੂੰ ਵਿਅਕਤੀਗਤ ਇੰਟਰਵਿਊਆਂ ਤੋਂ ਬਚਣ ਦੀ ਇਜਾਜ਼ਤ ਦਿੱਤੀ ਗਈ ਸੀ। ਇਹ ਸਾਰੇ ਉਪਾਅ ਅਮਰੀਕੀ ਵੀਜ਼ਾ ਪ੍ਰਕਿਰਿਆਵਾਂ ਨੂੰ ਸਖ਼ਤ ਕਰਨ ਅਤੇ ਰਿਹਾਇਸ਼-ਆਧਾਰਿਤ ਅਰਜ਼ੀਆਂ ਲਈ ਵਧੇਰੇ ਸਖ਼ਤ ਜ਼ਰੂਰਤਾਂ ਨੂੰ ਦਰਸਾਉਂਦੇ ਹਨ। ਇਸਦਾ ਭਾਰਤ ਵਿਚ ਸਭ ਤੋਂ ਵੱਡਾ ਪ੍ਰਭਾਵ ਪਵੇਗਾ, ਜਿੱਥੇ ਪਰਿਵਾਰ, ਕਾਰੋਬਾਰੀ ਯਾਤਰੀ ਅਤੇ ਵਿਦਿਆਰਥੀ ਅਕਸਰ ਮਹੱਤਵਪੂਰਨ ਸਮਾਂ-ਸੀਮਾਵਾਂ ਨੂੰ ਪੂਰਾ ਕਰਨ ਲਈ ਵਿਦੇਸ਼ੀ ਮੁਲਾਕਾਤਾਂ 'ਤੇ ਨਿਰਭਰ ਕਰਦੇ ਸਨ। ਪਰਿਵਾਰਕ ਸਮਾਗਮਾਂ ਵਿਚ ਸ਼ਾਮਲ ਹੋਣ ਵਾਲੇ ਸੈਲਾਨੀਆਂ, ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਸ਼ਾਮਲ ਹੋਣ ਵਾਲੇ ਪੇਸ਼ੇਵਰਾਂ ਅਤੇ ਅਕਾਦਮਿਕ ਸਮਾਂ-ਸੀਮਾਵਾਂ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਕੋਲ ਹੁਣ ਘੱਟ ਵਿਕਲਪ ਹੋਣਗੇ। ਬੈਂਕਾਕ, ਦੁਬਈ ਅਤੇ ਸਿੰਗਾਪੁਰ ਵਰਗੇ ਵਿਦੇਸ਼ੀ ਸਥਾਨ ਉਪਲਬਧ ਨਾ ਹੋਣ ਕਰਕੇ, ਬਹੁਤ ਸਾਰੇ ਭਾਰਤੀ ਬਿਨੈਕਾਰਾਂ ਨੂੰ ਹੁਣ ਆਪਣੀਆਂ ਯਾਤਰਾ ਯੋਜਨਾਵਾਂ ਵਿਚ ਦੇਰੀ ਜਾਂ ਰੱਦ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ। ਵਰਤਮਾਨ ਵਿਚ, ਭਾਰਤੀਆਂ ਨੂੰ ਭਾਰਤ ਵਿਚ ਚਾਰ ਅਮਰੀਕੀ ਕੌਂਸਲੇਟਾਂ - ਨਵੀਂ ਦਿੱਲੀ, ਮੁੰਬਈ, ਚੇਨਈ ਅਤੇ ਹੈਦਰਾਬਾਦ ਵਿਚ ਮੁਲਾਕਾਤਾਂ ਕਰਨੀਆਂ ਪੈਣਗੀਆਂ।

# ਫਰਾਂਸ 'ਚ ਵੀ ਸਰਕਾਰ ਵਿਰੁੱਧ ਪ੍ਰਦਰਸ਼ਨ ਹੋਏ ਸ਼ੁਰੂ



ਪੈਰਿਸ : ਨੇਪਾਲ ਤੋਂ ਬਾਅਦ ਫਰਾਂਸ ਵਿੱਚ ਵੀ ਸਰਕਾਰ ਵਿਰੁੱਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਬਜਟ 'ਚ ਕਟੌਤੀ ਖਿਲਾਫ਼ ਅਤੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ 1 ਲੱਖ ਤੋਂ ਜ਼ਿਆਦਾ ਲੋਕ ਬੁੱਧਵਾਰ ਨੂੰ ਸੜਕਾਂ 'ਤੇ ਉਤਰ ਆਏ।

ਪ੍ਰਦਰਸ਼ਨਕਾਰੀਆਂ ਦੀ ਕਈ ਥਾਵਾਂ 'ਤੇ ਸੁਰੱਖਿਆ ਬਲਾਂ ਨਾਲ ਝੜਪ ਹੋਈ ਹੈ ਅਤੇ ਪ੍ਰਦਰਸ਼ਨਕਾਰੀਆਂ ਵੱਲੋਂ ਕਈ ਥਾਵਾਂ 'ਤੇ ਭੰਨਤੋੜ ਅਤੇ ਅੱਗ ਵੀ ਲਗਾਈ ਗਈ। ਸਰਕਾਰ ਨੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ 80 ਹਜ਼ਾਰ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ ਅਤੇ ਹੁਣ ਤੱਕ 200 ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਹੈ। ਪੈਰਿਸ ਵਿੱਚ ਬੁੱਧਵਾਰ ਸਵੇਰੇ ਦਫ਼ਤਰੀ ਸਮੇਂ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਸ਼ਹਿਰ ਦੇ ਮੁੱਖ ਮਾਰਗਾਂ ਨੂੰ ਕਈ ਵਾਰ ਰੋਕਣ ਦੀ ਕੋਸ਼ਿਸ਼ ਕੀਤੀ। ਫਰਾਂਸੀਸੀ ਰਾਜਨੀਤੀ 'ਚ ਬਜਟ ਹਮੇਸ਼ਾ ਟਕਰਾਅ ਦਾ ਵੱਡਾ ਕਾਰਨ ਰਿਹਾ ਹੈ। ਹਰ ਸਾਲ ਬਜਟ ਰਾਹੀਂ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਸਰਕਾਰ ਕਿਹੜੇ ਖੇਤਰਾਂ ਵਿੱਚ ਖਰਚ ਵਧਾਏਗੀ ਅਤੇ ਕਿੱਥੇ ਕਟੌਤੀ ਕਰੇਗੀ। ਇਹ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਵਿਚਕਾਰ ਝਗੜੇ ਦੀ ਜੜ੍ਹ ਬਣ ਜਾਂਦੀ ਹੈ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service
WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2
Email:- best_bargain@hotmail.com
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
open 7 Days a Week.

# ਅਮਰੀਕੀ ਟੈਰਿਫਾਂ 'ਤੇ ਡੋਨਾਲਡ ਟਰੰਪ ਦਾ ਰੁਖ਼ ਨਰਮ

## PM ਮੋਦੀ ਨਾਲ ਗੱਲਬਾਤ ਕਰਨ ਲਈ ਸਹਿਮਤ



ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਰੁਖ਼ ਨਰਮ ਹੁੰਦਾ ਜਾਪ ਰਿਹਾ ਹੈ। ਆਪਣੀਆਂ ਟੈਰਿਫ ਨੀਤੀਆਂ ਕਾਰਨ ਆਪਣੇ ਹੀ ਦੇਸ਼ ਵਿੱਚ ਆਲੋਚਨਾ ਦਾ ਸਾਹਮਣਾ ਕਰ ਰਹੇ ਟਰੰਪ ਨੇ ਕਿਹਾ ਹੈ ਕਿ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕਰਨ ਲਈ ਉਤਸੁਕ ਹਨ। ਭਾਰਤ ਨਾਲ ਚੱਲ ਰਹੇ ਟੈਰਿਫ ਵਿਵਾਦ ਦੇ ਵਿਚਕਾਰ ਟਰੰਪ ਦਾ ਵੱਡਾ ਬਿਆਨ ਆਇਆ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਹੈ, "ਮੈਂ ਭਾਰਤ ਨਾਲ ਵਪਾਰਕ ਗੱਲਬਾਤ ਲਈ ਤਿਆਰ ਹਾਂ, ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕਰਨ ਲਈ ਉਤਸੁਕ ਹਾਂ।"

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਕਿਹਾ ਕਿ ਅਮਰੀਕਾ ਅਤੇ ਭਾਰਤ ਵਿਚਕਾਰ ਵਪਾਰ ਵਿੱਚ "ਰੁਕਾਵਟਾਂ" ਨੂੰ ਦੂਰ ਕਰਨ ਲਈ ਗੱਲਬਾਤ ਮੁੜ ਸ਼ੁਰੂ ਹੋਵੇਗੀ। ਆਪਣੇ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਇੱਕ ਪੋਸਟ ਵਿੱਚ, ਉਨ੍ਹਾਂ ਲਿਖਿਆ, "ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਰੁਕਾਵਟਾਂ 'ਤੇ ਚਰਚਾ ਚੱਲ ਰਹੀ ਹੈ। ਮੈਨੂੰ ਆਉਣ ਵਾਲੇ ਹਫ਼ਤਿਆਂ ਵਿੱਚ ਆਪਣੇ ਮਹਾਨ ਦੋਸਤ, ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕਰਨ ਦੀ ਉਮੀਦ ਹੈ। ਮੈਨੂੰ ਵਿਸ਼ਵਾਸ ਹੈ ਕਿ ਇਹ ਗੱਲਬਾਤ ਸਾਡੇ ਦੋਵਾਂ ਮਹਾਨ ਦੇਸ਼ਾਂ ਲਈ ਸਫਲਤਾਪੂਰਵਕ ਸਮਾਪਤ ਹੋਵੇਗੀ!" ਅਮਰੀਕਾ ਨੇ ਰੂਸੀ ਤੇਲ ਖਰੀਦਣ 'ਤੇ ਭਾਰਤ 'ਤੇ 50 ਪ੍ਰਤੀਸ਼ਤ ਟੈਰਿਫ ਲਗਾਇਆ ਸੀ। ਹੁਣ ਤੱਕ ਟਰੰਪ ਕਹਿ ਰਹੇ ਸਨ ਕਿ ਜੇਕਰ ਭਾਰਤ ਆਪਣੇ ਸਟੈਂਡ 'ਤੇ ਅਡੋਲ ਰਹਿੰਦਾ ਹੈ ਤਾਂ ਅਮਰੀਕਾ ਵੀ ਨਹੀਂ ਝੁਕੇਗਾ। ਪਰ ਪ੍ਰਧਾਨ ਮੰਤਰੀ ਮੋਦੀ ਨੇ ਵਪਾਰ ਨਾਲ ਸਬੰਧਿਤ ਟਰੰਪ ਅਤੇ ਅਮਰੀਕਾ ਦੀਆਂ ਸਾਰੀਆਂ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਟਰੰਪ ਚਾਹੁੰਦੇ ਸਨ ਕਿ ਭਾਰਤ ਅਮਰੀਕਾ ਲਈ ਆਪਣਾ ਖੇਤੀਬਾੜੀ ਬਾਜ਼ਾਰ ਖੋਲ੍ਹੇ, ਪਰ ਭਾਰਤ ਨੇ ਆਪਣੇ ਕਿਸਾਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਟਰੰਪ ਗੁੱਸੇ ਵਿੱਚ ਆ ਗਏ। ਪਰ ਹੁਣ ਟਰੰਪ ਸਮਝ ਗਏ ਹਨ ਕਿ ਇਹ 21ਵੀਂ ਸਦੀ ਦਾ ਭਾਰਤ ਹੈ ਅਤੇ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲਾ ਭਾਰਤ ਹੈ। ਇਸ ਲਈ, ਉਨ੍ਹਾਂ ਨੇ ਹੁਣ ਖੁਦ ਪ੍ਰਧਾਨ ਮੰਤਰੀ ਮੋਦੀ ਨਾਲ ਗੱਲ ਕਰਨ ਅਤੇ ਭਾਰਤ-ਅਮਰੀਕਾ ਸਬੰਧਾਂ ਵਿੱਚ ਵਪਾਰ ਕਾਰਨ ਪੈਦਾ ਹੋਏ ਤਣਾਅ ਨੂੰ ਹੱਲ ਕਰਨ ਦੀ ਪੇਸ਼ਕਸ਼ ਕੀਤੀ ਹੈ।

# ਮੈਕਸੀਕੋ: ਯਾਤਰੀਆਂ ਨਾਲ ਭਰੀ ਡਬਲ-ਡੈਕਰ ਬੱਸ ਨਾਲ ਟਰੇਨ ਦੀ ਟੱਕਰ, 10 ਦੀ ਮੌਤ, 41 ਜ਼ਖ਼ਮੀ



ਮੈਕਸੀਕੋ ਸਿਟੀ ਦੇ ਉੱਤਰ-ਪੱਛਮ ਵਿੱਚ ਸੋਮਵਾਰ ਸਵੇਰੇ ਇੱਕ ਵੱਡਾ ਹਾਦਸਾ ਵਾਪਰਿਆ ਹੈ। ਇੱਕ ਮਾਲ ਗੱਡੀ ਇੱਕ ਕਰਾਸਿੰਗ 'ਤੇ ਇੱਕ ਡਬਲ-ਡੈਕਰ ਬੱਸ ਨੂੰ ਟੱਕਰ ਮਾਰ ਗਈ। ਇਸ ਭਿਆਨਕ ਹਾਦਸੇ ਵਿੱਚ ਘੱਟੋ-ਘੱਟ 10 ਲੋਕਾਂ ਦੀ ਮੌਤ ਅਤੇ 40 ਤੋਂ ਵੱਧ ਜ਼ਖਮੀ ਹੋ ਗਏ ਹਨ। ਇਹ ਟੱਕਰ ਮੈਕਸੀਕੋ ਸਿਟੀ ਤੋਂ ਲਗਭਗ 80 ਮੀਲ (130 ਕਿਲੋਮੀਟਰ) ਦੂਰ ਐਟਲਾਕੋਮੁਲਕੋ ਸ਼ਹਿਰ ਦੇ ਇੱਕ ਉਦਯੋਗਿਕ ਖੇਤਰ ਵਿੱਚ ਹੋਈ। ਇੱਥੇ ਗੋਦਾਮ ਅਤੇ ਫੈਕਟਰੀਆਂ ਹਨ।

ਮੈਕਸੀਕੋ ਦੀ ਸਿਵਲ ਪ੍ਰੋਟੈਕਸ਼ਨ ਏਜੰਸੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕਿਹਾ ਕਿ ਅਧਿਕਾਰੀ ਅਜੇ ਵੀ ਘਟਨਾ ਸਥਾਨ 'ਤੇ ਬਚਾਅ ਕਾਰਜ ਚਲਾ ਰਹੇ ਹਨ। ਇਸ ਦੌਰਾਨ, ਰਾਜ ਦੇ ਵਕੀਲ ਦੇ ਦਫ਼ਤਰ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਬੱਸ 'ਹੇਰਾਦੁਰਾ ਡੀ ਪਲਾਟਾ' ਨਾਮਕ ਬੱਸ ਲਾਈਨ ਦੀ ਸੀ ਅਤੇ ਟੱਕਰ ਤੋਂ ਬਾਅਦ ਪੂਰੀ ਤਰ੍ਹਾਂ ਨੁਕਸਾਨੀ ਗਈ ਹੈ। ਏਜੰਸੀ ਨੇ ਪੁਸ਼ਟੀ ਕੀਤੀ ਕਿ ਹਾਦਸੇ ਵਿੱਚ 10 ਲੋਕਾਂ ਦੀ ਮੌਤ ਹੋ ਗਈ ਅਤੇ 41 ਜ਼ਖਮੀ ਹੋ ਗਏ ਹਨ। ਰਿਪੋਰਟਾਂ ਅਨੁਸਾਰ, ਜ਼ਖਮੀਆਂ ਨੂੰ ਰਾਜ ਦੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ। ਅਧਿਕਾਰੀਆਂ ਨੇ ਤੁਰੰਤ ਇਹ ਨਹੀਂ ਦੱਸਿਆ ਕਿ ਹਾਦਸਾ ਕਿਵੇਂ ਹੋਇਆ ਹੈ। ਪਿਛਲੇ ਸਾਲ 800 ਅਜਿਹੇ ਹਾਦਸੇ ਹੋਏ, ਜਦੋਂ ਕਿ 2020 ਵਿੱਚ ਇਹ ਗਿਣਤੀ 602 ਸੀ। ਹਾਲਾਂਕਿ, ਰਿਪੋਰਟ ਵਿੱਚ ਇਨ੍ਹਾਂ ਹਾਦਸਿਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ।

# ਲੁਧਿਆਣਾ 'ਚ ਔਰਤ ਦੀ ਹਿੰਮਤ: ਲੁਟੇਰਿਆਂ ਤੋਂ ਬਚਣ ਲਈ ਚੱਲਦੇ ਆਟੋ 'ਚੋਂ ਬਾਹਰ ਲਟਕੀ

## ਫਿਰ ਲੋਕਾਂ ਨੇ ਵੀ ਦਿਖਾਈ ਬਹਾਦਰੀ



ਲੁਧਿਆਣਾ: ਪੰਜਾਬ ਵਿੱਚ ਲੁਟਖੋਹ ਦੀਆਂ ਵਾਰਦਾਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਅਜਿਹਾ ਹੀ ਇੱਕ ਮਾਮਲਾ ਲੁਧਿਆਣਾ ਤੋਂ ਸਾਹਮਣੇ ਆਇਆ ਹੈ, ਜਿੱਥੇ ਲੁਟੇਰਿਆਂ ਨੇ ਚੱਲਦੇ ਆਟੋ ਵਿੱਚ ਇੱਕ ਔਰਤ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਹਿੰਮਤ ਅਤੇ ਬਹਾਦਰੀ ਨੇ ਲੁਟੇਰਿਆਂ ਨੂੰ ਮੂੰਹ ਦੀ ਖਾਣੀ ਪਈ।

ਜਾਣਕਾਰੀ ਅਨੁਸਾਰ, ਲੁਧਿਆਣਾ ਦੇ ਲਾਡੋਵਾਲ ਹਾਈਵੇਅ 'ਤੇ ਇੱਕ ਔਰਤ ਆਟੋ-ਰਿਕਸ਼ਾ ਵਿੱਚ ਸਫਰ ਕਰ ਰਹੀ ਸੀ, ਜਦੋਂ ਤਿੰਨ ਬਦਮਾਸ਼ਾਂ ਨੇ ਉਸ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ। ਹਮਲਾਵਰਾਂ ਨੇ ਉਸ ਦੇ ਹੱਥ ਸਕਾਰਫ਼ ਨਾਲ ਬੰਨ੍ਹ ਦਿੱਤੇ ਅਤੇ ਤੇਜ਼ਧਾਰ ਹਥਿਆਰਾਂ ਨਾਲ ਧਮਕੀਆਂ ਦਿੱਤੀਆਂ। ਪਰ ਔਰਤ ਨੇ ਬਹਾਦਰੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ। ਹੈਰਾਨੀਜਨਕ ਤੌਰ 'ਤੇ, ਉਹ ਲਗਭਗ ਅੱਧੇ ਕਿਲੋਮੀਟਰ ਤੱਕ ਚੱਲਦੇ ਆਟੋ ਦੇ ਬਾਹਰ ਲਟਕਦੀ ਰਹੀ ਤਾਂ ਜੋ ਆਪਣੇ ਆਪ ਨੂੰ ਬਚਾ ਸਕੇ। ਇਸ ਘਟਨਾ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ।

ਇਸ ਦੌਰਾਨ, ਔਰਤ ਵਾਰ-ਵਾਰ ਆਟੋ ਤੋਂ ਡਿੱਗਣ ਤੋਂ ਬਚਦੀ ਰਹੀ। ਹੋਰ ਵਾਹਨ ਚਾਲਕਾਂ ਨੇ ਉਸ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਆਟੋ ਚਾਲਕ ਨੇ ਤੇਜ਼ ਰਫਤਾਰ ਜਾਰੀ ਰੱਖੀ। ਥੋੜ੍ਹੀ ਦੂਰੀ ਤੋਂ ਬਾਅਦ ਆਟੋ ਕੰਟਰੋਲ ਗੁਆ ਬੈਠਾ ਅਤੇ ਪਲਟ ਗਿਆ। ਇਸ ਦੌਰਾਨ, ਦੋ ਬਦਮਾਸ਼ਾਂ ਨੂੰ ਕਾਬੂ ਕਰ ਲਿਆ ਗਿਆ, ਜਦਕਿ ਇੱਕ ਭੱਜਣ ਵਿੱਚ ਸਫਲ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਔਰਤ ਨੇ ਲਾਡੋਵਾਲ ਹਾਈਵੇਅ 'ਤੇ ਆਟੋ ਲਿਆ ਸੀ, ਜਿਸ ਵਿੱਚ ਪਹਿਲਾਂ ਤੋਂ ਹੀ ਤਿੰਨ ਬਦਮਾਸ਼ ਬੈਠੇ ਸਨ। ਇਨ੍ਹਾਂ ਨੇ ਔਰਤ ਦੇ ਹੱਥ ਚੁੰਨੀ ਨਾਲ ਬੰਨ੍ਹ ਕੇ ਅਤੇ ਤੇਜ਼ ਹਥਿਆਰਾਂ ਨਾਲ ਡਰਾਉਣ ਦੀ ਕੋਸ਼ਿਸ਼ ਕੀਤੀ। ਔਰਤ ਦੇ ਨਾਲ ਉਸ ਦੇ ਬੱਚੇ ਵੀ ਸਨ, ਅਤੇ ਉਸ ਨੇ ਲਗਭਗ ਇੱਕ ਕਿਲੋਮੀਟਰ ਤੱਕ ਆਟੋ ਦੇ ਬਾਹਰ ਲਟਕ ਕੇ ਆਪਣੀ ਅਤੇ ਬੱਚਿਆਂ ਦੀ ਜਾਨ ਬਚਾਈ।

# 'ਆਪ' ਵਿਧਾਇਕ ਪਠਾਣਮਾਜਰਾ ਦੇ ਪੁੱਤਰ ਅਤੇ ਪੀਏ ਸਮੇਤ 16 ਲੋਕਾਂ ਵਿਰੁੱਧ ਗ੍ਰਿਫ਼ਤਾਰੀ ਵਾਰੰਟ

## ਪਤਨੀ ਨੇ ਹਾਈ ਕੋਰਟ ਵਿੱਚ ਸੁਰੱਖਿਆ ਪਟੀਸ਼ਨ ਕੀਤੀ ਦਾਇਰ



ਚੰਡੀਗੜ੍ਹ: ਜਬਰ ਜਨਾਹ ਦੇ ਮਾਮਲੇ ਵਿੱਚ ਫਸੇ ਸਨੌਰ ਦੇ ਆਪ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੇ ਪੁੱਤਰ ਅਤੇ ਪੀਏ ਸਮੇਤ 16 ਲੋਕਾਂ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ। ਇਨ੍ਹਾਂ ਸਾਰਿਆਂ ਵਿਰੁੱਧ ਪਟਿਆਲਾ ਦੇ ਸਿਵਲ ਲਾਈਨਜ਼ ਥਾਣੇ ਵਿੱਚ ਫਰਾਰ ਵਿਧਾਇਕ ਨੂੰ ਭੱਜਣ ਵਿੱਚ ਮਦਦ ਕਰਨ, ਉਸਨੂੰ ਪਨਾਹ ਦੇਣ ਅਤੇ ਕਾਨੂੰਨ ਵਿਵਸਥਾ ਨੂੰ ਭੰਗ ਕਰਨ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ।

ਮੁਲਜ਼ਮਾਂ ਵਿੱਚ ਵਿਧਾਇਕ ਦਾ ਪੁੱਤਰ ਹਰਜਸ਼ਨ ਸਿੰਘ ਉਰਫ਼ ਜਸ਼ਨ, ਪੀਏ ਗੁਰਪ੍ਰੀਤ ਸਿੰਘ ਗੁਰੀ, 'ਆਪ' ਦੇ ਜ਼ਿਲ੍ਹਾ ਯੂਥ ਪ੍ਰਧਾਨ ਅਮਰ ਸਿੰਘ ਸੰਘੇੜਾ, ਅਮਨਦੀਪ ਢੋਟ, ਸਾਜਨ, ਧਰਮਿੰਦਰ ਬਿੱਟੂ ਆਦਿ ਸ਼ਾਮਿਲ ਹਨ। ਪਠਾਣਮਾਜਰਾ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ। ਉਸਦੀ ਅਗਾਊਂ ਜ਼ਮਾਨਤ ਪਟੀਸ਼ਨ 'ਤੇ ਬੁੱਧਵਾਰ ਨੂੰ ਪਟਿਆਲਾ ਅਦਾਲਤ ਵਿੱਚ ਸੁਣਵਾਈ ਹੋਵੇਗੀ। ਪੁਲਿਸ ਟੀਮਾਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਹੋਰ ਰਾਜਾਂ ਵਿੱਚ ਪਠਾਣਮਾਜਰਾ ਦੀ ਭਾਲ ਕਰ ਰਹੀਆਂ ਹਨ।

ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਪਤਨੀ ਸਿਮਰਨਜੀਤ ਕੌਰ ਨੇ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰਕੇ ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਹਾਈ ਕੋਰਟ ਨੇ ਪਟੀਸ਼ਨ 'ਤੇ ਪੰਜਾਬ ਸਰਕਾਰ ਸਮੇਤ ਹੋਰ ਪ੍ਰਤੀਵਾਦੀਆਂ ਨੂੰ ਨੋਟਿਸ ਜਾਰੀ ਕੀਤਾ ਹੈ ਅਤੇ ਉਨ੍ਹਾਂ ਨੂੰ ਜਵਾਬ ਦਾਇਰ ਕਰਨ ਦਾ ਹੁਕਮ ਦਿੱਤਾ ਹੈ।

ਪਟੀਸ਼ਨ ਦੇ ਅਨੁਸਾਰ, ਵਿਧਾਇਕ ਨੇ ਸਿੰਚਾਈ ਵਿਭਾਗ ਦੇ ਅਧਿਕਾਰੀਆਂ 'ਤੇ ਦਰਿਆਵਾਂ ਵਿੱਚ ਪਾਣੀ ਛੱਡਣ ਅਤੇ ਗਾਦ ਕੱਢਣ ਦੀ ਇਜਾਜ਼ਤ ਦੇ ਮਾਮਲੇ ਵਿੱਚ ਸਰਕਾਰ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਇਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੇ ਹਲਕੇ ਦੇ 11 ਪਿੰਡ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ ਪਰ ਸਰਕਾਰ ਨੇ ਘੱਗਰ ਨਦੀ ਦੇ ਕਿਨਾਰਿਆਂ ਨੂੰ ਮਜ਼ਬੂਤ ਕਰਨ ਲਈ ਮਿੱਟੀ ਦੀ ਵਰਤੋਂ ਦੀ ਇਜਾਜ਼ਤ ਵੀ ਨਹੀਂ ਦਿੱਤੀ। ਪਟੀਸ਼ਨਕਰਤਾ ਨੇ ਕਿਹਾ ਹੈ ਕਿ ਵਿਧਾਇਕ ਦੇ ਬਿਆਨ ਦੇ ਵਾਇਰਲ ਹੋਣ ਤੋਂ ਬਾਅਦ, ਸਰਕਾਰ ਨੇ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਵਾਪਿਸ ਲੈ ਲਈ ਗਈ। ਇਸ ਤੋਂ ਇਲਾਵਾ, ਇਲਾਕੇ ਦੇ ਸਾਰੇ ਥਾਣਾ ਇੰਚਾਰਜਾਂ ਦਾ ਤਬਾਦਲਾ ਕਰ ਦਿੱਤਾ ਗਿਆ। ਇਸ ਦੌਰਾਨ, ਵਿਧਾਇਕ ਵਿਰੁੱਧ ਐਫਆਈਆਰ ਦਰਜ ਕੀਤੀ ਗਈ। ਇਹ ਪੂਰਾ ਮਾਮਲਾ ਰਾਜਨੀਤਿਕ ਬਦਲਾਖੋਰੀ ਨਾਲ ਸਬੰਧਤ ਹੈ।


# ਪੰਜਾਬ 'ਚ ਹੜ੍ਹ ਦੇ ਪਾਣੀ ਦਾ ਪੱਧਰ ਘਟਣ ਲੱਗਾ



ਚੰਡੀਗੜ੍ਹ : ਮੱਖੂ, ਹਰੀਕੇ ਹੈੱਡ ਵਰਕਸ ਦੇ ਰੈਗੂਲੇਸ਼ਨ ਵਿਭਾਗ ਦਫ਼ਤਰ ਤੋਂ ਮਿਲੀ ਜਾਣਕਾਰੀ ਅਨੁਸਾਰ ਸਵੇਰੇ 8.00 ਵਜੇ ਹਰੀਕੇ ਹੈੱਡ ਵਰਕਸ ਅੱਪ ਸਟਰੀਮ ਵਿਚ ਪਾਣੀ ਦਾ ਪੱਧਰ ਘੱਟ ਕੇ 204109 ਕਿਊਸਿਕ ਹੋ ਗਿਆ। ਹੈੱਡ ਵਰਕਸ ਤੋਂ ਡਾਊਨ ਸਟਰੀਮ ਨੂੰ 187138 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਸੁਲਤਾਨਪੁਰ ਲੋਧੀ ਦੇ ਬਾਊਪੁਰ ਮੰਡ ਇਲਾਕੇ ਵਿਚ ਹੜ੍ਹ ਦਾ ਪਾਣੀ ਘੱਟ ਗਿਆ ਹੈ। ਹਾਲਾਂਕਿ ਹੜ੍ਹਾਂ ਨਾਲ ਝੋਨੇ ਦੀ ਫਸਲ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ। ਬਿਆਸ ਦਰਿਆ ਵਿਚ ਪਾਣੀ 70 ਹਜ਼ਾਰ ਕਿਊਸਿਕ ਦੇ ਕਰੀਬ ਹੀ ਰਹਿ ਗਿਆ ਹੈ। ਪਰ ਕੁੱਝ ਥਾਵਾਂ 'ਤੇ ਹਾਲੇ ਵੀ ਪਾਣੀ ਦਾ ਪੱਧਰ ਕਾਫੀ ਉੱਚਾ ਹੈ। ਪੰਜਾਬ ਦੇ ਕੁੱਝ ਹੋਰ ਇਲਾਕਿਆਂ ਵਿਚ ਹਾਲੇ ਵੀ ਹੜ੍ਹ ਦਾ ਪ੍ਰਕੋਪ ਬਣਿਆ ਹੋਇਆ ਹੈ, ਜਿੱਥੇ ਲੋਕ ਇਕ ਦੂਜੇ ਦੀ ਮਦਦ ਕਰ ਰਹੇ ਹਨ, ਉਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪੰਜਾਬ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਦੇਣ ਦਾ ਐਲਾਨ ਕੀਤਾ, ਜਿਸ ਦੇ ਲਈ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਸਮੇਤ ਹੋਰਨਾਂ ਆਗੂਆਂ ਨੇ ਵੀ ਇਸ ਨੂੰ ਨਾਕਾਫੀ ਦੱਸਿਆ। ਇਸ ਦੌਰਾਨ ਜਿੱਥੇ ਪਾਣੀ ਦਾ ਪੱਧਰ ਘਟਿਆ ਹੈ, ਉਥੇ ਹੁਣ ਬਿਮਾਰੀਆਂ ਫੈਲਣ ਦਾ ਡਰ ਵੱਧ ਗਿਆ ਹੈ। ਲੋਕ ਹਾਲੇ ਵੀ ਖੁੱਲ੍ਹੇ ਮੈਦਾਨ ਹੇਠ ਰਹਿਣ ਲਈ ਮਜਬੂਰ ਹਨ। ਬਹੁਤ ਸਾਰੇ ਡੰਗਰ ਜਾਂ ਤਾਂ ਪਾਣੀ ਵਿਚ ਮਾਰੇ ਜਾ ਚੁੱਕੇ ਹਨ, ਜਾਂ ਰੁੜ ਕੇ ਪਾਕਿਸਤਾਨੀ ਹਦੂਦ ਅੰਦਰ ਚਲੇ ਗਏ ਹਨ। ਪਾਕਿਸਤਾਨ ਦੇ ਅਧਿਕਾਰੀਆਂ ਵੱਲੋਂ ਕੁੱਝ ਪਸ਼ੂਆਂ ਨੂੰ ਕਿਸ਼ਤੀ ਰਾਹੀਂ ਵਾਪਸ ਪੰਜਾਬ ਭੇਜਿਆ ਗਿਆ ਹੈ, ਤਾਂ ਕਿ ਉਹ ਪਸ਼ੂ ਉਨ੍ਹਾਂ ਦੇ ਮਾਲਕਾਂ ਤੱਕ ਪਹੁੰਚ ਸਕਣ। ਬਹੁਤ ਸਾਰੀਆਂ ਜਥੇਬੰਦੀਆਂ ਇਸ ਵੇਲੇ ਬਚਾਅ ਪੱਖ ਵਿਚ ਲੱਗੀਆਂ ਹੋਈਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਹੜ੍ਹ ਪੀੜਤ ਇਲਾਕੇ ਵਿਚ ਮਦਦ ਪਹੁੰਚਾਈ ਗਈ ਹੈ।

# ਸ਼ਾਹਰੁਖ਼ ਖਾਨ ਨੇ ਵਧਾਇਆ ਮਦਦ ਦਾ ਹੱਥ

## ਹੜ੍ਹ ਪੀੜ੍ਹਤ 500 ਪਰਿਵਾਰਾਂ ਨੂੰ ਦੇਣਗੇ ਘਰੇਲੂ ਸਮਾਨ



ਵਾਇਸ ਆਫ਼ ਅੰਮ੍ਰਿਤਸਰ (VOA) ਨੇ ਪੰਜਾਬ ਵਿੱਚ ਹਾਲ ਹੀ ਵਿੱਚ ਆਏ ਭਿਆਨਕ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਇੱਕ ਵਾਰ ਫਿਰ ਮਦਦ ਦਾ ਹੱਥ ਵਧਾਇਆ ਹੈ। ਇਸ ਵਾਰ ਸ਼ਾਹਰੁਖ ਖਾਨ ਵੱਲੋਂ ਸਥਾਪਿਤ ਮੀਰਾ ਫਾਊਂਡੇਸ਼ਨ ਨੇ ਵੀ ਹੜ੍ਹ ਪੀੜਤਾਂ ਦੀ ਮਦਦ ਲਈ VOA ਨਾਲ ਹੱਥ ਮਿਲਾਇਆ ਹੈ।

ਦੇਸ਼ ਭਰ ਵਿੱਚ ਐਸਿਡ ਅਟੈਕਸ ਦੇ ਪੀੜਤਾਂ ਦੀ ਮਦਦ ਕਰਨ ਲਈ ਜਾਣੀ ਜਾਂਦੀ ਮੀਰਾ ਫਾਊਂਡੇਸ਼ਨ ਹੁਣ ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਜ਼ਰੂਰੀ ਸਹਾਇਤਾ ਪ੍ਰਦਾਨ ਕਰੇਗੀ। VOA ਵੱਲੋਂ ਤਿਆਰ ਕੀਤੇ ਗਏ ਪ੍ਰਾਜੈਕਟ ਦੇ ਤਹਿਤ ਲਗਭਗ 500 ਪ੍ਰਭਾਵਿਤ ਪਰਿਵਾਰਾਂ ਨੂੰ ਬਿਸਤਰੇ, ਗੱਦੇ, ਗੈਸ ਚੁੱਲ੍ਹੇ, ਪੱਖੇ, ਪਾਣੀ ਸ਼ੁੱਧ ਕਰਨ ਵਾਲੇ, ਕੱਪੜੇ ਅਤੇ ਹੋਰ ਜ਼ਰੂਰੀ ਘਰੇਲੂ ਸਮਾਨ ਵੰਡਿਆ ਜਾਵੇਗਾ।

ਇਹ ਪਰਿਵਾਰ ਮੁੱਖ ਤੌਰ 'ਤੇ ਰਾਵੀ ਦਰਿਆ ਦੇ ਕੰਢੇ ਸਥਿਤ ਪਿੰਡਾਂ ਵਿੱਚ ਰਹਿੰਦੇ ਹਨ ਅਤੇ ਹੜ੍ਹਾਂ ਕਾਰਨ ਉਨ੍ਹਾਂ ਦੇ ਘਰ, ਸਾਮਾਨ ਅਤੇ ਰੁਜ਼ਗਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਸੰਗਠਨ ਦਾ ਉਦੇਸ਼ ਇਨ੍ਹਾਂ ਪਰਿਵਾਰਾਂ ਨੂੰ ਦੁਬਾਰਾ ਆਤਮਨਿਰਭਰ ਬਣਾਉਣ ਵਿੱਚ ਮਦਦ ਕਰਨਾ ਅਤੇ ਉਨ੍ਹਾਂ ਨੂੰ ਰਹਿਣ ਲਈ ਜ਼ਰੂਰੀ ਸਾਧਨ ਪ੍ਰਦਾਨ ਕਰਨਾ ਹੈ।

ਇਸ ਤੋਂ ਪਹਿਲਾਂ, ਵਾਇਸ ਆਫ਼ ਅੰਮ੍ਰਿਤਸਰ ਨੇ ਏਮਜ਼, ਨਵੀਂ ਦਿੱਲੀ ਦੇ ਡਾਕਟਰਾਂ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੈਡੀਕਲ ਕੈਂਪ ਲਗਾਏ ਸਨ। ਗੁਰਦੁਆਰਾ ਬਾਬਾ ਬੁੱਢਾ ਸਾਹਿਬ, ਰਾਮਦਾਸ, ਪਿੰਡ ਮਾਛੀਵਾੜਾ ਅਤੇ ਪਿੰਡ ਘਨੋਵਾਲਾ ਵਿਖੇ ਲਗਾਏ ਗਏ ਇਨ੍ਹਾਂ ਕੈਂਪਾਂ ਵਿੱਚ, ਡਾਕਟਰਾਂ ਦੀ ਟੀਮ ਨੇ ਮੁਫ਼ਤ ਸਿਹਤ ਜਾਂਚ, ਦਵਾਈਆਂ ਅਤੇ ਸਲਾਹ-ਮਸ਼ਵਰਾ ਪ੍ਰਦਾਨ ਕੀਤਾ। ਹਜ਼ਾਰਾਂ ਲੋਕ ਇਨ੍ਹਾਂ ਕੈਂਪਾਂ ਦਾ ਲਾਭ ਉਠਾ ਸਕਦੇ ਸਨ ਅਤੇ ਸਮੇਂ ਸਿਰ ਇਲਾਜ ਕਰਵਾ ਸਕਦੇ ਸਨ।

ਮਸ਼ਹੂਰ ਬਾਲੀਵੁੱਡ ਕਾਮੇਡੀਅਨ ਕਪਿਲ ਸ਼ਰਮਾ ਅਤੇ ਪੰਜਾਬੀ ਗਾਇਕ ਜਸਬੀਰ ਜੱਸੀ ਨੇ ਵੀ ਇਸ ਸੇਵਾ ਕਾਰਜ ਦਾ ਸਮਰਥਨ ਕੀਤਾ। ਦੋਵਾਂ ਨੇ ਆਪਣੇ ਸਹਿਯੋਗ ਨਾਲ ਡਾਕਟਰਾਂ ਅਤੇ ਵਲੰਟੀਅਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਰਾਹਤ ਕਾਰਜਾਂ ਵਿੱਚ ਸਰਗਰਮ ਹਿੱਸਾ ਲਿਆ।

Voice of Amritsar ਨੇ ਐਲਾਨ ਕੀਤਾ ਹੈ ਕਿ ਉਹ "ਵਿਦਿਆ ਦਾ ਲੰਗਰ" ਚਲਾ ਕੇ ਹੜ੍ਹ ਪ੍ਰਭਾਵਿਤ ਬੱਚਿਆਂ ਦੀ ਸਿੱਖਿਆ ਵਿੱਚ ਮਦਦ ਕਰੇਗਾ। ਇਸ ਪਹਿਲਕਦਮੀ ਤਹਿਤ ਬੱਚਿਆਂ ਨੂੰ ਮੁਫ਼ਤ ਕਿਤਾਬਾਂ, ਕਾਪੀਆਂ, ਸਟੇਸ਼ਨਰੀ ਅਤੇ ਹੋਰ ਵਿੱਦਿਅਕ ਸਮੱਗਰੀ ਪ੍ਰਦਾਨ ਕੀਤੀ ਜਾਵੇਗੀ, । ਜਿਨ੍ਹਾਂ ਬੱਚਿਆਂ ਨੂੰ ਮਦਦ ਦੀ ਲੋੜ ਹੈ ਉਹ ਸੰਸਥਾ ਨਾਲ ਸੰਪਰਕ ਕਰ ਸਕਦੇ ਹਨ।

# ਕਪੂਰਥਲਾ ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਲਿਖੀ ਚਿੱਠੀ



ਕਪੂਰਥਲਾ ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਵਿੱਚ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਬਾਰੇ ਚਿੱਠੀ ਲਿਖੀ ਹੈ । ਜਿਸ ਵਿੱਚ ਵਿਧਾਇਕ ਰਾਣਾ ਨੇ ਕਿਸਾਨਾਂ ਲਈ ਵਾਜਿਬ ਮੁਆਵਜ਼ੇ ਦੀ ਮੰਗ ਦੇ ਨਾਲ-ਨਾਲ ਢਾਂਚਾਗਤ ਸੁਧਾਰ ਲਿਆਉਣ ਦੀ ਲੋੜ 'ਤੇ ਵੀ ਚਾਨਣਾ ਪਾਇਆ ਹੈ । ਵਿਧਾਇਕ ਰਾਣਾ ਨੂੰ ਉਮੀਦ ਹੈ ਕਿ ਕੇਂਦਰ ਸਰਕਾਰ ਪ੍ਰਭਾਵਿਤ ਪਰਿਵਾਰਾਂ ਦੇ ਪੁਨਰਵਾਸ, ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਜ਼ਰੂਰਤਾਂ, ਬੰਨ੍ਹਾਂ ਦੀ ਮਜ਼ਬੂਤੀ ਅਤੇ ਭਵਿੱਖ ਵਿੱਚ ਹੜ੍ਹਾਂ ਨਾਲ ਚੰਗੀ ਤਰ੍ਹਾਂ ਨਜਿੱਠਣ ਲਈ ਇੱਕ ਚੰਗੀ ਨੀਤੀ ਬਣਾਉਣ ਵੱਲ ਧਿਆਨ ਦੇਵੇਗੀ। ਆਪਣੇ ਇਸ ਪੱਤਰ ਰਾਹੀਂ ਵਿਧਾਇਕ ਰਣਾ ਨੇ ਸਤਲੁਜ, ਬਿਆਸ ਅਤੇ ਰਾਵੀ ਦੇ ਕੰਢੇ ਰਹਿਣ ਵਾਲੇ ਪਰਿਵਾਰਾ ਦੇ ਪੁਨਰ ਵਾਸ ਦੀ ਗੱਲ ਕੀਤੀ ਹੈ। ਕਿਉ ਕਿ ਹੜ੍ਹਾਂ ਨਾਲ ਵਾਰ-ਵਾਰ ਪ੍ਰਭਾਵਿਤ ਹੋਣ ਵਾਲੀਆਂ ਨਦੀਆਂ ਨੂੰ ਸੁਰੱਖਿਅਤ ਖੇਤਰਾਂ ਵਿੱਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ ਅਤੇ ਪ੍ਰਤੀ ਏਕੜ 50 ਲੱਖ ਰੁਪਏ ਦੀ ਦਰ ਨਾਲ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਖੇਤ ਮਜ਼ਦੂਰਾਂ ਲਈ ਸਹਾਇਤਾ: ਜਿਨ੍ਹਾਂ ਖੇਤੀਬਾੜੀ ਮਜ਼ਦੂਰਾਂ ਨੇ ਆਪਣਾ ਰੁਜ਼ਗਾਰ ਅਤੇ ਆਸਰਾ ਗੁਆ ਦਿੱਤਾ ਹੈ, ਉਨ੍ਹਾਂ ਨੂੰ ਆਪਣੇ ਆਪ ਨੂੰ ਗੁਜ਼ਾਰਾ ਕਰਨ ਲਈ ਢੁਕਵਾਂ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

ਪੱਤਰ ਰਾਹੀਂ ਵਿਧਾਇਕ ਰਾਣਾ ਨੇ ਬੰਨ੍ਹਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਪ੍ਰਬੰਧ ਪੁਖਤਾ ਕੀਤੇ ਜਾਣ ਦੀ ਮੰਗ ਰੱਖੀ ਹੈ। ਕਿਉ ਕਿ ਕਮਜ਼ੋਰ ਹਿੱਸਿਆਂ 'ਤੇ ਬੰਨ੍ਹਾਂ ਦੀ ਉਸਾਰੀ ਵਾਰ-ਵਾਰ ਹੋਣ ਵਾਲੀਆਂ ਪਾੜਾਂ ਨੂੰ ਰੋਕੋ ਅਤੇ ਪਿੰਡਾਂ ਦੀ ਰੱਖਿਆ ਕਰਨੀ ਅਤਿਅੰਤ ਜਰੂਰੀ ਹੈ। ਰਾਣਾ ਨੇ ਲੰਬੇ ਸਮੇਂ ਦੀ ਰਾਹਤ ਰਣਨੀਤੀ: 2019, 2023 ਵਿੱਚ ਵੱਡੇ ਹੜ੍ਹ ਆਉਣ ਦੇ ਨਾਲਅਤੇ ਹੁਣ 2025, ਇਹ ਸਪੱਸ਼ਟ ਹੈ ਕਿ ਹੜ੍ਹ ਹੁਣ ਇੱਕ ਅਲੱਗ-ਥਲੱਗ ਘਟਨਾ ਨਹੀਂ ਰਹੀ। ਇੱਕ ਵਿਆਪਕ ਲੰਬੇ ਸਮੇਂ ਦੀ ਹੜ੍ਹ ਪ੍ਰਬੰਧਨ ਯੋਜਨਾ ਜ਼ਰੂਰੀ ਹੈ। ਨਾਲ ਹੀ ਤੁਰੰਤ ਰਾਹਤ ਤੋਂ ਇਲਾਵਾ, ਮੁਸੀਬਤਾਂ ਨੂੰ ਸਥਿਰਤਾ ਵਿੱਚ ਬਦਲਣ ਦਾ ਮੌਕਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇੰਜੀਨੀਅਰਾਂ ਅਤੇ ਹਾਈਡ੍ਰੋਲੋਜਿਸਟਾਂ ਦੀ ਇੱਕ ਉੱਚ-ਪੱਧਰੀ ਤਕਨੀਕੀ ਟੀਮ ਦਾ ਗਠਨ ਕਰੇ ਤਾਂ ਜੋ ਪੰਜਾਬ ਦੇ ਤੇਜ਼ੀ ਨਾਲ ਘੱਟ ਰਹੇ ਭੂਮੀਗਤ ਜਲ ਭੰਡਾਰਾਂ ਨੂੰ ਰੀਚਾਰਜ ਕਰਨ ਲਈ ਵਾਧੂ ਹੜ੍ਹਾਂ ਦੇ ਪਾਣੀ ਦੀ ਵਰਤੋਂ ਕਰਨ ਦੇ ਤਰੀਕੇ ਤਿਆਰ ਕੀਤੇ ਜਾ ਸਕਣ। ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਲਗਭਗ ਇੱਕ ਮੀਟਰ ਡਿੱਗ ਰਿਹਾ ਹੈ, ਅਤੇ 80% ਤੋਂ ਵੱਧ ਮਾਲੀਆ ਬਲਾਕ ਪਹਿਲਾਂ ਹੀ ਬਹੁਤ ਜ਼ਿਆਦਾ ਵਰਤੋਂ ਵਿੱਚ ਆ ਚੁੱਕੇ ਹਨ, ਅਜਿਹੀ ਪਹਿਲ ਪੰਜਾਬ ਦੀ ਲੰਬੇ ਸਮੇਂ ਦੀ ਖੇਤੀਬਾੜੀ ਅਤੇ ਵਾਤਾਵਰਣ ਸਿਹਤ ਲਈ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਦੱਸਿਆ ਕਿ ਅੰਤਰ-ਰਾਜੀ ਪਹਿਲੂਆਂ ਨੂੰ ਸੰਬੋਧਿਤ ਕਰਨਾ ਵੀ ਮਹੱਤਵਪੂਰਨ ਹੈ। ਜਦੋਂ ਕਿ ਸਾਡੇ ਗੁਆਂਢੀ ਰਾਜ ਹਰਿਆਣਾ ਅਤੇ ਰਾਜਸਥਾਨ ਗਰਮੀਆਂ ਦੌਰਾਨ ਪਾਣੀ ਦੀ ਵੱਡੀ ਵੰਡ ਲਈ ਦਬਾਅ ਪਾਉਂਦੇ ਹਨ, ਉਹ ਹੜ੍ਹਾਂ ਦੌਰਾਨ ਵਾਧੂ ਪਾਣੀ ਸਵੀਕਾਰ ਕਰਨ ਤੋਂ ਇਨਕਾਰ ਕਰਦੇ ਹਨ, ਜਿਸ ਨਾਲ ਪੰਜਾਬ ਦੀ ਦੁਰਦਸ਼ਾ ਹੋਰ ਵੀ ਵਧ ਜਾਂਦੀ ਹੈ। ਆਫ਼ਤਾਂ ਦੌਰਾਨ ਜ਼ਿੰਮੇਵਾਰੀਆਂ ਦੀ ਬਰਾਬਰ ਵੰਡ ਲਈ ਇੱਕ ਵਿਧੀ-ਸਿਰਫ਼ ਕਮੀ ਦੌਰਾਨ ਲਾਭ ਹੀ ਨਹੀਂ-ਨੂੰ ਸੰਸਥਾਗਤ ਬਣਾਇਆ ਜਾਣਾ ਚਾਹੀਦਾ ਹੈ।

# ਦੇਸ਼ 'ਚ ਕਿਸਾਨਾਂ ਨੂੰ ਸਭ ਤੋਂ ਵੱਧ ਮੁਆਵਜ਼ਾ ਦੇਣ ਵਾਲਾ ਸੂਬਾ ਬਣਿਆ ਪੰਜਾਬ



ਚੰਡੀਗੜ੍ਹ: ਪੰਜਾਬ ਵਿੱਚ ਆਏ ਹੜ੍ਹ ਨੇ ਕਿਸਾਨਾਂ ਦੀ ਮਿਹਨਤ ਅਤੇ ਸੁਪਨੇ ਦੋਵੇਂ ਡੁਬੋ ਦਿੱਤੇ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਿਸਾਨਾਂ ਨੂੰ ਇਕੱਲਾ ਨਹੀਂ ਛੱਡਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਤੁਰੰਤ ਵੱਡਾ ਫ਼ੈਸਲਾ ਲੈਂਦਿਆਂ ਐਲਾਨ ਕੀਤਾ ਕਿ ਹਰ ਪ੍ਰਭਾਵਿਤ ਕਿਸਾਨ ਨੂੰ 20,000 ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇਗਾ। ਇਹ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਪੂਰੇ ਦੇਸ਼ ਵਿੱਚ ਅੱਜ ਤੱਕ ਦਾ ਸਭ ਤੋਂ ਵੱਡਾ ਮੁਆਵਜ਼ਾ ਹੈ। ਮਾਨ ਸਰਕਾਰ ਨੇ ਇਹ ਕਦਮ ਸਿਰਫ਼ ਕਾਗਜ਼ਾਂ 'ਤੇ ਨਹੀਂ, ਬਲਕਿ ਕਿਸਾਨਾਂ ਦੇ ਦਰਦ ਨੂੰ ਮਹਿਸੂਸ ਕਰਦਿਆਂ ਚੁੱਕਿਆ ਹੈ। ਜਦੋਂ ਹਰਿਆਣਾ ਵਿੱਚ ਕਿਸਾਨਾਂ ਨੂੰ ਵੱਧ ਤੋਂ ਵੱਧ 15,000 ਪ੍ਰਤੀ ਏਕੜ, ਗੁਜਰਾਤ ਵਿੱਚ ਲਗਭਗ 8,900 ਪ੍ਰਤੀ ਏਕੜ, ਮੱਧ ਪ੍ਰਦੇਸ਼ ਵਿੱਚ ਲਗਭਗ 12,950 ਪ੍ਰਤੀ ਏਕੜ, ਅਤੇ ਉੱਤਰ ਪ੍ਰਦੇਸ਼ ਤੇ ਰਾਜਸਥਾਨ ਵਿੱਚ ਜ਼ਿਆਦਾਤਰ 5,000-7,000 ਪ੍ਰਤੀ ਏਕੜ ਤੱਕ ਰਾਹਤ ਮਿਲਦੀ ਹੈ, ਉੱਥੇ ਪੰਜਾਬ ਦੇ ਕਿਸਾਨਾਂ ਨੂੰ ਸਿੱਧਾ 20,000 ਪ੍ਰਤੀ ਏਕੜ ਦੇਣ ਦਾ ਫ਼ੈਸਲਾ ਕਿਸਾਨਾਂ ਦੀ ਤਾਕਤ ਅਤੇ ਮਿਹਨਤ ਨੂੰ ਸਲਾਮ ਕਰਨ ਦੇ ਬਰਾਬਰ ਹੈ।

ਇੰਨਾ ਹੀ ਨਹੀਂ, ਮਾਨ ਸਰਕਾਰ ਨੇ ਹੜ੍ਹ ਵਿੱਚ ਜਾਨ ਗੁਆਉਣ ਵਾਲਿਆਂ ਦੇ ਪਰਿਵਾਰਾਂ ਨੂੰ 4 ਲੱਖ ਦੀ ਸਹਾਇਤਾ ਅਤੇ ਖੇਤਾਂ ਵਿੱਚ ਜੰਮੀ ਰੇਤ ਨੂੰ ਵੇਚਣ ਦੀ ਇਜਾਜ਼ਤ ਵੀ ਦਿੱਤੀ ਹੈ, ਤਾਂ ਜੋ ਕਿਸਾਨਾਂ ਨੂੰ ਤੁਰੰਤ ਨਕਦ ਰਾਸ਼ੀ ਮਿਲ ਸਕੇ ਅਤੇ ਅਗਲੀ ਬਿਜਾਈ ਦਾ ਰਾਹ ਆਸਾਨ ਹੋ ਸਕੇ। ਇਹ ਕਦਮ ਸਾਫ਼ ਦੱਸਦਾ ਹੈ ਕਿ ਸਰਕਾਰ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਸਮਝਦੀ ਹੈ ਅਤੇ ਉਨ੍ਹਾਂ ਤੱਕ ਹਰ ਸੰਭਵ ਰਾਹਤ ਪਹੁੰਚਾਉਣਾ ਚਾਹੁੰਦੀ ਹੈ। ਅੱਜ ਜਦੋਂ ਪੰਜਾਬ ਦਾ ਕਿਸਾਨ ਹੜ੍ਹ ਨਾਲ ਤਬਾਹ ਖੇਤਾਂ ਅਤੇ ਟੁੱਟੇ ਘਰਾਂ ਵਿਚਕਾਰ ਸੰਘਰਸ਼ ਕਰ ਰਿਹਾ ਹੈ, ਉਸ ਵੇਲੇ ਸਰਕਾਰ ਦਾ ਇਹ ਫ਼ੈਸਲਾ ਉਨ੍ਹਾਂ ਲਈ ਉਮੀਦ ਦੀ ਨਵੀਂ ਕਿਰਨ ਬਣ ਕੇ ਆਇਆ ਹੈ। ਮਾਨ ਸਰਕਾਰ ਨੇ ਸਾਫ਼ ਕਰ ਦਿੱਤਾ ਹੈ ਕਿ ਜੇ ਕਿਸਾਨ ਡੁੱਬੇਗਾ ਤਾਂ ਪੂਰੀ ਅਰਥਵਿਵਸਥਾ ਡੁੱਬੇਗੀ, ਇਸ ਲਈ ਸਭ ਤੋਂ ਪਹਿਲਾਂ ਕਿਸਾਨ ਨੂੰ ਸੰਭਾਲਣਾ ਲਾਜ਼ਮੀ ਹੈ। ਇਹੀ ਕਾਰਨ ਹੈ ਕਿ ਰਾਹਤ ਦੀ ਰਕਮ ਨੂੰ ਦੇਸ਼ ਭਰ ਵਿੱਚ ਸਭ ਤੋਂ ਉੱਪਰ ਰੱਖ ਕੇ ਪੰਜਾਬ ਨੂੰ ਇੱਕ ਮਿਸਾਲ ਬਣਾਇਆ ਗਿਆ ਹੈ।

ਇਹ ਮੁਆਵਜ਼ਾ ਸਿਰਫ਼ ਪੈਸਿਆਂ ਦੀ ਮਦਦ ਨਹੀਂ, ਸਗੋਂ ਕਿਸਾਨਾਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਹੈ ਕਿ ਸਰਕਾਰ ਉਨ੍ਹਾਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਦੀ ਹੈ। ਸੰਕਟ ਦੀ ਇਸ ਘੜੀ ਵਿੱਚ ਇਹ ਸੰਦੇਸ਼ ਸਾਰੇ ਪੰਜਾਬ ਵਿੱਚ ਗੂੰਜ ਰਿਹਾ ਹੈ ਕਿ ਇਹ ਸਰਕਾਰ ਕਿਸਾਨਾਂ ਨੂੰ ਕਦੇ ਇਕੱਲਾ ਨਹੀਂ ਛੱਡੇਗੀ।

ਮਾਨ ਸਰਕਾਰ ਨੇ ਰਾਹਤ ਦੀ ਰਕਮ ਨੂੰ ਸਭ ਤੋਂ ਵੱਧ ਰੱਖ ਕੇ ਸਾਬਤ ਕਰ ਦਿੱਤਾ ਹੈ ਕਿ ਕਿਸਾਨ ਸਿਰਫ਼ ਵੋਟਰ ਨਹੀਂ, ਬਲਕਿ ਪੰਜਾਬ ਦੀ ਅਸਲ ਤਾਕਤ ਹਨ। ਇਹ ਫ਼ੈਸਲਾ ਕਿਸਾਨਾਂ ਨੂੰ ਸੰਘਰਸ਼ ਵਿੱਚ ਸਹਾਰਾ ਅਤੇ ਭਵਿੱਖ ਲਈ ਵਿਸ਼ਵਾਸ ਦਿੰਦਾ ਹੈ। ਕਿਸਾਨ ਦੀ ਜਿੱਤ ਹੀ ਪੰਜਾਬ ਦੀ ਜਿੱਤ ਹੈ ਅਤੇ ਮਾਨ ਸਰਕਾਰ ਹਰ ਹਾਲ ਵਿੱਚ ਕਿਸਾਨਾਂ ਦੇ ਨਾਲ ਖੜੀ ਹੈ।





# ਕੈਨੇਡਾ ਵਿਚ ਝੁੱਗੀਆਂ ਨੇ ਲਗਵਾਈ ਐਮਰਜੰਸੀ



ਟੋਰਾਂਟੋ : ਕੈਨੇਡੀਅਨ ਸ਼ਹਿਰਾਂ ਵਿਚ ਝੁੱਗੀਆਂ ਦੀ ਲਗਾਤਾਰ ਵਧਦੀ ਗਿਣਤੀ ਤੋਂ ਲੋਕ ਤੰਗ ਆ ਚੁੱਕੇ ਹਨ ਅਤੇ ਬੈਰੀ ਸ਼ਹਿਰ ਦੇ ਮੇਅਰ ਨੇ ਇਸ ਨਾਮੁਰਾਦ ਸਮੱਸਿਆ ਦੇ ਮੱਦੇਨਜ਼ਰ ਐਮਰਜੰਸੀ ਦਾ ਐਲਾਨ ਕਰ ਦਿਤਾ ਹੈ। ਮੇਅਰ ਐਲੈਕਸ ਨਟਲ ਨੇ ਕਿਹਾ ਕਿ ਬੈਰੀ ਵਾਸੀਆਂ ਦੇ ਬਰਦਾਸ਼ਤ ਦਾ ਬੰਨ੍ਹ ਟੁੱਟ ਚੁੱਕਾ ਹੈ। ਥਾਂ-ਥਾਂ 'ਤੇ ਨਜ਼ਰ ਆਉਂਦੀਆਂ ਝੁੱਗੀਆ ਜਿਥੇ ਸੁਰੱਖਿਆ ਚਿੰਤਾਵਾਂ ਵਧਾ ਰਹੀਆਂ ਹਨ, ਉਥੇ ਹੀ ਨਸ਼ਿਆਂ ਦੀ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਦਾ ਸੰਕਟ ਮੰਡਰਾਅ ਰਿਹਾ ਹੈ। ਸਰਕਾਰੀ ਥਾਵਾਂ 'ਤੇ ਲੱਗੇ ਤੰਬੂ ਨਾ ਸਿਰਫ਼ ਗੰਦ ਪੈਣ ਕਾਰਨ ਬਣ ਰਹੇ ਹਨ ਸਗੋਂ ਜਲ ਸਰੋਤਾਂ ਵਿਚ ਖਤਰਨਾਕ ਈ-ਕੋਲਾਈ ਬੈਕਟੀਰੀਆ ਮਿਲਣ ਦੀਆਂ ਰਿਪੋਰਟ ਸਾਹਮਣੇ ਆ ਰਹੀਆਂ ਹਨ।

**ਨਸ਼ੇੜੀਆਂ ਨੇ ਮੱਲ ਲਿਆ ਸੀ ਪੂਰਾ ਬੈਰੀ ਸ਼ਹਿਰ**

ਮੇਅਰ ਵੱਲੋਂ ਦੂਹਰੇ ਕਤਲਕਾਂਡ ਦਾ ਜ਼ਿਕਰ ਵੀ ਕੀਤਾ ਗਿਆ ਜਿਸ ਮਗਰੋਂ ਵੱਡੀ ਗਿਣਤੀ ਵਿਚ ਝੁੱਗੀਆਂ ਜ਼ਬਰਦਸਤੀ ਚੁਕਵਾਉਣੀਆਂ ਪਈਆਂ ਅਤੇ ਸਾਫ਼ ਸਫ਼ਾਈ 'ਤੇ ਲੱਖਾਂ ਡਾਲਰ ਖਰਚ ਹੋਏ। ਝੁੱਗੀਆਂ ਵਿਚ ਲੱਗਣ ਵਾਲੀ ਅੱਗ ਇਕ ਵੱਖਰੀ ਮੁਸੀਬਤ ਬਣੀ ਹੋਈ ਹੈ ਜੋ ਆਲੇ ਦੁਆਲੇ ਰਹਿਣ ਵਾਲੇ ਲੋਕਾਂ ਵਾਸਤੇ ਖਤਰਾ ਪੈਦਾ ਕਰਦੀ ਹੈ। ਮੇਅਰ ਨੇ ਕਿਹਾ ਕਿ ਪਹਿਲੇ ਦਿਨ ਤੋਂ ਹੀ ਉਹ ਕਹਿੰਦੇ ਆ ਰਹੇ ਹਨ ਕਿ ਬੈਰੀ ਸ਼ਹਿਰ ਵਿਚ ਥਾਂ-ਥਾਂ 'ਤੇ ਤੰਬੂ ਬਰਦਾਸ਼ਤ ਨਹੀਂ ਕੀਤੇ ਜਾਣਗੇ। ਜਿਹੜੇ ਲੋਕਾਂ ਨੂੰ ਮਦਦ ਦੀ ਜ਼ਰੂਰਤ ਹੈ, ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦਿਤੀ ਜਾਵੇਗੀ ਪਰ ਇਨ੍ਹਾਂ ਝੁੱਗੀਆਂ ਨੂੰ ਹਟਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ। ਬੈਰੀ ਸ਼ਹਿਰ ਦੇ ਲੋਕਾਂ ਦੀ ਹਿਫ਼ਾਜ਼ਤ ਮਿਊਂਸਪੈਲਿਟੀ ਦੀ ਪਹਿਲੀ ਤਰਜੀਹ ਹੈ ਜਿਸ ਨੂੰ ਵੇਖਦਿਆਂ ਤੰਬੂਆਂ ਵਿਚ ਰਹਿ ਰਹੇ ਲੋਕ ਆਪਣਾ ਪ੍ਰਬੰਧ ਕਰ ਲੈਣ। ਦੱਸ ਦੇਈਏ ਕਿ ਐਮਰਜੰਸੀ ਦੇ ਐਲਾਨ ਮਗਰੋਂ ਸਿਟੀ ਸਟਾਫ਼ ਨੂੰ ਜ਼ੋਰ-ਜ਼ਬਰਦਸਤੀ ਕਰਦਿਆਂ ਤੰਬੂ ਹਟਾਉਣ ਦਾ ਅਖਤਿਆਰ ਮਿਲ ਗਿਆ ਹੈ। ਦੂਜੇ ਪਾਸੇ ਮਿਊਂਸਪਲ ਕਾਨੂੰਨ ਦੇ ਮਾਹਰ ਅਜੇ ਗਜਾਰੀਆ ਨੇ ਕਿਹਾ ਕਿ ਮੇਅਰ ਵੱਲੋਂ ਐਮਰਜੰਸੀ ਦਾ ਐਲਾਨ ਇਕ ਸਿਆਸੀ ਪੈਂਤੜੇ ਤੋਂ ਵੱਧ ਕੁਝ ਨਹੀਂ। ਇਲਾਕੇ ਦੇ ਐਮ.ਪੀ. ਡਗ ਸ਼ਿਪਲੀ ਨੇ ਮੇਅਰ ਦੀ ਹਮਾਇਤ ਕਰਦਿਆਂ ਕਿਹਾ ਕਿ ਸਮੱਸਿਆ ਨਾਲ ਨਜਿੱਠਣ ਲਈ ਐਲੈਕਸ ਨਟਲ ਦਾ ਸਾਥ ਦੇਣਾ ਹੀ ਹੋਵੇਗਾ।

# ਅਮਰੀਕਾ ਦੀ ਸੁਪਰੀਮ ਕੋਰਟ ਨੇ ਇੰਮੀਗ੍ਰੇਸ਼ਨ ਛਾਪਿਆਂ ਤੋਂ ਪਾਬੰਦੀ ਹਟਾਈ

## ਲੌਸ ਐਂਜਲਸ ਵਿਚ ਛਾਪਿਆਂ ਮਗਰੋਂ ਹੇਠਲੀ ਅਦਾਲਤ ਨੇ ਲਾਈ ਰੋਕ



ਵਾਸ਼ਿੰਗਟਨ : ਅਮਰੀਕਾ ਦੀ ਸੁਪਰੀਮ ਕੋਰਟ ਨੇ ਟਰੰਪ ਸਰਕਾਰ ਦੇ ਹੱਕ ਵਿਚ ਫੈਸਲਾ ਸੁਣਾਉਂਦਿਆ ਲੌਸ ਐਂਜਲਸ ਵਿਚ ਛਾਪੇ ਜਾਰੀ ਰੱਖਣ ਦੀ ਇਜਾਜ਼ਤ ਦੇ ਦਿਤੀ ਹੈ। ਹੁਣ ਕੈਲੇਫੋਰਨੀਆ ਦੇ ਸ਼ਹਿਰ ਵਿਚ ਇੰਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ ਵਾਲੇ ਸਖ਼ਤ ਕਾਰਵਾਈ ਕਰ ਸਕਣਗੇ ਅਤੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਬਿਲਕੁਲ ਵੀ ਬਖਸ਼ਿਆ ਨਹੀਂ ਜਾਵੇਗਾ। ਸੁਪਰੀਮ ਕੋਰਟ ਦੇ ਜੱਜਾਂ ਨੇ 6-3 ਨਾਲ ਫੈਸਲਾ ਸੁਣਾਇਆ। ਚੀਫ਼ ਜਸਟਿਸ ਬਰੈਟ ਕੈਵਾਨੌਅ ਨੇ ਫੈਸਲੇ ਵਿਚ ਕਿਹਾ ਕਿ ਇੰਮੀਗ੍ਰੇਸ਼ਨ ਨੀਤੀਆਂ ਵਿਚ ਨਿਆਂਪਾਲਿਕਾ ਦਾ ਬਹੁਤਾ ਦਖਲ ਨਹੀਂ ਹੋਣਾ ਚਾਹੀਦਾ।

ਅਮਰੀਕਾ ਵਿਚ ਵੱਖ ਵੱਖ ਰਾਸ਼ਟਰਪਤੀਆਂ ਨੇ ਵੱਖੋ ਵੱਖਰੇ ਤਰੀਕੇ ਨਾਲ ਇੰਮੀਗ੍ਰੇਸ਼ਨ ਨੀਤੀਆਂ ਲਾਗੂ ਕੀਤੀਆਂ। ਦੂਜੇ ਪਾਸੇ ਜਸਟਿਸ ਸੋਨੀਆ ਸੋਟੋਮਾਇਓ ਨੇ ਫੈਸਲੇ ਨਾਲ ਅਸਹਿਮਤੀ ਜ਼ਾਹਰ ਕਰਦਿਆਂ ਲਿਖਿਆ ਕਿ ਲੌਸ ਐਂਜਲਸ ਵਿਚੋਂ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਯਤਨ ਚੌਥੀ ਸੰਵਿਧਾਨ ਸੋਧ ਦੀ ਉਲੰਘਣਾ ਕਰਦਾ ਹੈ। ਉਨ੍ਹਾਂ ਕਈ ਮਿਸਾਲਾਂ ਪੇਸ਼ ਕਰਦਿਆਂ ਕਿਹਾ ਕਿ ਅਮਰੀਕਾ ਸਰਕਾਰ ਗੈਰਕਾਨੂੰਨੀ ਪ੍ਰਵਾਸੀਆਂ ਵਿਰੁੱਧ ਕੁਝ ਜ਼ਿਆਦਾ ਹੀ ਸਖ਼ਤੀ ਵਰਤ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਲੌਸ ਐਂਜਲਸ ਦੀ ਕੁਲ ਆਬਾਦੀ ਦਾ 10 ਫੀ ਸਦੀ ਗੈਰਕਾਨੂੰਨੀ ਪ੍ਰਵਾਸੀ ਹਨ।

# ਮਜੀਠੀਆ ਦੀ ਪੇਸ਼ਗੀ ਜ਼ਮਾਨਤ ਅਰਜ਼ੀ: ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਦੋ ਹਫ਼ਤਿਆਂ 'ਚ ਜਵਾਬ ਮੰਗਿਆ



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਬਕਾ ਮੰਤਰੀ ਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵੱਲੋਂ ਦਾਇਰ ਕੀਤੀ ਗਈ ਅਗਾਊਂ ਜ਼ਮਾਨਤ ਪਟੀਸ਼ਨ ਉੱਤੇ ਪੰਜਾਬ ਸਰਕਾਰ ਤੋਂ ਦੋ ਹਫ਼ਤਿਆਂ ਵਿਚ ਜਵਾਬ ਮੰਗਿਆ ਹੈ। ਬੈਂਚ ਨੇ ਸੂਬਾ ਸਰਕਾਰ ਨੂੰ 23 ਸਤੰਬਰ ਲਈ ਨੋਟਿਸ ਵੀ ਜਾਰੀ ਕੀਤਾ ਹੈ। ਜਸਟਿਸ ਤ੍ਰਿਭੁਵਨ ਦਹੀਆ ਵੱਲੋਂ ਇਹ ਹੁਕਮ 31 ਜੁਲਾਈ ਨੂੰ ਅੰਮ੍ਰਿਤਸਰ ਦੇ ਸਿਵਲ ਲਾਈਨਜ਼ ਪੁਲੀਸ ਸਟੇਸ਼ਨ ਵਿੱਚ ਬੀਐਨਐਸ ਦੀਆਂ ਧਾਰਾਵਾਂ ਤਹਿਤ ਦਰਜ ਕੀਤੇ ਗਏ ਇੱਕ ਮਾਮਲੇ ਦੇ ਸਬੰਧ ਵਿੱਚ ਮਜੀਠੀਆ ਦੀ ਪਟੀਸ਼ਨ 'ਤੇ ਜਾਰੀ ਕੀਤੇ ਗਏ ਹਨ। ਅੰਮ੍ਰਿਤਸਰ ਦੀ ਅਦਾਲਤ ਨੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਵੱਲੋਂ ਦਾਇਰ ਪੇਸ਼ਗੀ ਜ਼ਮਾਨਤ ਅਰਜ਼ੀ ਨੂੰ ਖਾਰਜ ਕਰ ਦਿੱਤਾ ਸੀ। ਮਜੀਠੀਆ ਇਸ ਸਮੇਂ ਨਾਭਾ ਜੇਲ੍ਹ ਵਿੱਚ ਬੰਦ ਹੈ। ਮਜੀਠੀਆ ਦੇ ਵਕੀਲ ਵੱਲੋਂ ਲਗਾਤਾਰ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਇਹ ਕੇਸ ਰਾਜਨੀਤੀ ਤੋਂ ਪ੍ਰੇਰਿਤ ਹੈ ਅਤੇ ਉਸ ਦੇ ਮੁਵੱਕਿਲ ਨੂੰ ਸਲਾਖਾਂ ਪਿੱਛੇ ਰੱਖਣ ਲਈ ਕਈ ਮਾਮਲਿਆਂ ਵਿੱਚ ਝੂਠਾ ਫਸਾਇਆ ਜਾ ਰਿਹਾ ਹੈ।

# ਫ਼ਰਜ਼ੀ ਮੁਕਾਬਲੇ ਦੇ ਮਾਮਲੇ 'ਚ ਦੋਸ਼ੀ ਪੁਲਿਸ ਮੁਲਾਜ਼ਮਾਂ 'ਤੇ ਪਟਿਆਲਾ ਜੇਲ੍ਹ 'ਚ ਹਮਲਾ



ਪਟਿਆਲਾ : ਪਟਿਆਲਾ ਕੇਂਦਰੀ ਜੇਲ 'ਚ ਪੰਜਾਬ ਪੁਲਿਸ ਦੇ ਦੋ ਸੇਵਾਮੁਕਤ ਅਧਿਕਾਰੀਆਂ ਉਤੇ ਬੁਧਵਾਰ ਨੂੰ ਇਕ ਸਾਥੀ ਕੈਦੀ ਨੇ ਹਮਲਾ ਕਰ ਦਿਤਾ। ਅਧਿਕਾਰੀਆਂ ਨੂੰ ਵੱਖ-ਵੱਖ ਝੂਠੇ ਮੁਕਾਬਲੇ ਦੇ ਮਾਮਲਿਆਂ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਇਸ ਹਮਲੇ 'ਚ ਇਕ ਹੋਰ ਰਿਟਾਇਰਡ ਇੰਸਪੈਕਟਰ ਵੀ ਜ਼ਖਮੀ ਹੋ ਗਿਆ। ਹਮਲਾ ਸਾਬਕਾ ਡਿਪਟੀ ਸੁਪਰਡੈਂਟ ਗੁਰਬਚਨ ਸਿੰਘ, ਸਾਬਕਾ ਇੰਸਪੈਕਟਰ ਸੂਬਾ ਸਿੰਘ ਅਤੇ ਇੰਦਰਜੀਤ ਸਿੰਘ ਉਤੇ ਹੋਇਆ। ਗੁਰਬਚਨ ਅਤੇ ਸੂਬਾ ਝੂਠੇ ਮੁਕਾਬਲੇ ਦੇ ਮਾਮਲਿਆਂ ਵਿਚ ਸੀ.ਬੀ.ਆਈ. ਅਦਾਲਤਾਂ ਵਲੋਂ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ। ਇਹ ਹਮਲਾ ਕਥਿਤ ਤੌਰ ਉਤੇ ਹਿੰਦੂ ਆਗੂ ਸੁਧੀਰ ਸੂਰੀ ਦੇ ਕਤਲ ਦੇ ਦੋਸ਼ੀ ਸੰਦੀਪ ਸਿੰਘ ਉਰਫ ਸੰਨੀ ਨੇ ਕੀਤਾ ਸੀ। ਸੰਨੀ ਨੇ ਕਥਿਤ ਤੌਰ ਉਤੇ ਤਿੰਨਾਂ ਦੇ ਸਿਰ ਅਤੇ ਚਿਹਰਿਆਂ ਉਤੇ ਤਿੱਖੀ ਕਟਲਰੀ ਨਾਲ ਵਾਰ-ਵਾਰ ਮਾਰਿਆ। ਸੂਬਾ ਸਿੰਘ ਦੇ ਚਿਹਰੇ ਉਤੇ ਡੂੰਘੀਆਂ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਰਾਜਿੰਦਰਾ ਹਸਪਤਾਲ ਲਿਜਾਇਆ ਗਿਆ ਹੈ, ਜਦਕਿ ਬਾਕੀ ਦੋ ਨੂੰ ਡਾਕਟਰੀ ਨਿਗਰਾਨੀ ਹੇਠ ਰੱਖਿਆ ਗਿਆ ਹੈ। ਮੁੱਢਲੀ ਜਾਣਕਾਰੀ ਮੁਤਾਬਕ ਸੰਨੀ ਨੂੰ ਸ਼ੱਕ ਸੀ ਕਿ ਸਾਬਕਾ ਪੁਲਿਸ ਅਧਿਕਾਰੀ ਉਸ ਦੀਆਂ ਗਤੀਵਿਧੀਆਂ ਬਾਰੇ ਜੇਲ ਅਧਿਕਾਰੀਆਂ ਨੂੰ ਸੂਚਿਤ ਕਰ ਰਹੇ ਸਨ। ਕੁੱਝ ਮਹੀਨੇ ਪਹਿਲਾਂ ਇਸੇ ਤਰ੍ਹਾਂ ਦੇ ਸ਼ੱਕ ਨੂੰ ਲੈ ਕੇ ਉਨ੍ਹਾਂ ਵਿਚਾਲੇ ਤਿੱਖੀ ਬਹਿਸ ਹੋਈ ਸੀ। ਬੁਧਵਾਰ ਨੂੰ ਜਦੋਂ ਸਾਰੇ ਕੈਦੀ ਬੈਰਕ ਦੇ ਅੰਦਰ ਬੈਠੇ ਸਨ ਤਾਂ ਸੰਨੀ ਨੇ ਹਮਲਾ ਕੀਤਾ। ਜੇਲ ਸਟਾਫ ਨੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਸੀਨੀਅਰ ਪੁਲਿਸ ਸੁਪਰਡੈਂਟ ਵਰੁਣ ਸ਼ਰਮਾ ਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਜੇਲ ਦਾ ਦੌਰਾ ਕੀਤਾ ਅਤੇ ਬਾਅਦ ਵਿਚ ਹਸਪਤਾਲ ਵਿਚ ਜ਼ਖਮੀਆਂ ਨਾਲ ਮੁਲਾਕਾਤ ਕੀਤੀ। ਪੁਲਿਸ ਸੁਪਰਡੈਂਟ (ਸਿਟੀ) ਪਲਵਿੰਦਰ ਸਿੰਘ ਚੀਮਾ ਨੇ ਦਸਿਆ ਕਿ ਹਮਲੇ ਨੂੰ ਲੈ ਕੇ ਸੰਨੀ ਵਿਰੁਧ ਤ੍ਰਿਪੁਰੀ ਥਾਣੇ ਵਿਚ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਇਕ ਹੋਰ ਅਧਿਕਾਰੀ ਨੇ ਕਿਹਾ, ''ਇਸ ਦਾ ਮਕਸਦ ਜੇਲ ਬੈਰਕ ਦੇ ਅੰਦਰ ਸ਼ੱਕ ਅਤੇ ਨਿੱਜੀ ਦੁਸ਼ਮਣੀ ਜਾਪਦੀ ਹੈ, ਪਰ ਜ਼ਖਮੀਆਂ ਦੇ ਵਿਸਥਾਰਤ ਬਿਆਨ ਦਰਜ ਕਰਨ ਤੋਂ ਬਾਅਦ ਸਹੀ ਕਾਰਨਾਂ ਦਾ ਪਤਾ ਲਗਾਇਆ ਜਾਵੇਗਾ।'' 25 ਦਸੰਬਰ 2024 ਨੂੰ ਗੁਰਬਚਨ ਸਿੰਘ ਨੂੰ 32 ਸਾਲ ਪੁਰਾਣੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਸ ਨੂੰ ਕਾਂਸਟੇਬਲ ਜਗਦੀਪ ਸਿੰਘ ਮੱਖਣ ਅਤੇ ਵਿਸ਼ੇਸ਼ ਪੁਲਿਸ ਅਧਿਕਾਰੀ ਗੁਰਨਾਮ ਸਿੰਘ ਪਾਲੀ ਦੀ ਹੱਤਿਆ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਸਮੇਂ, ਦੋਹਾਂ ਪੁਲਿਸ ਮੁਲਾਜ਼ਮਾਂ ਦੀਆਂ ਲਾਸ਼ਾਂ ਨੂੰ 'ਅਣਪਛਾਤੇ' ਵਜੋਂ ਅੰਤਿਮ ਸੰਸਕਾਰ ਕੀਤਾ ਗਿਆ ਸੀ। 5 ਅਗੱਸਤ, 2025 ਨੂੰ, ਸੂਬਾ ਸਿੰਘ ਅਤੇ ਉਸ ਦੇ ਨਾਲ ਕੁੱਝ ਹੋਰ ਲੋਕਾਂ ਨੂੰ 1993 ਵਿਚ ਤਰਨਤਾਰਨ ਵਿਚ ਸੱਤ ਲੋਕਾਂ ਦੇ ਝੂਠੇ ਮੁਕਾਬਲੇ ਦੇ ਕੇਸ ਵਿਚ ਸਖਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜਦੋਂ ਦੋਵੇਂ ਉੱਥੇ ਪਹੁੰਚੇ ਤਾਂ ਇੰਦਰਜੀਤ ਸਿੰਘ ਪਹਿਲਾਂ ਹੀ ਜੇਲ ਵਿਚ ਸੀ, ਜਿਸ ਨੂੰ ਇਕ ਹੋਰ ਕੇਸ ਵਿਚ ਦੋਸ਼ੀ ਠਹਿਰਾਇਆ ਗਿਆ ਸੀ।

# ਅਮਰੀਕਾ 'ਚ 3 ਭਾਰਤੀ ਪਰਿਵਾਰਾਂ 'ਤੇ ਟੁੱਟਿਆ ਕਹਿਰ

## * ਸਿਮਰਨਜੀਤ ਸਿੰਘ ਨੂੰ ਸਤਾ ਰਿਹਾ ਸੀ ਡਿਪੋਰਟ ਹੋਣ ਦਾ ਡਰ
## * ਪ੍ਰਤੀਕ ਪਾਂਡੇ ਨੂੰ ਕੰਮ ਦਾ ਬੋਝ ਲੈ ਬੈਠਾ



ਕੈਲੇਫੋਰਨੀਆ : ਅਮਰੀਕਾ ਵਿਚ ਤਿੰਨ ਭਾਰਤੀ ਪਰਵਾਰਾਂ ਉਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਜਿਨ੍ਹਾਂ ਦੇ ਕਮਾਉਣ ਵਾਲੇ ਜੀਅ ਅਚਨਚੇਤ ਸਦੀਵੀ ਵਿਛੋੜਾ ਦੇ ਗਏ। ਕੈਲੇਫੋਰਨੀਆ ਦੇ ਮੈਨਟੀਕਾ ਵਿਖੇ 36 ਸਾਲ ਦਾ ਸਿਮਰਨਜੀਤ ਸਿੰਘ ਦਿਲ ਦਾ ਦੌਰਾ ਪੈਣ ਕਾਰਨ ਅਕਾਲ ਚਲਾਣਾ ਕਰ ਗਿਆ ਜੋ ਅਸਾਇਲਮ ਕੇਸ ਰੱਦ ਹੋਣ ਕਾਰਨ ਡੂੰਘੇ ਤਣਾਅ ਵਿਚ ਰਹਿੰਦਾ ਸੀ। ਸੰਭਾਵਤ ਤੌਰ 'ਤੇ ਸਿਮਰਨਜੀਤ ਸਿੰਘ ਨੂੰ ਡਿਪੋਰਟ ਹੋਣ ਦਾ ਡਰ ਵੱਢ ਵੱਢ ਖਾ ਰਿਹਾ ਸੀ। ਸਿਮਰਨਜੀਤ ਦੇ ਕਜ਼ਨ ਮਨਵੀਰ ਸਿੰਘ ਮੁਤਾਬਕ ਉਹ ਆਪਣੇ ਪਿੱਛੇ ਬਜ਼ੁਰਗ ਮਾਤਾ, ਪਤਨੀ ਅਤੇ 7 ਸਾਲ ਦੀ ਬੇਟੀ ਛੱਡ ਗਿਆ ਹੈ। ਸਿਮਰਨਜੀਤ ਸਿੰਘ ਦੇ ਅੰਤਮ ਸਸਕਾਰ ਅਤੇ ਪਰਵਾਰ ਦੀ ਆਰਥਿਕ ਮਦਦ ਵਾਸਤੇ ਪ੍ਰਬੰਧ ਕੀਤੇ ਜਾ ਰਹੇ ਹਨ।

ਦੂਜੇ ਪਾਸੇ ਮਾਈਕ੍ਰੋਸਾਫ਼ਟ ਵਿਚ ਕੰਮ ਕਰਦਾ ਪ੍ਰਤੀਕ ਪਾਂਡੇ ਸੰਭਾਵਤ ਤੌਰ 'ਤੇ ਕੰਮ ਦਾ ਬੋਝ ਬਰਦਾਸ਼ਤ ਨਾ ਕਰ ਸਕਿਆ ਅਤੇ ਆਪਣੇ ਮਾਪਿਆਂ ਨੂੰ ਵਿਲਕਦਾ ਛੱਡ ਗਿਆ। ਪ੍ਰਤੀਕ ਦੀ ਲਾਸ਼ ਕੈਲੇਫੋਰਨੀਆ ਦੇ ਮਾਊਂਟੇਨ ਵਿਊ ਇਲਾਕੇ ਵਿਚ ਬਣੇ ਮਾਈਕ੍ਰੋਸਾਫ਼ਟ ਦੇ ਵੱਡੇ ਦਫ਼ਤਰ ਵਿਚੋਂ ਮਿਲੀ ਅਤੇ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗਣ ਵਿਚ ਘੱਟੋ ਘੱਟ 90 ਦਿਨ ਦਾ ਸਮਾਂ ਲੱਗ ਸਕਦਾ ਹੈ। ਪ੍ਰਤੀਕ ਦੀ ਮਾਤਾ ਮੀਨਾ ਪਾਂਡੇ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਬੇਹੱਦ ਮਿਹਨਤੀ ਸੀ ਪਰ ਕੰਪਨੀ ਨੇ ਕੰਮ ਦਾ ਬੋਝ ਹੀ ਐਨਾ ਵਧਾ ਦਿਤਾ ਕਿ ਉਹ ਬਰਦਾਸ਼ਤ ਨਾ ਕਰ ਸਕਿਆ। ਮੀਨਾ ਪਾਂਡੇ ਨੇ ਵੱਡੀਆਂ ਵੱਡੀਆਂ ਕੰਪਨੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮੁਲਾਜ਼ਮਾਂ ਨੂੰ ਮਸ਼ੀਨ ਨਾ ਸਮਝਣ ਅਤੇ ਮਾਵਾਂ ਨੂੰ ਆਪਣੇ ਪੁੱਤ ਨਾ ਗਵਾਉਣੇ ਪੈਣ।

ਮੀਨਾ ਪਾਂਡੇ ਵੱਲੋਂ ਨੌਜਵਾਨਾਂ ਨੂੰ ਸੁਨੇਹਾ ਦਿਤਾ ਗਿਆ ਹੈ ਕਿ ਕੋਈ ਤਨਖਾਹ ਤੁਹਾਡੀ ਜ਼ਿੰਦਗੀ ਤੋਂ ਵੱਡੀ ਨਹੀਂ, ਜਦੋਂ ਦਿਮਾਗੀ ਤਣਾਅ ਮਹਿਸੂਸ ਹੋਵੇ, ਨੌਕਰੀ ਛੱਡ ਕੇ ਪਾਸੇ ਹੋ ਜਾਉ। ਦੱਸ ਦੇਈਏ ਕਿ ਪ੍ਰਤੀਕ ਪਾਂਡੇ ਤਕਰੀਬਨ 10 ਸਾਲ ਪਹਿਲਾਂ ਸਟੱਡੀ ਵੀਜ਼ਾ 'ਤੇ ਅਮਰੀਕਾ ਪੁੱਜਾ। ਡਿਗਰੀ ਮੁਕੰਮਲ ਕਰਨ ਮਗਰੋਂ ਉਸ ਨੇ ਐਪਲ ਅਤੇ ਵਾਲਮਾਰਟ ਵਰਗੀਆਂ ਕੰਪਨੀਆਂ ਵਾਸਤੇ ਕੰਮ ਕੀਤਾ ਅਤੇ ਫਿਰ ਮਾਈਕ੍ਰੋਸਾਫ਼ਟ ਦਾ ਹਿੱਸਾ ਬਣ ਗਿਆ। ਮੁਲਾਜ਼ਮਾਂ ਦੀ ਕਾਰਗੁਜ਼ਾਰੀ ਬਾਰੇ ਮੁਲਾਂਕਣ ਤੋਂ ਪਹਿਲਾਂ ਉਸ ਨੇ ਦੇਰ ਰਾਤ ਤੱਕ ਕੰਮ ਕਰਨਾ ਸ਼ੁਰੂ ਕਰ ਦਿਤਾ ਅਤੇ ਖਾਣਾ-ਪੀਣਾ ਵੀ ਭੁੱਲ ਗਿਆ। ਪ੍ਰਤੀਕ ਦੀ ਛੋਟੀ ਭੈਣ ਪ੍ਰਕਿਰਤੀ ਪਾਂਡੇ ਨੇ ਦੱਸਿਆ ਕਿ ਮਾਂ ਅਕਸਰ ਹੀ ਵੀਰੇ ਨੂੰ ਜ਼ਿਆਦਾ ਕੰਮ ਕਰਨ ਤੋਂ ਰੋਕਦੀ ਸੀ ਪਰ ਉਸ ਅੰਦਰ ਹੋਰ ਵੱਡਾ ਕਰਨ ਦੀ ਤਾਂਘ ਬਰਕਰਾਰ ਸੀ ਅਤੇ ਹਮੇਸ਼ਾ ਆਪਣੀ ਕਾਰਗੁਜ਼ਾਰੀ ਬਿਹਤਰ ਬਣਾਉਣ ਵਿਚ ਜੁਟਿਆ ਰਹਿੰਦਾ। ਕੰਪਨੀ ਦੇ ਸੁਰੱਖਿਆ ਮੁਲਾਜ਼ਮਾਂ ਨੂੰ ਉਹ ਬੇਹੋਸ਼ੀ ਦੀ ਹਾਲਤ ਵਿਚ ਮਿਲਿਆ ਅਤੇ ਜਲਦ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਚੁੱਕੀ ਸੀ। ਮਾਈਕ੍ਰੋਸਾਫ਼ਟ ਨੇ 42 ਘੰਟੇ ਬਾਅਦ ਇਹ ਦੁੱਖ ਭਰੀ ਖਬਰ ਪ੍ਰਤੀਕ ਦੇ ਮਾਪਿਆਂ ਨੂੰ ਦੱਸੀ। ਹਿਊਮਨ ਰਿਸੋਰਸਿਜ਼ ਵਿਭਾਗ ਦੇ ਅਫ਼ਸਰ ਨੇ ਕਿਸੇ ਗੱਲ ਦਾ ਜਵਾਬ ਸਹੀ ਤਰੀਕੇ ਨਾਲ ਨਾ ਦਿਤਾ ਅਤੇ ਪਰਵਾਰ ਚਿੰਤਾਵਾਂ ਵਿਚ ਡੁੱਬ ਗਿਆ।

# ਕੈਨੇਡਾ ਨੇ ਸਾਲ 2025 'ਚ 80 ਫ਼ੀਸਦੀ ਭਾਰਤੀਆਂ ਦੇ ਸਟੂਡੈਂਟ ਵੀਜ਼ੇ ਰੱਦ ਕੀਤੇ : ਰਿਪੋਰਟ




ਕੈਨੇਡਾ ਨੇ ਸਾਲ 2025 ਵਿੱਚ ਭਾਰਤ ਤੋਂ ਲਗਭਗ 80 ਪ੍ਰਤੀਸ਼ਤ ਸਟੂਡੈਂਟ ਵੀਜ਼ਾ ਅਰਜ਼ੀਆਂ ਨੂੰ ਰੱਦ ਕੀਤਾ ਹੈ, ਜਿਸ ਨਾਲ ਚਾਹਵਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਚਿੰਤਾਵਾਂ ਵਧੀਆਂ ਹਨ। ਇਹ ਵਿਕਾਸ ਦੁਵੱਲੇ ਸਬੰਧਾਂ ਵਿੱਚ ਵਧ ਰਹੇ ਤਣਾਅ ਅਤੇ ਓਟਾਵਾ ਵਿੱਚ ਨੀਤੀਗਤ ਤਬਦੀਲੀਆਂ ਦੇ ਵਿਚਕਾਰ ਆਇਆ ਹੈ, ਜਿਸ ਕਾਰਨ ਭਾਰਤੀ ਵਿਦਿਆਰਥੀਆਂ ਲਈ ਦਾਖਲਾ ਮੁਸ਼ਕਲ ਹੋ ਗਿਆ ਹੈ। ਰੱਦ ਕਰਨ ਦੀ ਦਰ ਹਾਲ ਹੀ ਦੇ ਸਾਲਾਂ ਵਿੱਚ ਸਭ ਤੋਂ ਜ਼ਿਆਦਾ ਵਧੀ ਹੈ ਅਤੇ ਇਹ ਬਹੁਤ ਸਾਰੇ ਭਾਰਤੀ ਪਰਿਵਾਰਾਂ ਲਈ ਇੱਕ ਝਟਕਾ ਹੈ ਜੋ ਕੈਨੇਡਾ ਨੂੰ ਇੱਕ ਪ੍ਰਮੁੱਖ ਸਿੱਖਿਆ ਕੇਂਦਰ ਮੰਨਦੇ ਹਨ। ਰਵਾਇਤੀ ਤੌਰ 'ਤੇ, ਕੈਨੇਡਾ ਨੇ ਹਰ ਸਾਲ 300,000 ਤੋਂ ਵੱਧ ਭਾਰਤੀ ਵਿਦਿਆਰਥੀਆਂ ਦੀ ਮੇਜ਼ਬਾਨੀ ਕੀਤੀ ਹੈ, ਭਾਰਤ ਦੇਸ਼ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਹੈ। ਹਾਲਾਂਕਿ, ਅਰਜ਼ੀਆਂ ਦੀ ਸਖ਼ਤ ਜਾਂਚ, ਜਾਅਲੀ ਦਸਤਾਵੇਜ਼ਾਂ ਦੇ ਦੋਸ਼ਾਂ ਅਤੇ ਕੂਟਨੀਤਕ ਤਣਾਅ ਨੇ ਅਸਲੀ ਬਿਨੈਕਾਰਾਂ ਲਈ ਰੁਕਾਵਟਾਂ ਵਧਾ ਦਿੱਤੀਆਂ ਹਨ।

**ਕੈਨੇਡਾ ਵਿੱਚ ਵਧਦੀਆਂ ਵੀਜ਼ਾ ਪਾਬੰਦੀ**

ਕੈਨੇਡੀਅਨ ਅਧਿਕਾਰੀਆਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਭਾਰੀ ਆਮਦ ਨੂੰ ਕੰਟਰੋਲ ਕਰਨ ਲਈ ਕਥਿਤ ਤੌਰ 'ਤੇ ਸਖ਼ਤ ਨਿਯਮ ਲਾਗੂ ਕੀਤੇ ਹਨ। ਅਧਿਕਾਰੀਆਂ ਦਾ ਤਰਕ ਹੈ ਕਿ ਵਧਦੀ ਗਿਣਤੀ, ਸੀਮਤ ਰਿਹਾਇਸ਼ ਸਹੂਲਤਾਂ ਅਤੇ ਕੰਮ ਜਾਂ ਪ੍ਰਵਾਸ ਦੇ ਉਦੇਸ਼ਾਂ ਲਈ ਵਿਦਿਆਰਥੀ ਵੀਜ਼ਾ ਦੀ ਦੁਰਵਰਤੋਂ ਦੀਆਂ ਚਿੰਤਾਵਾਂ ਕਾਰਨ ਸਿਸਟਮ ਦਬਾਅ ਹੇਠ ਆ ਗਿਆ ਸੀ। ਨੀਤੀ ਵਿੱਚ ਤਬਦੀਲੀ ਨੂੰ ਕੈਨੇਡਾ ਵਿੱਚ ਵਿਦਿਅਕ ਮੌਕਿਆਂ ਅਤੇ ਆਰਥਿਕ ਸੰਭਾਵਨਾਵਾਂ ਵਿਚਕਾਰ ਸੰਤੁਲਨ ਬਣਾਉਣ ਲਈ ਘਰੇਲੂ ਦਬਾਅ ਦੇ ਸਿੱਧੇ ਨਤੀਜੇ ਵਜੋਂ ਦੇਖਿਆ ਜਾ ਰਿਹਾ ਹੈ।

ਓਟਾਵਾ ਨੇ ਸਟੂਡੈਂਟ ਡਾਇਰੈਕਟ ਸਟ੍ਰੀਮ (SDS) ਨੂੰ ਵੀ ਬੰਦ ਕਰ ਦਿੱਤਾ ਹੈ, ਜਿਸ ਨੇ ਪਹਿਲਾਂ ਯੋਗ ਭਾਰਤੀ ਵਿਦਿਆਰਥੀਆਂ ਨੂੰ ਸਿਰਫ਼ 20 ਕੈਲੰਡਰ ਦਿਨਾਂ ਵਿੱਚ ਵੀਜ਼ਾ ਪ੍ਰਵਾਨਗੀ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਸੀ, ਬਸ਼ਰਤੇ ਉਹ ਸਖ਼ਤ ਵਿੱਤੀ ਅਤੇ ਅਕਾਦਮਿਕ ਜ਼ਰੂਰਤਾਂ ਪੂਰੀਆਂ ਕਰਦੇ ਹੋਣ। SDS ਦੇ ਬੰਦ ਹੋਣ ਨਾਲ ਹਜ਼ਾਰਾਂ ਵਿਦਿਆਰਥੀਆਂ ਨੂੰ ਪ੍ਰਭਾਵਿਤ ਕੀਤਾ ਹੈ ਜਿਨ੍ਹਾਂ ਨੂੰ ਪਹਿਲਾਂ ਇਸਦੀ ਕੁਸ਼ਲਤਾ ਦਾ ਲਾਭ ਹੋਇਆ ਸੀ। ਹਾਲੀਆ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਸਾਲ ਹੀ ਸ਼ਧਸ਼ ਦੇ ਤਹਿਤ 35,000 ਤੋਂ ਵੱਧ ਭਾਰਤੀ ਅਰਜ਼ੀਆਂ 'ਤੇ ਕਾਰਵਾਈ ਕੀਤੀ ਗਈ ਸੀ। ਹੁਣ, ਬਿਨੈਕਾਰਾਂ ਨੂੰ ਮਿਆਰੀ ਪ੍ਰੋਸੈਸਿੰਗ ਸਮੇਂ ਤੋਂ ਵੱਧ (ਜੋ ਅਕਸਰ 60 ਦਿਨਾਂ ਤੋਂ ਵੱਧ ਹੁੰਦਾ ਹੈ) ਅਤੇ ਵਧੇਰੇ ਸਖ਼ਤ ਦਸਤਾਵੇਜ਼ ਜਾਂਚਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਪਰਿਵਾਰਾਂ ਵਿੱਚ ਡੂੰਘੀ ਚਿੰਤਾ ਪੈਦਾ ਹੋ ਜਾਂਦੀ ਹੈ ਜੋ ਇਸਨੂੰ ਇੱਕ ਸਪੱਸ਼ਟ ਸੰਕੇਤ ਵਜੋਂ ਦੇਖਦੇ ਹਨ ਕਿ ਕੈਨੇਡਾ ਭਾਰਤੀ ਵਿਦਿਆਰਥੀਆਂ ਦੀ ਆਮਦ ਨੂੰ ਕਾਫ਼ੀ ਹੱਦ ਤੱਕ ਰੋਕ ਰਿਹਾ ਹੈ।

ਭਾਰਤੀ ਵਿਦਿਆਰਥੀਆਂ ਲਈ, ਇਹ ਚੰਗੀ ਖ਼ਬਰ ਨਹੀਂ ਹੈ, ਕਿਉਂਕਿ ਇਸ ਨਾਲ ਓਹਨਾ ਦੇ ਸੁਪਨੇ ਅਤੇ ਉਮੀਦਾਂ ਟੁੱਟਦੀਆਂ ਨਜ਼ਰ ਆ ਰਹੀਆਂ ਹਨ। ਬਹੁਤ ਸਾਰੇ ਵਿਦਿਆਰਥੀਆਂ ਨੇ ਤਾਂ ਕੈਨੇਡੀਅਨ ਯੂਨੀਵਰਸਿਟੀਆਂ ਵਿੱਚ ਦਾਖਲਾ ਲੈ ਲਿਆ ਸੀ ਪਰ ਉਨ੍ਹਾਂ ਦੇ ਵੀਜ਼ਾ ਰੱਦ ਹੋਣ ਤੋਂ ਬਾਅਦ ਉਹ ਯਾਤਰਾ ਕਰਨ ਵਿੱਚ ਅਸਮਰੱਥ ਸਨ। ਭਾਰਤ ਵਿੱਚ ਸਿੱਖਿਆ ਸਲਾਹਕਾਰ ਇਸ ਗੱਲ ਨੂੰ ਉਜਾਗਰ ਕਰਦੇ ਹਨ ਕਿ ਪਰਿਵਾਰਾਂ ਨੂੰ ਅਰਜ਼ੀ ਫੀਸਾਂ ਅਤੇ ਜਮ੍ਹਾਂ ਰਾਸ਼ੀ ਵਿੱਚ ਭਾਰੀ ਨੁਕਸਾਨ ਹੋਇਆ ਹੈ, ਨਾਲ ਹੀ ਸਾਲਾਂ ਤੋਂ ਤਿਆਰੀ ਕਰ ਰਹੇ ਉਮੀਦਵਾਰਾਂ ਲਈ ਇਹ ਸਮਾਂ ਨਿਰਾਸ਼ਾ ਨਾਲ ਭਰਿਆ ਹੋਇਆ ਹੈ। ਇਸ ਫੈਸਲੇ ਨਾਲ ਵੀਜ਼ਾ ਪ੍ਰਕਿਰਿਆ ਵਿੱਚ ਵਧੇਰੇ ਪਾਰਦਰਸ਼ਤਾ ਦੀ ਮੰਗ ਕੀਤੀ ਗਈ ਹੈ।



# ਇਮੀਗ੍ਰੇਸ਼ਨ ਕਾਰੋਬਾਰੀ ਨੇ ਬੈਂਕ ਦੇ ਬਾਥਰੂਮ 'ਚ ਗੋਲੀ ਮਾਰ ਕੇ ਕੀਤੀ ਖ਼ੁਦਕੁਸ਼ੀ

## ਮੋਗੇ ਦਾ ਰਹਿਣ ਵਾਲਾ ਸੀ ਮ੍ਰਿਤਕ ਰਾਜਦੀਪ ਸਿੰਘ, ਮੋਹਾਲੀ ਦੇ ਸੈਕਟਰ 82 'ਚ ਚਲਾਉਂਦਾ ਸੀ ਇਮੀਗ੍ਰੇਸ਼ਨ ਕੰਪਨੀ



ਮੋਹਾਲੀ ਦੇ ਸੈਕਟਰ-68 ਸਥਿਤ ਨਿਜੀ ਬੈਂਕ ਵਿਚ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਇਮੀਗ੍ਰੇਸ਼ਨ ਕੰਪਨੀ ਦੇ ਮਾਲਕ ਰਾਜਦੀਪ ਸਿੰਘ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਰਾਜਦੀਪ ਸਿੰਘ ਮੰਗਲਵਾਰ ਦੁਪਹਿਰ ਬੈਂਕ ਆਇਆ ਅਤੇ ਪਹਿਲੀ ਮੰਜ਼ਿਲ 'ਤੇ ਸਥਿਤ ਲੋਨ ਵਿਭਾਗ ਗਿਆ। ਉਥੇ ਪਹੁੰਚਣ ਤੋਂ ਬਾਅਦ ਉਸ ਨੇ ਬਾਥਰੂਮ ਵਿਚ ਰਿਵਾਲਵਰ ਨਾਲ ਆਪਣੀ ਕੰਨਪਟੀ 'ਤੇ ਗੋਲੀ ਮਾਰ ਲਈ। ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਪੂਰੇ ਬੈਂਕ ਵਿਚ ਹਫੜਾ-ਦਫੜੀ ਮਚ ਗਈ। ਜਦੋਂ ਕਰਮਚਾਰੀ ਉਥੇ ਪਹੁੰਚੇ ਤਾਂ ਅੰਦਰ ਖ਼ੂਨ ਨਾਲ ਲੱਥਪਥ ਲਾਸ਼ ਪਈ ਸੀ। ਇਸ ਤੋਂ ਬਾਅਦ ਤੁਰੰਤ ਪੁਲਿਸ ਕੰਟਰੋਲ ਰੂਮ ਨੂੰ ਸੂਚਿਤ ਕੀਤਾ ਗਿਆ। ਫ਼ੇਜ਼-8 ਥਾਣਾ ਇੰਚਾਰਜ ਸਤਨਾਮ ਸਿੰਘ ਅਪਣੀ ਟੀਮ ਨਾਲ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ।

ਜਾਣਕਾਰੀ ਅਨੁਸਾਰ ਮ੍ਰਿਤਕ ਰਾਜਦੀਪ ਸਿੰਘ ਦਾ ਇਮੀਗ੍ਰੇਸ਼ਨ ਕਾਰੋਬਾਰ ਫ਼ੇਜ਼-11 ਅਤੇ ਸੈਕਟਰ-82 ਤੋਂ ਚਲਾਉਂਦਾ ਸੀ। ਜਦਕਿ ਅਜੇ ਤਕ ਇਹ ਸਪੱਸ਼ਟ ਨਹੀਂ ਹੈ ਕਿ ਉਸ ਨੇ ਖ਼ੁਦਕੁਸ਼ੀ ਵਰਗਾ ਕਦਮ ਕਿਉਂ ਚੁਕਿਆ। ਪੁਲਿਸ ਵੱਲੋਂ ਉਸ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਤਾਂ ਜੋ ਜਾਂਚ ਦੀ ਦਿਸ਼ਾ ਤੈਅ ਕੀਤੀ ਜਾ ਸਕੇ। ਪੁਲਿਸ ਨੇ ਉਸ ਥਾਂ ਤੋਂ ਰਿਵਾਲਵਰ ਬਰਾਮਦ ਕੀਤਾ ਹੈ, ਜਿਸ ਨਾਲ ਰਾਜਦੀਪ ਨੇ ਅਪਣੀ ਜਾਨ ਲਈ ਸੀ। ਜਾਂਚ ਕੀਤੀ ਜਾ ਰਹੀ ਹੈ ਕਿ ਇਹ ਹਥਿਆਰ ਕਿਸ ਦੇ ਨਾਮ 'ਤੇ ਲਾਇਸੈਂਸੀ ਸੀ ਅਤੇ ਕੀ ਇਹ ਮ੍ਰਿਤਕ ਰਾਜਦੀਪ ਦੇ ਨਾਮ 'ਤੇ ਰਜਿਸਟਰਡ ਸੀ। ਇਸ ਘਟਨਾ ਨੇ ਪੁਲਿਸ ਦੇ ਸਾਹਮਣੇ ਇਹ ਸਵਾਲ ਵੀ ਖੜ੍ਹਾ ਕਰ ਦਿੱਤਾ ਹੈ ਕਿ ਰਾਜਦੀਪ ਨੇ ਘਰ ਜਾਂ ਦਫਤਰ ਜਾਣ ਦੀ ਬਜਾਏ ਬੈਂਕ ਦੇ ਅੰਦਰ ਖ਼ੁਦਕੁਸ਼ੀ ਕਿਉਂ ਕੀਤੀ। ਇਸ ਸੰਦਰਭ ਵਿੱਚ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਉਸਦਾ ਕਿਸੇ ਬੈਂਕ ਅਧਿਕਾਰੀ ਨਾਲ ਕੋਈ ਵਿਵਾਦ ਸੀ ਜਾਂ ਬੈਂਕ ਤੋਂ ਲਏ ਗਏ ਕਰਜ਼ੇ ਨੂੰ ਲੈ ਕੇ ਕੋਈ ਤਣਾਅ ਸੀ। ਪੁਲਿਸ ਵੱਲੋਂ ਪਹਿਲੂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਪੰਜਾਬ ਸਰਕਾਰ ਨੂੰ ਐਸ.ਡੀ.ਆਰ.ਐਫ. 'ਤੇ ਜਵਾਬ ਦੇਣਾ ਚਾਹੀਦਾ ਹੈ, ਦੋਵੇਂ ਸਰਕਾਰਾਂ ਹੜ੍ਹ ਰਾਹਤ 'ਤੇ ਖੇਡ ਰਹੀਆਂ ਬਲੇਮ-ਗੇਮ : ਪਰਗਟ ਸਿੰਘ



ਚੰਡੀਗੜ੍ਹ: ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਵਿਧਾਇਕ ਪਦਮਸ਼੍ਰੀ ਪ੍ਰਗਟ ਸਿੰਘ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਐਸ.ਡੀ.ਆਰ.ਐਫ. ਵਿੱਚ 12000 ਕਰੋੜ ਰੁਪਏ ਦੇ ਫੰਡ ਨੂੰ ਲੈ ਕੇ ਇੱਕ ਦੂਜੇ 'ਤੇ ਬਲੇਮ-ਗੇਮ ਖੇਡ ਰਹੀਆਂ ਹਨ। ਬੀ.ਬੀ.ਐਮ.ਬੀ. (ਭਾਖੜਾ ਬਿਆਸ ਪ੍ਰਬੰਧਨ ਬੋਰਡ) ਅਤੇ ਪੰਜਾਬ ਸਰਕਾਰ ਵੀ ਇੱਕ ਦੂਜੇ 'ਤੇ ਦੋਸ਼ ਲਗਾ ਰਹੀਆਂ ਹਨ। ਦੋਵਾਂ ਮਾਮਲਿਆਂ ਵਿੱਚ ਪਾਰਦਰਸ਼ਤਾ ਨਹੀਂ ਦਿਖਾਈ ਜਾ ਰਹੀ ਹੈ।

ਸਹੀ ਅੰਕੜੇ ਲੁਕਾ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਦੇ ਸਾਹਮਣੇ ਸੱਚਾਈ ਲਿਆਉਣ ਲਈ, ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਜਾਂਚ ਕਰਵਾਉਣੀ ਜ਼ਰੂਰੀ ਹੈ, ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਹੜ੍ਹ ਪ੍ਰਭਾਵਿਤ ਪੰਜਾਬ ਲਈ 1600 ਕਰੋੜ ਰੁਪਏ ਦਾ ਪੈਕੇਜ ਵੀ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉਤਰਿਆ, ਇਸ ਨਾਲ ਨਿਰਾਸ਼ਾ ਵਧੀ ਹੈ।

ਉਨ੍ਹਾਂ ਕੇਂਦਰ ਅਤੇ ਸੂਬਾ ਸਰਕਾਰਾਂ ਦੋਵਾਂ ਨੂੰ ਸਖ਼ਤ ਸਵਾਲ ਪੁੱਛੇ। ਪਰਗਟ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਕਹਿ ਰਹੇ ਹਨ ਕਿ ਪੰਜਾਬ ਕੋਲ ਐਸ.ਡੀ.ਆਰ.ਐਫ. ਵਿੱਚ 12000 ਕਰੋੜ ਰੁਪਏ ਹਨ। ਜੇਕਰ ਇਹ ਫੰਡ ਹੈ, ਤਾਂ ਇਹ ਹੜ੍ਹ ਪ੍ਰਭਾਵਿਤ ਪਰਿਵਾਰਾਂ ਤੱਕ ਕਿਉਂ ਨਹੀਂ ਪਹੁੰਚਿਆ? ਜੇਕਰ ਖਰਚ ਕੀਤਾ ਗਿਆ ਹੈ, ਤਾਂ ਇਹ ਕਿੱਥੇ ਖਰਚ ਕੀਤਾ ਗਿਆ? ਪੰਜਾਬ ਸਰਕਾਰ ਇਸ 'ਤੇ ਚੁੱਪ ਕਿਉਂ ਹੈ? ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ।

ਦੂਜੇ ਪਾਸੇ, ਬੀ.ਬੀ.ਐਮ.ਬੀ. ਅਤੇ ਪੰਜਾਬ ਸਰਕਾਰ ਵਿਚਕਾਰ ਦੋਸ਼ਾਂ ਦਾ ਦੌਰ ਜਾਰੀ ਹੈ। ਬੀ.ਬੀ.ਐਮ.ਬੀ. ਪੰਜਾਬ ਸਰਕਾਰ 'ਤੇ ਦੋਸ਼ ਲਾਉਂਦੀ ਹੈ ਅਤੇ ਸੂਬਾ ਸਰਕਾਰ ਬੀ.ਬੀ.ਐਮ.ਬੀ. 'ਤੇ। ਪਰ ਪਾਰਦਰਸ਼ੀ ਅੰਕੜਾ ਕਿੱਥੇ ਹੈ? ਲੋਕ ਜਵਾਬਦੇਹੀ ਚਾਹੁੰਦੇ ਹਨ, ਬਹਾਨੇ ਨਹੀਂ। ਕੀ ਕੇਂਦਰ ਅਤੇ ਸੂਬਾ ਇੱਕੋ ਸਿੱਕੇ ਦੇ ਦੋ ਪਾਸੇ ਹਨ, ਕੀ ਉਹ ਸਿਰਫ਼ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ ਜਾਂ ਕੀ ਪੰਜਾਬ ਵਿਰੁੱਧ ਕੋਈ ਸਾਜ਼ਿਸ਼ ਹੈ?

ਪਰਗਟ ਸਿੰਘ ਨੇ ਕਿਹਾ ਕਿ ਜੇਕਰ ਹਾਈ ਕੋਰਟ ਦੇ ਮੌਜੂਦਾ ਜੱਜ ਵੱਲੋਂ ਨਿਆਂਇਕ ਜਾਂਚ ਕਰਵਾਈ ਜਾਵੇ ਤਾਂ ਸੱਚਾਈ ਸਾਹਮਣੇ ਆ ਸਕਦੀ ਹੈ। ਤਾਂ ਹੀ ਕੇਂਦਰ ਅਤੇ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਤੈਅ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਦੁਖਾਂਤ ਸਿਰਫ਼ ਕੁਦਰਤੀ ਨਹੀਂ ਹੈ, ਸਗੋਂ ਮਨੁੱਖੀ ਲਾਪਰਵਾਹੀ ਕਾਰਨ ਹੋਰ ਵੀ ਭਿਆਨਕ ਹੋਇਆ ਹੈ। ਜਦੋਂ ਤੱਕ ਜਵਾਬਦੇਹੀ ਤੈਅ ਨਹੀਂ ਹੁੰਦੀ, ਪੰਜਾਬ ਨੂੰ ਇਸਦੀ ਕੀਮਤ ਵਾਰ-ਵਾਰ ਚੁਕਾਉਣੀ ਪਵੇਗੀ।

ਉਨ੍ਹਾਂ ਨੇ ਇੱਕ ਵਾਰ ਫਿਰ ਕਿਹਾ ਕਿ ਪੰਜਾਬ ਪਿਛਲੇ ਲਗਭਗ ਚਾਰ ਦਹਾਕਿਆਂ ਵਿੱਚ ਸਭ ਤੋਂ ਭਿਆਨਕ ਆਫ਼ਤ ਦਾ ਸਾਹਮਣਾ ਕਰ ਰਿਹਾ ਹੈ। ਪੂਰੇ ਪਿੰਡ ਡੁੱਬ ਗਏ ਹਨ, ਲੱਖਾਂ ਏਕੜ ਫਸਲਾਂ ਤਬਾਹ ਹੋ ਗਈਆਂ ਹਨ, ਘਰ ਅਤੇ ਪਸ਼ੂ ਤਬਾਹ ਹੋ ਗਏ ਹਨ। ਅਜਿਹੇ ਔਖੇ ਸਮੇਂ ਵਿੱਚ, ਪੰਜਾਬੀਆਂ ਨੂੰ ਰਾਸ਼ਟਰੀ ਸਬੰਧ ਅਤੇ ਗਲੇ ਲਗਾਉਣ ਦੀ ਉਮੀਦ ਸੀ। ਪਰ ਉਨ੍ਹਾਂ ਨੂੰ ਜੋ ਮਿਲਿਆ ਉਹ ਨੁਕਸਾਨ ਦੀ ਸਤ੍ਹਾ ਨੂੰ ਵੀ ਨਹੀਂ ਛੂਹਦਾ। ਇਹ ਰਾਹਤ ਨਹੀਂ ਹੈ, ਇਹ ਸਿਰਫ਼ ਕਾਗਜ਼ੀ ਕਾਰਵਾਈ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਨੂੰ ਇੱਕ ਵਿਆਪਕ ਪੁਨਰਵਾਸ ਯੋਜਨਾ ਦੀ ਲੋੜ ਹੈ, ਨਾ ਕਿ ਟੋਕਨ ਐਲਾਨਾਂ ਦੀ। ਸਰਕਾਰ ਨੂੰ ਘੱਟੋ-ਘੱਟ ਇੱਕ ਰਾਸ਼ਟਰੀ ਆਫ਼ਤ ਦਾ ਐਲਾਨ ਕਰਨਾ ਚਾਹੀਦਾ ਹੈ, ਕਿਸਾਨਾਂ ਦੇ ਕਰਜ਼ੇ ਮੁਆਫ ਕਰਨੇ ਚਾਹੀਦੇ ਹਨ, ਕਿਸਾਨਾਂ ਅਤੇ ਬੇਜ਼ਮੀਨੇ ਪਰਿਵਾਰਾਂ ਨੂੰ ਸਿੱਧੀ ਨਕਦ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਇੱਕ ਸਮੇਂ ਸਿਰ ਅਤੇ ਪਾਰਦਰਸ਼ੀ ਪ੍ਰਣਾਲੀ ਬਣਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਪੰਜਾਬ ਨੂੰ ਸਿਰਫ਼ ਹਮਦਰਦੀ ਦੇ ਸ਼ਬਦਾਂ ਦੀ ਨਹੀਂ, ਸਗੋਂ ਸਤਿਕਾਰ, ਸਨਮਾਨ ਅਤੇ ਅਸਲ ਰਾਹਤ ਦੀ ਲੋੜ ਹੈ।

# ਗਿਆਨੀ ਹਰਪ੍ਰੀਤ ਸਿੰਘ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਦਾ ਐਲਾਨ



ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਐਲਾਨ ਕੀਤਾ ਕਿ ਜਥੇਬੰਦੀ ਵੱਲੋਂ ਹੜ੍ਹ ਪੀੜਤਾਂ ਲਈ ਇਕ ਲੱਖ ਲੀਟਰ ਡੀਜ਼ਲ ਦਿੱਤਾ ਜਾਵੇਗਾ। ਜਥੇਬੰਦੀ ਵੱਲੋਂ ਨੁਕਸਾਨੇ ਗਏ ਘਰਾਂ ਦੀ ਮੁਰੰਮਤ ਲਈ ਵੀ ਸਹਿਯੋਗ ਦਿੱਤਾ ਜਾਵੇਗਾ। ਰਦੁਆਰਿਆਂ ਦੀਆਂ ਨੁਕਸਾਨੀਆਂ ਇਮਾਰਤਾਂ ਲਈ ਵੱਖਰੇ ਉਪਰਾਲੇ ਕੀਤਾ ਜਾਣਗੇ। ਹੜ੍ਹ ਪੀੜਤਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਕਾਪੀਆਂ ਅਤੇ ਹੋਰ ਸਾਮਾਨ ਵੀ ਨਵੇਂ ਬਣੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਿੱਤਾ ਜਾਵੇਗਾ। ਗਿਆਨੀ ਹਰਪ੍ਰੀਤ ਸਿੰਘ ਨੇ ਹੋਰਨਾਂ ਆਗੂਆਂ ਸਣੇ ਅੱਜ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਵੀ ਕੀਤਾ। ਉਨ੍ਹਾਂ ਕਿਹਾ ਕਿ ਜਥੇਬੰਦੀ ਦੇ ਆਗੂਆਂ ਨੇ ਵੀ ਹੜ੍ਹ ਪੀੜਤਾਂ ਲਈ ਕਰੋੜਾਂ ਰੁਪਏ ਦਾ ਦਾਨ ਦਿੱਤਾ ਹੈ, ਜਿਨ੍ਹਾਂ ਵਿੱਚੋਂ ਸੁਰਜੀਤ ਸਿੰਘ ਰੱਖੜਾ ਵੱਲੋਂ ਦਸ ਕਰੋੜ ਰੁਪਏ ਦਿੱਤੇ ਗਏ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜਾਰੀ ਕੀਤੇ 1600 ਕਰੋੜ ਰੁਪਏ ਦੇ ਰਾਹਤ ਪੈਕੇਜ ਨੂੰ ਮਜ਼ਾਕ ਦੱਸਿਆ।

# CM ਭਗਵੰਤ ਮਾਨ ਨੇ ਗਾਇਕ ਮਨਕੀਰਤ ਔਲਖ ਨਾਲ ਵੀਡੀਓ ਕਾਲ 'ਤੇ ਕੀਤੀ ਗੱਲਬਾਤ



ਮੁਹਾਲੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਸਪਤਾਲ ਤੋਂ ਵੀਡੀਓ ਕਾਲ 'ਤੇ ਪੰਜਾਬੀ ਗਾਇਕ ਮਨਕੀਰਤ ਔਲਖ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਪੰਜਾਬ ਵਿਚ ਹੜ੍ਹਾਂ ਦੌਰਾਨ ਉਨ੍ਹਾਂ ਵਲੋਂ ਕੀਤੇ ਜਾ ਰਹੇ ਬਚਾਅ ਕਾਰਜਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਮਨਕੀਰਤ ਔਲਖ ਸੀਐੱਮ ਨੂੰ ਅਪੀਲ ਕੀਤੀ ਕਿ ਉਹ ਛੋਟੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਤਾਂ ਕਿ ਕੁਝ ਬੋਝ ਹਲਕਾ ਹੋ ਸਕੇ। ਮੁੱਖ ਮੰਤਰੀ ਨੇ ਕਿਹਾ ਹੈ ਕਿ ਅਸੀਂ ਕਰਜਾ ਮੁਆਫ ਕਰਨ ਉੱਤੇ ਵਿਚਾਰ ਕਰ ਰਹੇ ਹਾਂ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਮੈਂ ਛੇਤੀ ਆਵਾਂਗਾ ਲੋਕਾਂ ਕੋਲ, ਕੋਈ ਚੁੱਲ੍ਹਾ ਬੁਝਣ ਨਹੀਂ ਦੇਣਾ।

# PM ਮੋਦੀ ਹਾਕੀ ਟੀਮ ਦੀ ਜਿੱਤ ਤੋਂ ਹੋਏ ਖ਼ੁਸ਼

## ਏਸ਼ੀਆ ਕੱਪ ਵਿੱਚ ਜਿੱਤ 'ਤੇ ਦਿੱਤੀ ਵਧਾਈ



ਨਵੀਂ ਦਿੱਲੀ: ਭਾਰਤੀ ਪੁਰਸ਼ ਹਾਕੀ ਟੀਮ ਨੇ ਏਸ਼ੀਆ ਕੱਪ 2025 ਦਾ ਖਿਤਾਬ ਜਿੱਤ ਲਿਆ ਹੈ। ਭਾਰਤ ਦੀ ਹਾਕੀ ਟੀਮ ਨੇ ਐਤਵਾਰ ਨੂੰ ਬਿਹਾਰ ਦੇ ਰਾਜਗੀਰ ਵਿੱਚ ਖੇਡੇ ਗਏ ਫਾਈਨਲ ਮੈਚ ਵਿੱਚ ਦੱਖਣੀ ਕੋਰੀਆ ਨੂੰ 4-1 ਨਾਲ ਹਰਾਇਆ ਹੈ। ਭਾਰਤੀ ਟੀਮ ਨੇ 8 ਸਾਲਾਂ ਦੇ ਅੰਤਰਾਲ ਤੋਂ ਬਾਅਦ ਪੁਰਸ਼ ਏਸ਼ੀਆ ਕੱਪ ਹਾਕੀ ਟੂਰਨਾਮੈਂਟ ਦਾ ਖਿਤਾਬ ਜਿੱਤਿਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਭਾਰਤੀ ਟੀਮ ਦੀ ਇਸ ਜਿੱਤ ਤੋਂ ਬਹੁਤ ਖ਼ੁਸ਼ ਹਨ। ਪੀਐਮ ਮੋਦੀ ਨੇ ਭਾਰਤ ਦੀ ਇਸ ਜਿੱਤ ਨੂੰ ਬਹੁਤ ਖਾਸ ਦੱਸਿਆ ਹੈ।

ਸੋਸ਼ਲ ਮੀਡੀਆ ਪਲੇਟਫਾਰਮ ਯ 'ਤੇ ਇੱਕ ਪੋਸਟ ਵਿੱਚ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ- "ਬਿਹਾਰ ਦੇ ਰਾਜਗੀਰ ਵਿੱਚ ਆਯੋਜਿਤ ਏਸ਼ੀਆ ਕੱਪ 2025 ਵਿੱਚ ਸ਼ਾਨਦਾਰ ਜਿੱਤ ਲਈ ਸਾਡੀ ਪੁਰਸ਼ ਹਾਕੀ ਟੀਮ ਨੂੰ ਵਧਾਈਆਂ। ਇਹ ਜਿੱਤ ਹੋਰ ਵੀ ਖਾਸ ਹੈ ਕਿਉਂਕਿ ਉਨ੍ਹਾਂ ਨੇ ਮੌਜੂਦਾ ਚੈਂਪੀਅਨ ਦੱਖਣੀ ਕੋਰੀਆ ਨੂੰ ਹਰਾਇਆ ਹੈ। ਇਹ ਭਾਰਤੀ ਹਾਕੀ ਅਤੇ ਭਾਰਤੀ ਖੇਡਾਂ ਲਈ ਮਾਣ ਵਾਲਾ ਪਲ ਹੈ। ਸਾਡੇ ਖਿਡਾਰੀ ਨਵੀਆਂ ਉਚਾਈਆਂ ਛੂਹਦੇ ਰਹਿਣ ਅਤੇ ਦੇਸ਼ ਲਈ ਹੋਰ ਸ਼ਾਨ ਲਿਆਉਣ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਏਸ਼ੀਆ ਕੱਪ ਹਾਕੀ ਟੂਰਨਾਮੈਂਟ ਦੇ ਸਫਲ ਆਯੋਜਨ ਲਈ ਬਿਹਾਰ ਸਰਕਾਰ ਅਤੇ ਲੋਕਾਂ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਮੈਂ ਬਿਹਾਰ ਸਰਕਾਰ ਅਤੇ ਲੋਕਾਂ ਦੀ ਵੀ ਸ਼ਲਾਘਾ ਕਰਨਾ ਚਾਹਾਂਗਾ, ਜਿਨ੍ਹਾਂ ਦੇ ਯਤਨਾਂ ਨੇ ਰਾਜਗੀਰ ਨੂੰ ਇੱਕ ਸ਼ਾਨਦਾਰ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਅਤੇ ਇੱਕ ਜੀਵੰਤ ਖੇਡ ਕੇਂਦਰ ਬਣਨ ਦੇ ਯੋਗ ਬਣਾਇਆ ਹੈ।"

# 12 ਸਾਲ ਪੁਰਾਣੇ ਕੇਸ 'ਚ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਗ੍ਰਿਫ਼ਤਾਰ

ਤਰਨ ਤਾਰਨ : ਵਧੀਕ ਸੈਸ਼ਨ ਜੱਜ ਤਰਨ ਤਾਰਨ ਪ੍ਰੇਮ ਕੁਮਾਰ ਦੀ ਅਦਾਲਤ ਨੇ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਸਮੇਤ 12 ਨੂੰ ਇੱਕ ਦਲਿਤ ਪਰਿਵਾਰ ਦੀ ਲੜਕੀ ਨਾਲ ਛੇੜਛਾੜ ਅਤੇ ਕੁੱਟਮਾਰ ਕਰਨ ਦੇ ਮਾਮਲੇ ਵਿੱਚ ਮੁੱਖ ਦੋਸ਼ੀ ਕਰਾਰ ਦੇ ਦਿੱਤਾ ਹੈ। ਵਿਧਾਇਕ ਸਮੇਤ 8 ਆਰੋਪੀਆਂ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ 'ਚ 12 ਸਤੰਬਰ ਨੂੰ ਸਜ਼ਾ ਸੁਣਾਈ ਜਾਵੇਗੀ।

ਜ਼ਿਕਰਯੋਗ ਹੈ ਕਿ 4 ਮਾਰਚ 2013 ਨੂੰ ਪਿੰਡ ਉਸਮਾਂ ਦੀ ਰਹਿਣ ਵਾਲੀ ਪੀੜਤ ਆਪਣੇ ਪਿਤਾ ਕਸ਼ਮੀਰ ਸਿੰਘ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਮਹਿਲ ਪਹੁੰਚੀ ਸੀ। ਜਦੋਂ ਪੀੜਤ ਨਾਲ ਉੱਥੇ ਮੌਜੂਦ ਟੈਕਸੀ ਡਰਾਈਵਰਾਂ ਨੇ ਕਥਿਤ ਤੌਰ 'ਤੇ ਛੇੜਛਾੜ ਕੀਤੀ। ਜਦੋਂ ਉਨ੍ਹਾਂ ਨੇ ਵਿਰੋਧ ਕੀਤਾ ਤਾਂ ਟੈਕਸੀ ਡਰਾਈਵਰਾਂ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ। ਮੌਕੇ 'ਤੇ ਪਹੁੰਚੀ ਪੁਲਿਸ ਨੇ ਪਰਿਵਾਰ ਨੂੰ ਸੜਕ 'ਤੇ ਬੇਰਹਿਮੀ ਨਾਲ ਕੁੱਟਿਆ। ਜਿਵੇਂ ਹੀ ਇਹ ਵੀਡੀਓ ਮੀਡੀਆ 'ਤੇ ਪਹੁੰਚੀ, ਇਹ ਮਾਮਲਾ ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ। ਜਿਸ ਦੌਰਾਨ ਸੁਪਰੀਮ ਕੋਰਟ ਨੇ ਮਾਮਲੇ ਦਾ ਨੋਟਿਸ ਲਿਆ ਅਤੇ ਪੀੜਤ ਪਰਿਵਾਰ ਨੂੰ ਸੁਰੱਖਿਆ ਪ੍ਰਦਾਨ ਕਰਨ ਦੇ ਆਦੇਸ਼ ਦਿੱਤੇ।

# ਵਿਧਾਇਕ ਰਾਣਾ ਇੰਦਰ ਪ੍ਰਤਾਪ ਨੇ ਹੜ੍ਹਾਂ ਨੂੰ ਲੈ ਕੇ ਚੁੱਕਿਐ ਸਵਾਲ, ਹੜ੍ਹਾਂ ਕਾਰਨ ਪੰਜਾਬ ਦਾ ਵੱਡਾ ਨੁਕਸਾਨ ਹੋਇਆ ਪਰ ਇਸ ਦਾ ਜ਼ਿੰਮੇਵਾਰ ਕੌਣ?



ਹੜ੍ਹਾਂ ਬਾਰੇ ਜਾਣਕਾਰੀ ਦਿੰਦੇ ਹੋਏ ਵਿਧਾਇਕ ਰਾਣਾ ਗੁਰਜੀਤ ਅਤੇ ਉਨ੍ਹਾਂ ਦੇ ਪੁੱਤਰ ਵਿਧਾਇਕ ਰਾਣਾ ਇੰਦਰ ਪ੍ਰਤਾਪ ਨੇ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਮੁਸ਼ਕਲ ਸਮੇਂ ਵਿੱਚੋਂ ਗੁਜ਼ਰ ਰਿਹਾ ਹੈ, ਪਾਣੀ ਤੋਂ ਬਿਨਾਂ ਬਚਣਾ ਅਸੰਭਵ ਹੈ ਅਤੇ ਮੀਂਹ ਕੁਦਰਤੀ ਹੈ ਪਰ ਹੜ੍ਹ ਮਨੁੱਖ ਦੁਆਰਾ ਬਣਾਏ ਗਏ ਹਨ, ਜਿਸ ਨੂੰ ਵਿਭਾਗੀ ਅਧਿਕਾਰੀਆਂ ਅਤੇ ਮੰਤਰੀਆਂ ਨੇ ਹਲਕੇ ਵਿੱਚ ਲਿਆ ਕਿਉਂਕਿ ਹਰ ਤੀਜੇ ਸਾਲ ਆਉਣ ਵਾਲੇ ਹੜ੍ਹ ਕਿਸਾਨਾਂ ਨੂੰ ਪਰੇਸ਼ਾਨ ਕਰਦੇ ਹਨ।

ਬਰਸਾਤ ਗੁਰਜੀਤ ਨੇ ਕਿਹਾ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਕਿ ਜਸਟਿਸ ਦੀ ਨਿਗਰਾਨੀ ਹੇਠ ਹੜ੍ਹਾਂ ਬਾਰੇ ਜਾਂਚ ਹੋਣੀ ਚਾਹੀਦੀ ਹੈ। ਰਾਵੀ ਦਾ ਬੈਰਾਜ ਅਚਾਨਕ ਖੋਲ੍ਹੋ ਅਤੇ ਡੈਮ ਤੋਂ ਪਾਣੀ ਛੱਡੋ, ਜਦੋਂ ਕਿ ਮਾਧੋਪੁਰ ਦੇ ਗੇਟ ਨਹੀਂ ਖੁੱਲ੍ਹੇ, ਉਹ ਟੁੱਟ ਗਏ ਅਤੇ ਪਾਣੀ ਨੇ ਰਾਤ ਨੂੰ ਸੁੱਤੇ ਲੋਕਾਂ ਨੂੰ ਘੇਰ ਲਿਆ, ਇਸ ਵਿੱਚ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਿਆ ਹੈ, ਪਾਣੀ ਡੁੱਬ ਗਿਆ ਹੈ, ਇਸ ਵਿੱਚ ਜ਼ਿੰਮੇਵਾਰੀ ਤੈਅ ਕੀਤੀ ਜਾਣੀ ਚਾਹੀਦੀ ਹੈ। ਬਾਰਿਸ਼ ਜ਼ਰੂਰੀ ਹੈ ਅਤੇ ਹੜ੍ਹ ਨੂੰ ਕੰਟਰੋਲ ਕਰਨ ਲਈ ਡੈਮ ਬਣਾਇਆ ਗਿਆ ਹੈ, ਇਸ ਲਈ ਪੰਜਾਬ ਸਰਕਾਰ ਅਤੇ ਬੀਬੀਐਮਬੀ ਦੋਵੇਂ ਜ਼ਿੰਮੇਵਾਰ ਹਨ, ਜਿਸ ਵਿੱਚ ਇੱਕ ਮੌਜੂਦਾ ਜੱਜ ਦੁਆਰਾ ਜਾਂਚ ਹੋਣੀ ਚਾਹੀਦੀ ਹੈ। ਮੈਂ ਮੋਦੀ ਸਾਹਿਬ ਨੂੰ ਕਿਹਾ ਹੈ ਕਿ ਸਿੰਚਾਈ ਨਹਿਰ ਦਾ ਡਾਇਰੈਕਟਰ ਪੰਜਾਬ ਤੋਂ ਹੋਣਾ ਚਾਹੀਦਾ ਹੈ, ਜਿਸਨੂੰ ਪੰਜਾਬ ਦੇ ਦਰਦ ਤੋਂ ਜਾਣੂ ਹੋਣਾ ਚਾਹੀਦਾ ਹੈ ਕਿਉਂਕਿ ਜਦੋਂ ਪਾਣੀ ਛੱਡਿਆ ਜਾਂਦਾ ਹੈ, ਤਾਂ ਇੱਕ ਅਜਿਹਾ ਸਿਸਟਮ ਹੋਣਾ ਚਾਹੀਦਾ ਹੈ ਤਾਂ ਜੋ ਪਾਣੀ ਨੂੰ ਬਾਹਰ ਕੱਢਿਆ ਜਾ ਸਕੇ। ਇਸ ਦੇ ਨਾਲ ਹੀ, ਮੌਸਮ ਸੰਬੰਧੀ ਬੀਬੀਐਮਬੀ ਵਿੱਚ ਸਾਡੀ ਕਮੇਟੀ ਵਿੱਚ, ਪੰਜਾਬ ਦੀ ਭੂਮਿਕਾ ਹੋਣੀ ਚਾਹੀਦੀ ਹੈ ਤਾਂ ਜੋ ਇਸਦੇ ਸੁਝਾਅ ਦਿੱਤੇ ਜਾ ਸਕਣ।

ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਕਿਹਾ ਕਿ ਜਦੋਂ ਵੀ ਹੜ੍ਹ ਦੀ ਸਥਿਤੀ ਆਈ ਹੈ, ਅਸੀਂ ਹਮੇਸ਼ਾ ਸਰਕਾਰ ਨੂੰ ਆਪਣੀ ਆਵਾਜ਼ ਉਠਾਈ ਹੈ। 2023 ਵਿੱਚ ਵੀ ਹੜ੍ਹ ਮਨੁੱਖ ਦੁਆਰਾ ਬਣਾਇਆ ਗਿਆ ਸੀ ਕਿਉਂਕਿ ਪਾਣੀ ਨੂੰ ਉਦੋਂ ਤੱਕ ਨਹੀਂ ਬਚਾਇਆ ਜਾ ਸਕਦਾ ਜਦੋਂ ਤੱਕ ਇਸਨੂੰ ਸਿਸਟਮ ਤੋਂ ਬਾਹਰ ਨਹੀਂ ਕੱਢਿਆ ਜਾਂਦਾ, ਇਸ ਲਈ ਮੈਂ 14 ਤਰੀਕ ਨੂੰ ਕਿਹਾ ਸੀ, ਉਸ ਤੋਂ ਕੁਝ ਦਿਨਾਂ ਬਾਅਦ ਹੜ੍ਹ ਆਇਆ। ਮੀਂਹ ਕੁਦਰਤੀ ਹੈ ਅਤੇ ਹੜ੍ਹ ਕੁਦਰਤੀ ਨਹੀਂ ਹੈ। ਰਾਣਾ ਇੰਦਰ ਨੇ ਕਿਹਾ ਕਿ ਸਰਕਾਰ ਨੂੰ ਉਸ ਡੇਟਾ ਦਾ ਜਵਾਬ ਦੇਣਾ ਚਾਹੀਦਾ ਹੈ ਜੋ ਮੈਂ ਦਿਖਾਵਾਂਗਾ। ਰਾਣਾ ਇੰਦਰ ਪ੍ਰਤਾਪ ਨੇ ਕਿਹਾ ਕਿ ਜੁਲਾਈ ਦੇ 12 ਦਿਨਾਂ ਦਾ ਡੇਟਾ ਹੈ, ਪੌਂਗ ਡੈਮ ਤੋਂ 1 ਲੱਖ 85 ਹਜ਼ਾਰ ਪਾਣੀ ਛੱਡਿਆ ਗਿਆ ਸੀ, ਜਿਸ ਵਿੱਚ ਕੋਈ ਕੰਟਰੋਲ ਪਾਣੀ ਨਹੀਂ ਸੀ, ਇਹ 2 ਲੱਖ 34 ਹਜ਼ਾਰ ਸੀ। ਦਿਲਵਾ ਵਿੱਚ 4 ਲੱਖ 19 ਹਜ਼ਾਰ, ਫਿਰ 12 ਦਿਨਾਂ ਵਿੱਚ 43 ਹਜ਼ਾਰ 575 ਕਿਊਸਿਕ। ਹਰੀਕੇ ਵਿੱਚ 4 ਲੱਖ 63 ਹਜ਼ਾਰ ਆਇਆ, ਜਿਸ ਵਿੱਚੋਂ 2 ਲੱਖ ਛੱਡਿਆ ਗਿਆ। ਰਾਣਾ ਇੰਦਰ ਨੇ ਕਿਹਾ ਕਿ ਅਗਸਤ ਅਤੇ ਸਤੰਬਰ ਵਿੱਚ ਵੀ ਅਜਿਹਾ ਹੀ ਹੋਇਆ ਸੀ ਜਿਸ ਵਿੱਚ ਫਿਲਵਾਂ ਵਿੱਚ 8 ਲੱਖ ਕਿਊਸਿਕ ਪਾਣੀ ਰੋਕਿਆ ਗਿਆ ਸੀ, ਜਿਸ ਵਿੱਚ ਪਹਿਲਾਂ ਪਿੱਛੇ ਵਾਲੇ ਲੋਕ ਅਤੇ ਫਿਰ ਸਾਹਮਣੇ ਵਾਲੇ ਲੋਕ ਡੁੱਬ ਗਏ। ਜੇਕਰ ਅਸੀਂ ਪੌਂਗ ਡੈਮ ਵਿੱਚ 25 ਤਾਰੀਖ ਤੋਂ ਸ਼ੁਰੂ ਕਰਦੇ ਹਾਂ ਅਤੇ 7,8 ਦਿਨਾਂ ਦੀ ਸਥਿਤੀ ਵੇਖੀਏ, ਤਾਂ ਹੜ੍ਹ ਦੀ ਸਥਿਤੀ ਸੀ, ਪੌਂਗ ਨੇ ਦਰਿਆ ਨੂੰ ਮਾਰ ਦਿੱਤਾ, ਫਿਰ ਜੇਕਰ ਅਸੀਂ ਭਾਖੜਾ ਦੀ ਗੱਲ ਕਰੀਏ, ਤਾਂ 20/07 ਤੋਂ, ਜੇਕਰ ਅਸੀਂ ਲਗਭਗ 25 ਦਿਨਾਂ ਨੂੰ ਵੇਖੀਏ, ਤਾਂ ਇਹ 25 ਤਾਰੀਖ ਤੱਕ ਉੱਪਰ ਜਾ ਰਿਹਾ ਸੀ ਅਤੇ ਪੱਧਰ ਵਧਿਆ ਜਿਸ ਤੋਂ ਬਾਅਦ ਇਹ ਅੰਕੜਾ ਸਿੱਧਾ 3 ਲੱਖ ਤੋਂ ਵਧਾ ਦਿੱਤਾ ਗਿਆ। ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਨੂੰ ਜਾਣਬੁੱਝ ਕੇ ਡੁੱਬਾਇਆ ਗਿਆ ਸੀ ਕਿਉਂਕਿ ਇਹ ਕਿਸਦੀ ਸਾਜ਼ਿਸ਼ ਸੀ ਅਤੇ ਕਿਸ ਦੇ ਹੁਕਮਾਂ 'ਤੇ ਇਸਨੂੰ ਛੱਡਿਆ ਗਿਆ ਸੀ, ਇਹ ਦੱਸਿਆ ਜਾਣਾ ਚਾਹੀਦਾ ਹੈ। ਜੇਕਰ ਅਸੀਂ ਹਰੀਕੇ ਦੇ ਡੈਮ ਦੇ ਪੱਧਰ ਨੂੰ ਵੇਖੀਏ, ਤਾਂ ਪੌਂਗ ਦਾ ਪੱਧਰ 591 ਫੁੱਟ ਹੈ, ਜਿਸ ਵਿੱਚ ਜੇਕਰ ਅਸੀਂ ਇਸਨੂੰ ਵੇਖੀਏ, ਤਾਂ ਹਰੀਕੇ ਹੁਣ 583 'ਤੇ ਹੈ ਅਤੇ ਜਦੋਂ ਡੈਮ ਦਾ ਪੱਧਰ ਵਧੇਗਾ, ਤਾਂ ਨਹਿਰਾਂ ਵਿੱਚ ਪਾਣੀ ਵਹਿ ਜਾਵੇਗਾ ਅਤੇ ਨੁਕਸਾਨ ਹੋਵੇਗਾ। ਰਾਣਾ ਇੰਦਰਪ੍ਰਤਾਪ ਨੇ ਕਿਹਾ ਕਿ ਜੇਕਰ ਅਸੀਂ ਹਾੜੀ ਦੀ ਗੱਲ ਕਰੀਏ ਤਾਂ ਮਾਧੋਪੁਰ ਡੈਮ 28 ਤਰੀਕ ਨੂੰ ਓਵਰਫਲੋ ਹੋ ਗਿਆ, ਜਿਸਦੀ ਸਮਰੱਥਾ 5 ਲੱਖ 75 ਹਜ਼ਾਰ ਹੈ, ਜੋ ਕਿ 7 ਲੱਖ ਕਿਊਸਿਕ ਨਿਕਲੀ, ਜਿਸ ਵਿੱਚ ਸ਼ਾਹਪੁਰ ਕੰਢੀ ਅਤੇ ਰਣਜੀਤ ਸਾਗਰ ਡੈਮ ਦਾ ਖੇਤਰ ਸ਼ਾਮਲ ਹੈ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr., Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT AJWA DATE FRESH SEED POWDER
100% NATURAL PRODUCT | PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim
Tel: (416) 746-6699
Fax: (416) 746-6667
2662 Drew Road, Mississauga

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
MORTGAGE ALLIANCE
THE RIGHT BROKER™ THE RIGHT MORTGAGE®
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611


website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਸਭ ਤੋਂ ਵੱਡਾ ਪੁੰਨ




ਇੱਕ ਪਿੰਡ ਵਿੱਚ ਇੱਕ ਗਰੀਬ ਪਰ ਬਹੁਤ ਹੀ ਇਮਾਨਦਾਰ ਕਿਸਾਨ ਰਹਿੰਦਾ ਸੀ। ਉਸਦੇ ਨਾਲ ਉਸਦੀ ਜੀਵਨ ਸਾਥਣ, ਦੋ ਧੀਆਂ ਅਤੇ ਇੱਕ ਪੁੱਤਰ ਸੀ। ਉਹ ਧਰਤੀ ਨਾਲ ਜੁੜਿਆ ਹੋਇਆ, ਰੱਬ ਨੂੰ ਯਾਦ ਕਰਨ ਵਾਲਾ ਅਤੇ ਮਿਹਨਤ ਨਾਲ ਰੋਟੀ ਕਮਾਉਣ ਵਾਲਾ ਸੀ।

ਕਿਸਾਨ ਨੇ ਆਪਣੀ ਸਮਰੱਥਾ ਅਨੁਸਾਰ ਇੱਕ ਛੋਟਾ ਘਰ ਬਣਾਇਆ ਸੀ। ਉਹ ਮੱਝਾਂ ਤੇ ਗਾਵਾਂ ਰੱਖਦਾ, ਉਹਨਾਂ ਨੂੰ ਪਿਆਰ ਨਾਲ ਪਾਲਦਾ। ਦੁੱਧ ਘਰ ਵਿੱਚ ਵੀ ਵਰਤਦਾ ਅਤੇ ਬਾਜ਼ਾਰ ਵਿੱਚ ਵੀ ਵੇਚਦਾ। ਉਸਦੀ ਜ਼ਿੰਦਗੀ ਵਿੱਚ ਕਦੇ ਬੇਈਮਾਨੀ ਨਹੀਂ ਆਈ। ਉਸਦੇ ਹਿਰਦੇ ਵਿੱਚ ਹਮੇਸ਼ਾਂ ਸ਼ੁਕਰਾਨਾ ਸੀ—"ਜੋ ਕੁਝ ਹੈ, ਉਹ ਤੇਰੇ ਭਾਣੇ ਨਾਲ ਹੈ, ਹੇ ਰੱਬ।"

ਉਸਦਾ ਪਰਿਵਾਰ ਹੱਸਦਾ-ਵਸਦਾ ਸੀ। ਉਹਨਾਂ ਦੀਆਂ ਅੱਖਾਂ ਵਿੱਚ ਕੋਈ ਲਾਲਚ ਨਹੀਂ ਸੀ, ਸਿਰਫ਼ ਸੰਤੁਸ਼ਟੀ ਅਤੇ ਰੱਬ ਨਾਲ ਪਿਆਰ ਸੀ।

ਪਰ ਇੱਕ ਸ਼ਾਮ ਆਕਾਸ਼ ਵਿੱਚ ਕਾਲੇ ਬੱਦਲ ਛਾ ਗਏ। ਕੁਝ ਹੀ ਪਲਾਂ ਵਿੱਚ ਮੋਹਲੇਧਾਰ ਵਰਖਾ ਹੋਈ। ਦਰਿਆ, ਜੋ ਉਸਦੇ ਘਰ ਤੋਂ ਕੁਝ ਹੀ ਦੂਰੀ 'ਤੇ ਸੀ, ਠਾਠਾਂ ਮਾਰਨ ਲੱਗ ਪਿਆ। ਬੰਨ ਟੁੱਟਿਆ ਅਤੇ ਪਾਣੀ ਸਭ ਕੁਝ ਵਹਾ ਲੈ ਗਿਆ।

ਕਿਸਾਨ ਨੂੰ ਸਮਾਂ ਹੀ ਨਾ ਮਿਲਿਆ ਕਿ ਉਹ ਆਪਣੇ ਘਰ ਦਾ ਸਮਾਨ ਸੁਰੱਖਿਅਤ ਥਾਂ ਤੇ ਰੱਖ ਸਕੇ। ਨਾ ਹੀ ਉਹ ਆਪਣੀਆਂ ਮੱਝਾਂ-ਗਾਵਾਂ ਖੋਲ੍ਹ ਸਕਿਆ। ਦੇਖਦਿਆਂ ਹੀ ਦੇਖਦਿਆਂ ਉਸ ਦੀਆਂ ਅੱਖਾਂ ਦੇ ਸਾਹਮਣੇ ਮੱਝਾਂ, ਗਾਵਾਂ ਪਾਣੀ ਵਿੱਚ ਡੁੱਬ ਗਈਆਂ । ਉਸਦਿ ਸਾਂਭਿਆ ਅਨਾਜ ਅਤੇ ਬੀਜ ਪਾਣੀ ਵਿੱਚ ਰੁੜ ਗਿਆ। ਘਰ ਪਾਣੀ ਨਾਲ ਘਿਰ ਗਿਆ ਅਤੇ ਅੰਤ ਵਿੱਚ ਢਹਿ ਗਿਆ।

ਕਿਸਾਨ ਆਪਣੇ ਪਰਿਵਾਰ ਸਮੇਤ ਦਰਿਆ ਦੇ ਰੁੜਨ ਲੱਗਾ। ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਜਾਨ ਬਚਾਉਣਾ ਮੁਸ਼ਕਲ ਸੀ। ਚਾਰੇ ਪਾਸੇ ਹਾਹਾਕਾਰ ਮਚ ਗਈ।

**ਰੱਬ ਵਾਂਗ ਬਚਾਉਣ ਵਾਲੇ**

ਉਸ ਵੇਲੇ ਇੱਕ ਬਹਾਦਰ ਆਦਮੀ ਵੱਡਾ ਰੱਸਾ ਲੈ ਕੇ ਦੌੜਿਆ। ਉਸਨੇ ਹੌਸਲੇ ਨਾਲ ਇੱਕ-ਇੱਕ ਕਰਕੇ ਕਿਸਾਨ, ਉਸਦੀ ਪਤਨੀ, ਧੀਆਂ ਅਤੇ ਪੁੱਤਰ ਨੂੰ ਪਾਣੀ ਵਿੱਚੋਂ ਕੱਢਿਆ। ਉਸਨੇ ਉਹਨਾਂ ਦੀ ਜਾਨ ਬਚਾਈ।

ਫਿਰ ਦੂਜਾ ਆਦਮੀ ਪਾਣੀ ਲਿਆਇਆ। ਪਾਣੀ ਪੀ ਕੇ ਪਰਿਵਾਰ ਦੇ ਹੌਸਲੇ ਵਧੇ, ਸਾਹ ਟਿਕੇ।

ਤੀਜਾ ਆਦਮੀ ਭੱਜ ਕੇ ਆਪਣੇ ਘਰੋਂ ਰੋਟੀ-ਸਬਜ਼ੀ ਲਿਆਇਆ। ਉਹਨਾਂ ਨੇ ਖਾਧਾ ਤਾਂ ਕੁਝ ਸਹਾਰਾ ਮਿਲਿਆ।

ਚੌਥਾ ਆਦਮੀ, ਜੋ ਨੇਕਦਿਲ ਸੀ, ਉਹਨਾਂ ਨੂੰ ਆਪਣੇ ਘਰ ਵਿੱਚ ਲੈ ਗਿਆ। ਉਸਨੇ ਕੱਪੜੇ ਦਿੱਤੇ, ਰਹਿਣ ਲਈ ਛੱਤ ਦਿੱਤੀ।

ਕਿਸਾਨ ਦੀਆਂ ਅੱਖਾਂ ਵਿੱਚ ਨੀਰ ਵਗ ਤੁਰਿਆ । ਉਸਨੇ ਹੱਥ ਜੋੜ ਕੇ ਸਭ ਦਾ ਧੰਨਵਾਦ ਕੀਤਾ। ਉਸਨੇ ਸੋਚਿਆ—"ਅੱਜ ਮੈਂ ਆਪਣੇ ਅੱਖਾਂ ਨਾਲ ਰੱਬ ਨੂੰ ਵੇਖ ਲਿਆ ਹੈ। ਇਹ ਲੋਕ ਹੀ ਰੱਬ ਦੇ ਰੂਪ ਵਿੱਚ ਮੇਰੇ ਕੋਲ ਆਏ ਹਨ।"

**ਦਰਗਾਹ ਦਾ ਪ੍ਰਸ਼ਨ**

ਇਹ ਘਟਨਾ ਧਰਤੀ 'ਤੇ ਹੋਈ। ਉੱਥੇ ਹੀ, ਰੱਬ ਦੀ ਦਰਗਾਹ ਵਿੱਚ ਫਰਿਸ਼ਤੇ ਵਿਚਾਰ ਕਰਨ ਲੱਗੇ:
"ਸਭ ਤੋਂ ਵੱਡਾ ਪੁੰਨ ਕਿਸ ਨੇ ਕੀਤਾ?
ਜਾਨ ਬਚਾਉਣ ਵਾਲੇ ਨੇ?
ਪਾਣੀ ਦੇਣ ਵਾਲੇ ਨੇ?
ਖਾਣਾ ਲਿਆਉਣ ਵਾਲੇ ਨੇ?
ਜਾਂ ਛੱਤ ਅਤੇ ਕੱਪੜੇ ਦੇਣ ਵਾਲੇ ਨੇ?"

ਫਰਿਸ਼ਤੇ ਵਿਚਾਰਦੇ ਰਹੇ ਪਰ ਨਿਰਣਾ ਨਾ ਹੋਇਆ।

ਉਹ ਰੱਬ ਅੱਗੇ ਹਾਜ਼ਰ ਹੋਏ।

**ਰੱਬ ਦਾ ਨਿਰਣਾ**

ਰੱਬ ਨੇ ਮੁਸਕਰਾਹਟ ਨਾਲ ਫਰਮਾਇਆ:

"ਨੇਕੀ ਕੋਈ ਵੀ ਛੋਟੀ ਨਹੀਂ ਹੁੰਦੀ। ਸਭ ਨੇ ਆਪਣਾ ਕਰਮ ਕੀਤਾ, ਪਰ ਸਭ ਤੋਂ ਵੱਡਾ ਪੁੰਨ ਉਸ ਬਹਾਦਰ ਦਾ ਹੈ ਜਿਸ ਨੇ ਜਾਨ ਬਚਾਈ।

ਜ਼ਿੰਦਗੀ ਸਭ ਤੋਂ ਵੱਡੀ ਦਾਤ ਹੈ। ਜੇ ਜਾਨ ਹੀ ਨਾ ਰਹੇ ਤਾਂ ਪਾਣੀ, ਖਾਣਾ ਜਾਂ ਛੱਤ ਕਿਸ ਕੰਮ ਦੇ? ਜਿਹੜਾ ਕਿਸੇ ਦੀ ਜਾਨ ਬਚਾਉਂਦਾ ਹੈ, ਉਹ ਮੇਰੇ ਕੰਮ ਵਿੱਚ ਸਾਂਝਾ ਹੋ ਜਾਂਦਾ ਹੈ। ਕਿਉਂਕਿ ਜਿੰਦ ਦੇਣ ਵਾਲਾ ਤੇ ਜਿੰਦ ਬਚਾਉਣ ਵਾਲਾ ਕੇਵਲ ਮੈਂ ਹਾਂ। ਉਸ ਘੜੀ ਮੈਂ ਉਸ ਬੰਦੇ ਨੂੰ ਆਪਣਾ ਸਾਧਨ ਬਣਾਇਆ।

ਇਸ ਲਈ ਸਭ ਤੋਂ ਵੱਡਾ ਪੁੰਨ ਉਸੇ ਦਾ ਹੈ। ਬਾਕੀ ਸਾਰੇ ਕਰਮ ਉਸ ਜ਼ਿੰਦਗੀ ਦੇ ਬਚਣ ਤੋਂ ਬਾਅਦ ਹੀ ਅਰਥਪੂਰਨ ਬਣੇ।"

ਫਰਿਸ਼ਤੇ ਰੱਬ ਦੇ ਬਚਨ ਸੁਣ ਕੇ ਨਿਮਰ ਹੋ ਗਏ। ਉਹਨਾਂ ਨੂੰ ਸਮਝ ਆ ਗਈ ਕਿ ਜਾਨ ਬਚਾਉਣਾ ਸਭ ਤੋਂ ਵੱਡੀ ਨੇਕੀ ਹੈ।

**ਸੁਨੇਹਾ**

ਇਸ ਕਹਾਣੀ ਦਾ ਸੁਨੇਹਾ ਹੈ—

ਜ਼ਿੰਦਗੀ ਰੱਬ ਦੀ ਸਭ ਤੋਂ ਕੀਮਤੀ ਦਾਤ ਹੈ। ਜੋ ਕਿਸੇ ਦੀ ਜਿੰਦ ਬਚਾਉਂਦਾ ਹੈ, ਉਹ ਸਿਰਫ਼ ਮਨੁੱਖੀ ਕਰਮ ਨਹੀਂ ਕਰਦਾ, ਸਗੋਂ ਰੱਬ ਦਾ ਸਾਧਨ ਬਣਦਾ ਹੈ। ਬਾਕੀ ਸਾਰੇ ਚੰਗੇ ਕਰਮ ਉਸੇ ਵੇਲੇ ਅਰਥਪੂਰਨ ਹੁੰਦੇ ਹਨ ਜਦੋਂ ਜਾਨ ਸੁਰੱਖਿਅਤ ਰਹਿੰਦੀ ਹੈ।

ਇਸ ਲਈ ਜਦੋਂ ਵੀ ਕਿਸੇ ਨੂੰ ਜਾਨ ਦੇ ਖ਼ਤਰੇ ਵਿੱਚ ਦੇਖੋ, ਉਸ ਦੀ ਮਦਦ ਕਰਨ ਲਈ ਦੌੜ ਪਵੋ—ਕਿਉਂਕਿ ਜਾਨ ਬਚਾਉਣਾ ਹੀ ਸਭ ਤੋਂ ਵੱਡਾ ਪੁੰਨ ਹੈ।

ਜੇ ਇਹ ਲਿਖਤ ਚੰਗੀ ਲੱਗੇ ਤਾਂ ਪੇਜ

# ਡਰ ਕਿਵੇਂ ਕੰਮ ਕਰਦਾ ਹੈ...!



ਕੀ ਤੁਹਾਨੂੰ ਪਤਾ ਹੈ ਕਿ ਦੁਨੀਆਂ ਵਿੱਚ ਸੌ ਸੱਪਾਂ ਵਿੱਚੋਂ ਸਿਰਫ਼ ਤਿੰਨ ਫ਼ੀਸਦੀ ਸੱਪਾ ਵਿੱਚ ਜ਼ਹਿਰ ਹੁੰਦਾ ਹੈ। ਸਤਾਨਵੇਂ ਫ਼ੀਸਦੀ ਸੱਪਾਂ ਵਿੱਚ ਕੋਈ ਜ਼ਹਿਰ ਨਹੀਂ ਹੁੰਦਾ ਪਰ ਕੋਈ ਵੀ ਸੱਪ ਡੰਗ ਲਵੇ ਬੰਦਾ ਮਰ ਜਾਵੇਗਾ। ਬਿਨਾਂ ਜ਼ਹਿਰ ਵਾਲੇ ਸੱਪ ਨਾਲ ਵੀ ਬੰਦਾ ਮਰ ਜਾਂਦਾ ਹੈ। ਇਸ ਲਈ ਮੰਤਰ-ਤੰਤਰ ਕੰਮ ਕਰ ਪਾਉਂਦੇ ਹਨ। ਮੰਤਰ-ਤੰਤਰ ਯਾਨੀ ਝੂਠਾ ਇਲਾਜ।

ਇੱਕ ਬੰਦੇ ਨੂੰ ਅਜਿਹੇ ਸੱਪ ਨੇ ਡੰਗਿਆ ਹੈ ਜਿਸ ਵਿੱਚ ਜ਼ਹਿਰ ਹੀ ਨਹੀਂ ਹੈ, ਉਸ ਨੂੰ ਸਿਰਫ ਇਨ੍ਹਾਂ ਯਕੀਨ ਦਿਵਾਉਣਾ ਹੈ ਕਿ ਜ਼ਹਿਰ ਉੱਤਰ ਗਿਆ ਹੈ ਬਸ ਕਾਫੀ ਹੈ, ਜ਼ਹਿਰ ਉੱਤਰ ਜਾਏਗਾ। ਅਸਲ 'ਚ ਜ਼ਹਿਰ ਚੜ੍ਹਿਆ ਹੀ ਨਹੀਂ ਸੀ ਅਤੇ ਜੇਕਰ ਉਸ ਨੂੰ ਇਹ ਯਕੀਨ ਨਾ ਆਵੇ ਤਾਂ ਉਹ ਬੰਦਾ ਮਰ ਸਕਦਾ ਹੈ। ਜੇਕਰ ਉਸ ਨੂੰ ਇਹ ਪੱਕਾ ਵਿਸ਼ਵਾਸ ਬਣਿਆ ਰਹੇ ਕਿ ਮੈਨੂੰ ਸੱਪ ਨੇ ਡੰਗਿਆ ਹੈ, ਤਾਂ ਉਹ ਮਰੇਗਾ ਹੀ। ਡਰ ਨਾਲ ਮਰੇਗਾ, ਸੱਪ ਦੇ ਡੰਗਣ ਨਾਲ ਨਹੀਂ।

ਮੈਂ ਸੁਣਿਆ ਹੈ, ਇਕ ਵਾਰ ਅਜਿਹੀ ਘਟਨਾ ਵਾਪਰੀ ਕਿ ਇੱਕ ਆਦਮੀ ਸਰਾਂ ਵਿੱਚੋਂ ਠਹਿਰਿਆ ਅਤੇ ਰਾਤੀਂ ਉਸ ਸਰਾਂ ਵਿੱਚ ਪੱਕਿਆ ਭੋਜਨ ਉਸ ਨੇ ਖਾਧਾ ਅਤੇ ਸਵੇਰੇ ਚਲਾ ਗਿਆ, ਛੇਤੀ ਉੱਠ ਕੇ ਚਲਾ ਗਿਆ। ਸਾਲ ਭਰ ਮਗਰੋਂ ਦੁਬਾਰਾ ਉਹ ਉਸੇ ਸਰਾਂ ਵਿੱਚ ਆਇਆ। ਉਸੇ ਸਰਾਂ ਵਿੱਚ ਠਹਿਰਿਆ ਤਾਂ ਸਰਾਂ ਦੇ ਮਾਲਕ ਨੇ ਉਸ ਨੂੰ ਪਹਿਚਾਣ ਲਿਆ ਅਤੇ ਕਿਹਾ ਕਿ ਤੁਸੀਂ ਠੀਕ ਠਾਕ ਤਾਂ ਹੋ? ਅਸੀਂ ਤਾਂ ਬੜੇ ਡਰ ਗਏ ਸੀ।

ਉਸਨੇ ਪੁੱਛਿਆ ਕੀ ਹੋ ਗਿਆ? ਤਾਂ ਸਰਾਂ ਦੇ ਮਾਲਕ ਦੇ ਦੱਸਿਆ ਕਿ ਜਿਸ ਰਾਤ ਤੁਸੀਂ ਇੱਥੇ ਠਹਿਰੇ ਸੀ। ਜੋ ਖਾਣਾ ਬਣਿਆ ਸੀ, ਉਸ ਵਿੱਚ ਇੱਕ ਸੱਪ ਡਿੱਗ ਪਿਆ ਸੀ ਤਾਂ ਪੰਜ ਆਦਮੀਆਂ ਨੇ ਉਹ ਖਾਣਾ ਖਾਧਾ ਸੀ ਅਤੇ ਉਹਨਾਂ 'ਚੋਂ ਚਾਰ ਮਰ ਗਏ ਪਰ ਇੱਕ ਤੁਸੀਂ ਵੀ ਸੀ ਜਿਸਨੇ ਉਹ ਖਾਣਾ ਖਾਧਾ ਸੀ ਪਰ ਤੁਸੀਂ ਛੇਤੀ ਉੱਠ ਕੇ ਚਲੇ ਗਏ। ਤੁਹਾਡੇ ਲਈ ਅਸੀਂ ਬੜੇ ਫਿਕਰਮੰਦ ਸੀ। ਪਰ ਤੁਸੀਂ ਜਿਉਂਦੇ ਹੋ।

ਉਸ ਆਦਮੀ ਨੇ ਕਿਹਾ ਸੱਪ? ਅਤੇ ਉਹ ਆਦਮੀ ਉੱਥੇ ਹੀ ਡਿੱਗ ਪਿਆ। ਅਤੇ ਮਰ ਗਿਆ। ਸਾਲ ਭਰ ਬਾਅਦ ਜਾਣਿਆ ਕਿ ਸੱਪ ਖਾ ਗਿਆ ਸੀ। ਉਸ ਦੇ ਹੱਥ ਪੈਰ ਕੰਬੇ ਅਤੇ ਉਹ ਉੱਥੇ ਹੀ ਡਿੱਗ ਪਿਆ। ਉਸ ਸਰਾਂ ਦੇ ਮਾਲਕ ਨੇ ਕਿਹਾ ਘਬਰਾਓ ਨਾ। ਬਥੇਰਾ ਹਿਲਾਇਆ ਕਿ ਉੱਠੋ, ਹੁਣ ਤਾਂ ਕੋਈ ਸਵਾਲ ਹੀ ਨਹੀਂ ਪਰ ਉਹ ਆਦਮੀ ਤਾਂ ਗਿਆ, ਬਸ ਗਿਆ।

ਓਸ਼ੋ

# ਚਾਚੇ ਚਰਨ ਨਾਲ ਗੱਪ-ਸ਼ਪ ਵਿਚੋਂ

ਚਾਚਾ ਜੀ ਘਰੇ ਈ ਓਂ ?

ਹੋਰ ਭਤੀਜ ਮੈਂ ਬਾਹਰ ਜਾ ਮਰਨਾ ਹੜਾਂ ਚ ਡੁੱਬਕੇ। ਤੂੰ ਸੁਣਾ ਕਿੱਦਾਂ ਆਉਣਾ ਹੋਇਆ?

ਚਾਚਾ ਜੀ ਤੁਸੀਂ ਵੱਡੇ ਸਕੂਲੇ ਮਾਸਟਰ ਲੱਗੇ ਰਹੇ ਓਂ, ਸੁਣਿਆ ਬੜੇ ਵੱਡੇ-ਵੱਡੇ ਲੋਕ ਤੁਹਾਡੇ ਤੋਂ ਸਲਾਹਾਂ ਲੈਂਦੇ ਰਹੇ ਆ, ਇਕ ਸਵਾਲ ਜਿਹਾ ਅੜ ਗਿਆ ਸੀ ਡਮਾਕ ਚ, ਮੈਂ ਕਿਹਾ ਚਾਚੇ ਹੁਣਾ ਨੂੰ ਪੁੱਛਦੇ ਦੇ ਆਂ ਚਲਕੇ ?

ਭਤੀਜ, ਤੇਰਾ ਡਮਾਕ ਆ ਕੇ ਮੱਕੜੀ ਦਾ ਜਾਲ, ਇਹਦੇ ਵਿੱਚ ਕੁੱਝ ਨਾ ਕੁੱਝ ਅੜਿਆ ਹੀ ਰਹਿੰਦਾ? ਹੁਣ ਕਿ ਫਸ ਗਿਆ?

ਚਾਚਾ, ਆਹ ਜਿਹੜੇ ਹੜ੍ਹ ਆਏ ਆ ਪੰਜਾਬ ਚ, ਇਹ ਕੁਦਰਤੀ ਆਫ਼ਤ ਆ ਕੇ ਬੰਦੇ (ਅਤੇ ਸਰਕਾਰਾਂ) ਦੀਆਂ ਹਰਕਤਾਂ ਦਾ ਨਤੀਜਾ?

ਟਲ ਜਾ ਟਲ ਜਾ ਮੇਰਾ ਪੁੱਤ। ਜਾ ਕਿਸੇ ਲੋੜਵੰਦ ਨੂੰ ਰਾਸ਼ਨ - ਪਾਣੀ ਦੀ ਮਦਦ ਕਰਕੇ ਆ, ਜਦੋਂ ਪਾਣੀ ਲੱਥ ਗਿਆ, ਹੜਾਂ ਬਾਰੇ ਫਿਰ ਗੱਲ ਕਰਾਂਗੇ। ਆਏਗਾ ਵਕਤ , ਕਰ ਲਾਂਗੇ ਖੁੱਲ੍ਹ ਕੇ ਗੱਲਾਂ।

ਚਾਚਾ, ਇਮਦਾਦ ਤੇ ਗੁਰੂ ਘਰ ਦੇ ਸੰਗਤ ਤੇ ਨੌਜਵਾਨ ਸਭਾ ਵਾਲਿਆਂ ਨੇ ਸਾਂਭੀ ਹੋਈ ਆ, ਥਾਂ - ਥਾਂ ਬਾਬੇ ਦਾ ਲੰਗਰ ਪਹੁੰਚ ਰਿਹਾ। ਮੈਂ ਵੀ ਗਿਆ ਸੀ, ਜਦੋਂ ਵੇਖਿਆ ਕਿ ਇਕ ਪਾਰਟੀ ਦਾ ਲੀਡਰ ਲੱਖ-ਲੱਖ ਵਾਲੀਆਂ ਨੋਟਾਂ ਦੀਆਂ ਥੱਦੀਆਂ ਵੀ ਵੰਡਣ ਡਿਹਾ, ਮੇਰਾ ਤੇ ਤਰਾਹ ਨਿਕਲ ਗਿਆ. ਸੇਵਾ ਸੁਵਾ ਵਿਚੇ ਰਹਿ ਗਈ, ਦਿਮਾਗ ਫਿਰ ਘੁੰਮ ਗਿਆ, ਪੀ ਐਨੇ ਪੈਸੇ ਇਹਦੇ ਕੋਲ ਆਏ ਕਿੱਥੋਂ? ਜਰੂਰ ਇਹਦੇ ਬਾਪ ਨੇ ਸਾਰੀ ਉਮਰ ਮਿਹਨਤ ਮੁਸ਼ੱਕਤ ਕੀਤੀ ਹੋਣੀ, ਪਰ ਫਿਰ ਸੋਚਿਆ ਕਿ ਮੇਹਨਤ ਤੇ ਮੇਰੇ ਬਾਪ ਦਾਦੇ ਨੇ ਵੀ ਬੜੀ ਕੀਤੀ ਪਰ ਐਨੇ ਪੈਸੇ ਤੇ ਨੀ ਵੇਖੇ ਕਦੀਂ। ਚਲੋ ਮਿੱਟੀ ਪਾਓ, ਜਿਹੜੇ ਵੀ ਖਜਾਨਿਆਂ ਚੋਂ ਆਏ, ਅਸੀਂ ਕਿ ਲੈਣਾ। ਚਾਚਾ ਆਪਾਂ ਤੇ ਹਾਲਾਤਾਂ ਤੇ ਵਿਚਾਰ ਚਰਚਾ ਹੀ ਕਰ ਸਕਦੇ ਆਂ, ਕੀ ਕਹਿੰਦੇ ਹੋਂ ਫਿਰ, ਹੜਾਂ ਦੇ ਕਾਰਨਾਂ ਬਾਰੇ?

ਪੁੱਤ ਦਾਰੇ, ਮੈਂ ਤੈਨੂੰ ਨਿੱਕੇ ਜਿਹੇ ਨੂੰ ਹੱਥੀਂ ਖਿਡਾਇਆ, ਤੇਰੇ ਦਿਮਾਗ਼ ਚ ਜਿਹੜੀਆਂ ਸ਼ੁਤਰੀਆਂ ਚਲਦੀਆਂ ਰਹਿੰਦੀਆਂ, ਮੈਨੂੰ ਪਤਾ। ਸਵਾਲ ਦਾ ਜਵਾਬ ਪਹਿਲਾਂ ਲੱਭ ਕੇ ਫਿਰ ਤੂੰ ਹੁਣ ਬਜ਼ੁਰਗਾਂ ਨੂੰ ਤੰਗ ਕਰਨ ਆ ਜਾਨਾ, ਮਜੇ ਲੈਣ।

ਚਾਚਾ, ਸਵਾਲਾਂ ਦੇ ਜਵਾਬ ਤੇ ਪਤਾ ਹੁੰਦੇ ਆ ਪਰ ਮਾਸਟਰ ਜੀ ਤੋਂ ਚੈੱਕ ਤੇ ਕਰਵਾਉਣੇ ਪੈਂਦੇ ਆ ਨਾ, ਠੀਕ - ਗ਼ਲਤ ਦਾ ਪਤਾ ਲਾਉਣ ਲਈ. ਨਾਲੇ ਮੈਂ ਤੇ ਚਾਚਾ ਤੇਰੀ ਟੌਹਰ ਬਣਾਉਣ ਵਾਸਤੇ ਆਉਂਦਾਂ, ਪਈ ਚਾਚੀ ਨੂੰ ਲੱਗੇ ਕਿ ਚਾਚੇ ਦੀ ਵੁੱਕਤ ਹੈਗੀ ਆ ਕੋਈ. ਦੂਰੋਂ ਦੂਰੋਂ ਲੋਕ ਪੁੱਛਾਂ ਪੁੱਛਣ ਆਉਂਦੇ। ਜਿਵੇਂ ਪੁਰਾਣੇ ਭਲਵਾਨ ਤੋਂ ਸ਼ਾਗਿਰਦ ਕੋਈ ਦਾ ਪੇਚ ਸਿੱਖਣ ਆਉਂਦਾ। ਨਾਲੇ ਮੇਰਾ ਚਾਚਾ solitary intellectual confinement ਤੋਂ ਬਚ ਜੂ।

ਪੁੱਤ ਮੈਨੂੰ ਬਾਹਲੀ ਫੂਕ ਨਾ ਸ਼ਕਾ, ਅੱਜ ਮੈਂ ਨੀ ਫਸਣਾ ਤੇਰੀਆਂ ਚਾਲਾਂ ਵਿਚ । ਜੇ ਮੈਂ ਕਵਾਂ ਬੀ ਇਹ ਕੁਦਰਤੀ ਆਫ਼ਤ ਆ, ਜਾਂ ਰੱਬ ਦਾ ਹੁਕਮ ਆ, ਭਾਣਾ ਮੰਨੋ ਤੇ ਚੜ੍ਹਦੀ ਕਲਾ ਵਿੱਚ ਰਹੋ, ਤੇ ਤੂੰ ਰੱਬ ਦੇ ਘਰ ਤੱਕ ਲੈ ਕੇ ਜਾਵੇਂਗਾ ਮੈਨੂੰ, ਉਹ ਰਾਹ ਜਾਣ ਦਾ ਮੇਰਾ ਕੋਈ ਮੂਡ ਨੀ, ਹਾਲੇ 10-20 । ਅਤੇ ਜੇ ਮੈਂ ਕਵਾਂ ਕਿ ਇਹ ਹੜ੍ਹ ਬੰਦੇ ਦੀਆਂ ਹਰਕਤਾਂ ਦਾ ਨਤੀਜਾ, ਤੇ ਤੂ ਪੁੱਛਣਾ, ਕਿਹੜੇ ਬੰਦੇ ? ਫਿਰ ਤੂ ਉਹਨਾਂ ਬੰਦਿਆਂ ਦੀਆਂ ਸਰਕਾਰਾਂ ਤੱਕ ਲੈ ਕੇ ਜਾਵੇਂਗਾ। ਉਹਨਾਂ ਦੇ ਕਿਹੜੇ ਕੀਤੇ ਕੰਮ (ਕਾਰੇ) ਨੇ ਜੀਹਦਾ ਇਹ ਸਿੱਟਾ ਨਿਕਲਿਆ? ਇਸ ਰਾਹ ਵੀ ਨੀ ਜਾਣਾ ਮੈਂ.

ਗੱਲ ਟਰਕਾਓ ਨਾ ਚਾਚਾ ਜੀ, ਬਾਤ ਨਿਕਲੀ ਹੈ ਤੋਂ ਡੈਮ ਤਲਕ ਜਾਏਗੀ।

ਤੇਰਾ ਕਿ ਆ, ਤੂੰ ਸ਼ੁਰੂ ਤੋਂ ਹੀ ਪੁੱਠਾ (ਨਏਗਓਟਿਵਏ ) ਸੋਚਦਾਂ, ਹੁਣ ਤੂੰ ਕਿਤੇ ਇਹ ਨਾ ਕਹਿ ਦਵੀਂ ਕਿ ਇਹਨਾਂ ਹੜਾਂ ਦਾ ਬੁਨਿਆਦੀ ਕਾਰਨ ਦਰਿਆ ਤੇ ਬੰਨ੍ਹ ਮਾਰ੍ਹਕੇ ਉਹਦੇ ਕੁਦਰਤੀ ਵਹਾਹ ਨੂੰ ਰੋਕਣਾ ਅਤੇ ਫਿਰ ਆਪਣੀ ਮਰਜ਼ੀ ਨਾਲ ਛੱਡਣਾ।

ਪਈ ਮਨ ਗਏ ਚਾਚੇ ਨੂੰ, ਚਾਚਾ ਨਾ ਹੋਇਆ, ਦਾਈ ਹੋ ਗਿਆ. ਚੱਲ ਜੇ ਦਾਈ ਨੇ ਢਿੱਡ ਦੀ ਗੱਲ ਬੁੱਝ ਲਈ ਤੇ ਫਿਰ ਬਾਕੀ ਵੀ ਦੱਸ ਦੇ ਜੋ ਅੰਦਰ ਰਹਿ ਗਿਆ। ਮੈਨੂੰ ਪਤਾ ਤੂੰ ਭਾਖੜੇ ਡੈਮ ਤੇ ਵੀ ਨੀ ਰੁਕਣਾ, ਨਹਿਰੂ ਜਿਵੇਂ ਪਾਗਲ ਹੀ ਸੀ।

ਚਾਚਾ, ਮੈਂ ਨੀ ਕਹਿੰਦਾ ਕੇ ਨਹਿਰੂ ਪਾਗਲ ਸੀ, ਪਰ ਉਹ ਵਲੈਤ ਪੜ੍ਹਨ ਗਿਆ ਸੀ ਨਾ, ਕੀ ਪਤਾ ਓਥੇ ਕੋਈ ਤਰੱਕੀ ਵਾਲਾ ਕੀੜਾ ਲੜ ਗਿਆ ਹੋਵੇ। ਫਿਰ ਤੂੰ ਕਹਿਣਾ ਕਿ ਆਹ ਪਹਾੜਾਂ ਨੂੰ ਵੱਢ - ਵੱਢ ਕੇ ਮੰਦਰਾਂ ਨੂੰ ਜਾਣ ਵਾਲੀਆਂ ਵੱਡੀਆਂ ਸੜਕਾਂ ਬਣਾਉਣ ਵਾਲੇ ਵੀ ਡੰਗਰ ਹੀ ਆ। ਸਹੀ ਪਕੜੇ ਹੈਂ. ਪਰ ਇਹ ਭਾਰਤ - ਮਾਲਾ ਬਣਾਉਣ ਵਾਲੇ ਸਾਰੇ ਡੰਗਰਾਂ ਵਰਗੇ ਨੀ. ਕੁੱਤਾ, ਬਿੱਲੀ, ਬਾਂਦਰ ਤੇ ਹੋਰ ਕਈ ਡੰਗਰ ਇਹਨਾਂ ਤੋਂ ਕਿਤੇ ਸਿਆਣੇ ਹੁੰਦੇ ਆ. ਨਾਲੇ ਮੈਨੂੰ ਤੇ ਲੱਗਦਾ ਕਿ ਜਿਹੜੇ ਪਿੰਡ ਡੋਬ ਕੇ ਗੋਬਿੰਦ ਸਾਗਰ ਬਣਾਇਆ ਸੀ ਨਾ ਓਹਨਾ ਲੋਕਾਂ ਦੀ ਕੋਈ ਬਦ ਦੁਆ ਲੱਗ ਗਈ ਆ ਸਾਡੇ ਪਿੰਡਾਂ ਨੂੰ, ਅਸੀਂ ਚੁੱਪ ਜੁ ਰਹੇ ਸੀ ਜਦੋਂ ਉਹ ਡੁੱਬੇ ਸੀ. ਤੂੰ ਹੈ ਹੀ ਪਿਛਾਂ -ਖਿੱਚੂ ਸੋਚ ਵਾਲਾ ਬੰਦਾ। ਦੇਸ਼ ਦੀ ਤਰੱਕੀ ਜਿਵੇਂ ਤੇਰੀ ਵੱਖ ਚ ਪੀੜ ਕਰਦੀ ਆ. ਜਾ ਦਫ਼ਾ ਹੋ ਜਾ, ਤੰਗ ਨਾ ਕਰ ਮੈਨੂੰ।

ਚਾਚਾ ਚਲੋ ਤੇ ਮੈਂ ਜਾਨਾ, ਪਰ ਮੇਰੇ ਸਵਾਲ ਤੇ ਗੌਰ ਕਰਿਓ ਜੇ । ਨਹੀਂ ਤੇ ਰਾਤ ਨੂੰ ਪਹਾੜਾਂ ਦਾ ਦੇਵਤਾ, ਦਰਿਆਵਾਂ ਦੀ ਦੇਵੀ ਬਣਕੇ ਸੁਪਨੇ ਵਿਚ ਆਓਂ।







# ਜਦੋਂ ਜੱਜ ਨੇ ਕਿਹਾ ਕਿ ਅੰਗਰੇਜ਼ੀ ਬੋਲੀ ਉੱਤੇ ਤੁਹਾਡੀ ਕਮਾਂਡ ਬਹੁਤ ਅੱਛੀ ਹੈ !



ਗੱਲ ਬੀਤੀ 30 ਜੁਲਾਈ 2025 ਭਾਵ ਬੀਤੇ ਬੁੱਧਵਾਰ ਦੀ ਹੈ। ਮੈਂ ਆਪਣੇ ਇਕ ਦਸ ਕੁ ਮਹੀਨੇ ਪੁਰਾਣੇ ਇਮਪਲਾਇਮੈਂਟ ਟਰਾਈਬਿਊਨਲ ਵਿਚ ਦਾਇਰ ਕੀਤੇ ਕੇਸ ਦੀ ਪਹਿਲੀ ਤਰੀਕ ਦੇ ਸੰਬੰਧ ਵਿਚ ਆਪਣੇ ਸ਼ਹਿਰ ਦੇ ਇਮਪਲਾਇਮੈਂਟ ਟਰਾਈਬਿਊਨਲ ਵਿਚ ਸੁਣਵਾਈ ਲਈ ਗਿਆ । ਇਥੇ ਜਿਕਰ ਕਰਦਾ ਜਾਵਾਂ ਕਿ ਮੈਂ ਆਪਣੇ ਕਾਨੂੰਨੀ ਕੇਸਾਂ ਦੀ ਪੈਰਵੀ ਅਕਸਰ ਆਪ ਹੀ ਕਰਦਾ ਹਾਂ, ਪਰ ਇਸ ਵਾਰ ਇਕ ਨਵਾਂ ਤਜਰਬਾ ਕਰਨ ਵਾਸਤੇ ਮੈਂ ਟਰਾਈਬਿਊਨਲ ਨੂੰ ਬੇਨਤੀ ਕਰਕੇ ਪੰਜਾਬੀ ਇੰਟਰਪਰੇਟਰ ਦਾ ਇੰਤਜਾਮ ਵੀ ਕਰ ਲਿਆ। ਸੋ ਕਹਿਣ ਦਾ ਭਾਵ ਇਹ ਕਿ ਕਲੇਮੈਂਟ ਧਿਰ ਵਜੋਂ ਇਸ ਵਾਰ ਮੈਂ ਅਤੇ ਮੇਰਾ ਪੰਜਾਬੀ ਇੰਟਰਪਰੇਟਰ ਦੋਵੇਂ ਜਣੇ ਸਾਂ, ਜਦ ਕਿ ਵਿਰੋਧੀ ਧਿਰ ਵਲੋਂ ਮੇਰਾ ਪੁਰਾਣਾ ਗੋਰਾ ਬੋਸ ਤੇ ਉਸ ਦੀ ਪੰਜਾਬਣ ਵਕੀਲ ਆਪਣੇ ਅਲਸ਼ੇਸ਼ਨ ਕੁੱਤੇ ਨਾਲ ਹਾਜਰ ਸਨ। ਪੂਰਾ ਕੇਸ ਏਜੰਡੇ ਸਮੇਤ ਮੈਂ ਇਸ ਵਾਰ ਵੀ ਆਪ ਹੀ ਤਿਆਰ ਕੀਤਾ ਸੀ, ਇਸ ਕਰਕੇ ਏਜੰਡਾ ਫੋਲਡਰ ਸਮੇਤ ਮੇਰੇ ਕੋਲ ਹੋਰ ਸਭ ਕਾਗਜ਼ਾਤ ਸਨ। ਕੇਸ ਦੀ ਪਹਿਲੀ ਤਾਰੀਕ (Preliminary Hearing) ਦੀ ਸੁਣਵਾਈ ਦੋ ਘੰਟੇ ਦੇ ਸਮੇਂ ਵਾਸਤੇ ਤਹਿ ਕੀਤੀ ਹਈ ਸੀ। ਇਸ ਸੁਣਵਾਈ ਵਿਚ ਜੱਜ ਨੇ ਸੁਣਵਾਈ ਤੋਂ ਬਾਅਦ ਇਹ ਤਹਿ ਕਰਨਾ ਸੀ ਕਿ ਮੇਰਾ ਇਹ ਕੇਸ ਕਿਹੜੇ ਕਿਹੜੇ ਨੁਕਤਿਆਂ ਨੂੰ ਲੈ ਕੇ ਚਲਾਇਆ ਜਾਂ ਨਹੀਂ ਚਲਾਇਆ ਜਾਵੇਗਾ ਜਾਂ ਫਿਰ ਇਸ ਤਰੀਕ ਉੱਤੇ ਹੀ ਕੇਸ ਦਾ ਆਰ ਪਾਰ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ ।

ਕਾਰਵਾਈ ਸ਼ੁਰੂ ਹੋਈ, ਜੱਜ ਨੇ ਸਭ ਤੋਂ ਪਹਿਲਾਂ ਆਪਣਾ ਨਾਮ ਦੱਸਿਆ ਤੇ ਫਿਰ ਕੇਸ ਸੁਣਵਾਈ ਵਾਸਤੇ ਪੂਰੀ ਵਿਓਂਤ ਬੰਦੀ ਦੀ ਜਾਣਕਾਰੀ ਦਿੱਤੀ । ਉਂਜ ਤਾਂ ਜੱਜ ਜੋ ਕੁੱਝ ਵੀ ਬੋਲਦਾ, ਉਹ ਮੈਨੂੰ ਉਸੇ ਵੇਲੇ ਹੀ ਪਤਾ ਲੱਗ ਜਾਂਦਾ, ਪਰ ਉਥੇ ਮੇਰੇ ਵਾਸਤੇ ਇਸ ਵਾਰ ਬੰਦਿਸ਼ ਇਹ ਸੀ ਕਿ ਮੈਂ ਇੰਟਰਪਰੇਟਰ ਲਿਆ ਹੋਣ ਕਰਕੇ ਅੰਗਰੇਜੀ ਦਾ ਇਕ ਸ਼ਬਦ ਵੀ ਬੋਲਣਾ ਨਹੀ ਸੀ ਚਾਹੁੰਦਾ ਤੇ ਮੈਂ ਆਪਣੀ ਇਹ ਬੰਦਿਸ਼ ਪੂਰੀ ਤਰਾਂ ਨਿਭਾਈ ਵੀ ।

ਜੋ ਵੀ ਜੱਜ ਬੋਲਦਾ, ਪੰਜਾਬੀ ਇੰਟਰ ਪਰੇਟਰ, ਨਾਲ ਦੀ ਨਾਲ ਹੀ ਮੈਨੂੰ ਪੰਜਾਬੀ ਵਿਚ ਦੱਸੀ ਜਾਂਦਾ ਤੇ ਮੈਂ ਜੋ ਪੰਜਾਬੀ ਵਿਚ ਬੋਲਦਾ, ਉਸ ਨੂੰ ਉਹ ਅੰਗਰੇਜੀ ਟਰਾਂਸਲੇਟ ਕਰਕੇ ਤੁਰੰਤ ਜੱਜ ਦੇ ਧਿਆਨ ਵਿਚ ਲਿਆਉਂਦਾ ।

ਜੱਜ ਦਾ ਪਹਿਲਾ ਸਵਾਲ ਮੈਨੂੰ ਇਹ ਸੀ ਕਿ ਮੈਂ ਆਪਣੇ ਕੇਸ ਦੀ ਪੈਰਵੀ ਵਾਸਤੇ ਵਕੀਲ ਕਿਓਂ ਨਹੀਂ ਕੀਤਾ ਤਾਂ ਮੈਂ ਇਸ ਦੇ ਦੋ ਕਾਰਨ ਦੱਸੇ, ਪਹਿਲਾ ਇਹ ਕਿ ਵਕੀਲ ਪੈਸੇ ਬਹੁਤ ਮੰਗਦਾ ਸੀ ਤੇ ਦੂਜਾ ਕਾਰਨ ਇਹ ਦੱਸਿਆ ਕਿ ਇਹ ਕੇਸ ਮੇਰੇ ਨਾਲ ਸਬੰਧਿਤ ਹੈ ਤੇ ਕੇਸ ਬਾਰੇ ਮੈਂ ਪੂਰੇ ਵਿਸਥਾਰ ਵਿਚ ਅਦਾਲਤ ਨੂੰ ਦੱਸ ਸਕਦਾ ਹਾਂ । ਅਗਲਾ ਸਵਾਲ ਜੱਜ ਨੇ ਇਹ ਕੀਤਾ ਕਿ ਕੇਸ ਦਾ ਬੰਡਲ ਤੇ ਏਜੰਡਾ ਕਿਸ ਨੇ ਤਿਆਰ ਕੀਤਾ? ਇਸ ਦੇ ਉੱਤਰ ਵਿਚ ਮੈਂ ਕਿਹਾ ਕਿ ਏਜੰਡਾ ਅਤੇ ਬੰਡਲ ਦੋਵੇਂ ਮੈਂ ਖੁਦ ਹੀ ਤਿਆਰ ਕੀਤੇ ਹਨ। ਮੇਰਾ ਜਵਾਬ ਸੁਣਕੇ, ਜੱਜ ਮਿਸਟਰ ਐਟਕਿਨਸਨ ਨੇ ਮੇਰੇ ਵੱਲ ਬੜੇ ਧਿਆਨ ਨਾਲ ਦੇਖਿਆ ਤੇ ਮੁਸਕਰਾ ਕੇ ਕਹਿੰਦਾ, ਮੈਨੂੰ ਪਤਾ ਹੈ ਕਿ ਤੁਹਾਨੂੰ ਅੰਗਰੇਜੀ ਆਉਂਦੀ ਹੈ ਤੇ ਅੰਗਰੇਜ਼ੀ ਉੱਤੇ ਤੁਹਾਡੀ ਕਮਾਂਡ ਵੀ ਵਧੀਆ ਹੈ, ਤੁਹਾਡੇ ਕੇਸ ਦੀ ਪਰੈਪਰੇਸ਼ਨ ਸਭ ਕੁੱਝ ਬੋਲ ਰਹੀ ਹੈ । ਮੈਂ ਦੱਸਿਆ ਕਿ ਮੇਰੀ ਅੰਗਰੇਜੀ ਲੇਖਣੀ ਬਿਲਕੁਲ ਠੀਕ ਹੈ, ਪਰ ਬਹਾਨਾ ਇਹ ਮਾਰਿਆ ਕਿ ਅਚਰਣਟ ਵੱਖਰਾ ਹੋਣ ਦੀ ਵਜ੍ਹਾ ਕਰਕੇ ਇੰਟਰਪਰੇਟਰ ਦੀ ਸਹਾਇਤਾ ਲਈ ਗਈ ਹੈ ਤਾਂ ਕਿ ਮੈਨੂੰ ਕੋਈ ਔਕੜ ਪੇਸ਼ ਨਾ ਆਵੇ ਤੇ ਨਾ ਹੀ ਅਦਾਲਤ ਦਾ ਸਮਾ ਬਰਬਾਦ ਹੋਵੇ। ਜੱਜ ਇਕ ਵਾਰ ਫਿਰ ਮੁਸਕਰਾਇਆ ਤੇ ਕਾਰਵਾਈ ਵਾਸਤੇ ਅਗਲੇ ਸਵਾਲਾਂ ਦੀ ਝੜੀ ਲਾ ਦਿੱਤੀ, ਜਿਹਨਾਂ ਦੇ ਜਵਾਬ ਮੈਂ ਆਪਣੀ ਜਾਣਕਾਰੀ ਮੁਤਾਬਿਕ ਫਟਾਫਟ ਦਿੰਦਾ ਕਿਆ। ਅਦਾਲਤੀ ਕਾਰਵਾਈ ਲਗਾਤਾਰ ਪੌਣੇ ਕੁ ਦੋ ਘੰਟੇ ਚੱਲੀ। ਅਖੀਰ ਵਿਚ ਜੱਜ ਨੇ ਆਪਣਾ ਫੈਸਲਾ ਸੁਣਾਉਣ ਵਾਸਤੇ ਪੰਦਰਾਂ ਮਿੰਟ ਵਾਸਤੇ ਅਦਾਲਤ ਐਡਜਰਨ ਕੀਤੀ ਤੇ ਬਾਹਰ ਦੂਸਰੇ ਕਮਰੇ ਵਿਚ ਚਲਾ ਗਿਆ, ਵਾਪਸ ਆ ਕੇ ਕੇਸ ਦਾ ਫੈਸਲਾ ਸੁਣਾ ਦਿੱਤਾ, ਫੈਸਲਾ ਮੇਰੇ ਹੱਕ ਵਿਚ ਹੋਇਆ, ਪਰ ਮੈਂ ਜਿਸ ਤਰਾਂ ਦਾ ਪੱਕਾ ਕੇਸ ਤਿਆਰ ਕਰਕੇ ਗਿਆ ਸੀ, ਫਲ ਆਸ ਨਾਲੋ ਇਸ ਵਾਰ ਘੱਟ ਮਿਲਿਆ, ਹਾਂ! ਇਸ ਕੇਸ ਦਾ ਇਹ ਵੱਡਾ ਫਾਇਦਾ ਆਮ ਵਰਕਰਾਂ ਨੂੰ ਭਵਿੱਖ ਵਿਚ ਜਰੂਰ ਹੋਵੇਗਾ ਕਿ ਜੋ ਮੇਰੇ ਨਾਲ ਬੇ ਇਨਸਾਫੀ ਕੀਤੀ ਗਈ ਸੀ, ਉਸ ਕੰਪਨੀ ਅਤੇ ਹੋਰਨਾਂ ਕੰਪਨੀਆਂ ਵਲੋਂ, ਭਵਿੱਖ 'ਚ ਕਿਸੇ ਹੋਰ ਨਾਲ ਨਹੀਂ ਕੀਤੀ ਜਾਵੇਗੀ ।

ਆਪਣੇ ਇਸ ਕੇਸ ਨੂੰ ਆਪ ਸਭ ਨਾਲ ਸਾਂਝਾ ਕਰਨ ਦਾ ਮੇਰਾ ਮਕਸਦ ਸਿਰਫ ਇਹ ਹੈ ਕਿ ਇਸ ਮੁਲਕ ਦਾ ਨਿਆਂ ਸਿਸਟਮ ਕਿੰਨਾ ਵਧੀਆ ਤੇ ਪਾਰਦਰਸ਼ੀ ਹੈ । ਪਹਿਲੀ ਪੇਸ਼ੀ ਚ ਦੋ ਘੰਟੇ ਸੁਣਵਾਈ ਕਰਕੇ, ਕੇਸ ਦਾ ਨਿਪਟਾਰਾ ਕਰ ਦਿੱਤਾ ਗਿਆ। ਤਾਰੀਕ ਪੇ ਤਾਰੀਕ ਵਾਲੀ ਖੱਜਲ ਖਵਾਰੀ ਦਾ ਸਾਹਮਣਾ ਨਹੀਂ ਕਰਨਾ ਪਿਆ । ਮੇਰਾ ਕੋਈ ਖਰਚਾ ਨਹੀਂ ਆਇਆ, ਪੰਜਾਬੀ ਇੰਟਰਪਰੇਟਰ ਸਰਵਿਸ ਵੀ ਟਰਾਈਬਿਊਨਲ ਵਲੋਂ ਮੁਫਤ ਵਿਚ ਹੀ ਮੁਹੱਈਆ ਕੀਤੀ ਗਈ। ਇੰਟਰਪਰੇਟਰ ਵੀ ਬੜਾ ਮਾਹਿਰ ਸੀ, ਉਸ ਨੇ ਆਪਣੇ ਕਿੱਤੇ ਨਾਲ ਪੂਰਾ ਇਨਸਾਫ ਕੀਤਾ। ਇਸ ਸਰਵਿਸ ਤੋਂ ਮੈਨੂੰ ਇਹ ਯਕੀਨ ਹੋ ਗਿਆ ਕਿ ਜੇਕਰ ਚਾਹੇ ਤਾਂ ਹਿੰਮਤ ਕਰਕੇ, ਕੋਈ ਕੋਰਾ ਅਨਪੜ੍ਹ ਬੰਦਾ ਵੀ ਇਸ ਮੁਲਕ ਵਿਚ ਇਨਸਾਫ ਪਰਾਪਤ ਕਰ ਸਕਦਾ ਹੈ, ਅੰਗਰੇਜੀ ਨਹੀਂ ਆਉਂਦੀ ਇਸ ਮੁਲਕ ਵਿਚ, ਇਨਸਾਫ ਪਰਾਪਤ ਕਰਨ ਵਾਸਤੇ, ਕੋਈ ਢੁਕਵਾਂ ਬਹਾਨਾ ਨਹੀਂ ਹੈ ।

ਮੁੱਕਦੀ ਗੱਲ ਇਹ ਹੈ ਕਿ ਬੇਸ਼ੱਕ ਨਿਆਂ ਪਰਾਪਤ ਕਰਨਾ ਕਿਸੇ ਵੀ ਤਰਾਂ ਸੱਪ ਦੇ ਸਿਰੋਂ ਮਣੀ ਪਰਾਪਤ ਕਰਨ ਤੋਂ ਘੱਟ ਨਹੀਂ, ਪਰ ਫਿਰ ਵੀ ਜੇਕਰ ਹਿੰਮਤ ਕਰਕੇ ਪੂਰੇ ਆਰਮ ਵਿਸ਼ਵਾਸ਼ ਨਾਲ ਅਤੇ ਕਿਸੇ ਸੂਝਵਾਨ ਦੀ ਸਲਾਹ ਲੈ ਕੇ ਅੱਗੇ ਵਧਿਆ ਜਾਵੇ ਤਾਂ ਨਤੀਜਾ ਮਨ ਚਾਹਿਆ ਹੀ ਪਰਾਪਤ ਹੁੰਦਾ ਹੈ।

ਇੰਗਲੈਂਡ ਦੀ ਨਿਆਂ ਪ੍ਰਣਾਲੀ ਕਾਫੀ ਵਧੀਆ ਹੈ, ਡਰਨ ਜਾਂ ਘਬਰਾਉਣ ਦੀ ਲੋੜ ਨਹੀਂ, ਇਸ ਦਾ ਸਹੀ ਤੇ ਜਾਇਜ ਫਾਇਦਾ ਲੋੜ ਪੈਣ 'ਤੇ ਜਰੂਰ ਲੈ ਲਿਆ ਜਾਣਾ ਚਾਹੀਦਾ ਹੈ। ਇਥੇ ਜ਼ਿਕਰ ਕਰਦਾ ਜਾਵਾਂ ਕਿ ਮੈਂ ਹੁਣ ਤੱਕ ਵੱਖ ਵੱਖ ਮੁੱਦਿਆਂ ਨੂੰ ਲੈ ਕੇ ਇਸ ਕੇਸ ਸਮੇਤ ਵਕੀਲਾਂ ਦੀ ਸਹਾਇਤਾ ਤੋਂ ਬਿਨਾ ਵੱਖ ਵੱਖ ਅਦਾਲਤਾਂ ਵਿਚ ਕੋਈ ਦਰਜਨ ਕੁ ਕੇਸ ਲੜੇ ਹਨ, ਜਿਹਨਾਂ ਵਿਚੋਂ ਅੱਠ ਜਿੱਤੇ ਤੇ ਚਾਰ ਹਾਰੇ ਹਨ ।

ਇਸ ਨਵੇਂ ਕੇਸ ਨਾਲ ਸਬੰਧਿਤ ਮਾਣਯੋਗ ਜੱਜ ਦੀ ਭਰਪੂਰ ਤਾਰੀਫ ਕਰਨੀ ਬਣਦੀ ਹੈ, ਮੈਂ ਆਪਣੇ ਕੇਸ ਵਿਚ ਕੁੱਲ ਅੱਠ ਮੁੱਦੇ ਉਠਾਏ ਸਨ , ਮਾਣਯੋਗ ਜੱਜ ਨੇ ਇਕ ਇਕ ਮੁੱਦੇ ਉੱਤੇ ਬਹੁਤ ਹੀ ਸੰਜੀਦਗੀ ਨਾਲ ਵਿਚਾਰ ਕਰਕੇ , ਮੈਥੋਂ ਹੋਰ ਲੋੜੀਂਦਾ ਵੇਰਵਾ ਲਿਆ ਤੇ ਵਿਰੋਧੀ ਧਿਰ ਤੋਂ ਨਾਲ ਦੀ ਨਾਲ ਸਪਸ਼ਟੀਕਰਨ ਵੀ ਲਿਆ । ਸੁਣਵਾਈ ਬਹੁਤ ਹੀ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਹੋਈ ਜਿਸ ਵਾਸਤੇ ਜੱਜ ਸਾਹਿਬ ਦਾ ਮੈਂ ਹਿਰਦੇ ਦੀ ਗਹਿਰਾਈ ਤੋਂ ਧੰਨਵਾਦੀ ਹਾਂ ।

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ)

# ਆਓ ਰਲ ਅਰਦਾਸ ਕਰੀਏ !

ਆਓ ਰਲ ਅਰਦਾਸ ਕਰੀਏ
ਆਪਣੇ ਸਾਹਿਬ ਪਾਸ ਕਰੀਏ

ਮੁਸੀਬਤਾਂ ਵਿੱਚ ਅੱਜ ਘਿਰਿਆ ਪੰਜਾਬ
ਮਹਿਕਦਾ ਸੀ ਜੋ ਵਾਂਗ ਗੁਲਾਬ
ਉਸਦੇ ਭਲੇ ਲਈ ਖਾਸ ਕਰੀਏ
ਆਓ ਰਲ ਅਰਦਾਸ ਕਰੀਏ

ਘਰ, ਫ਼ਸਲ, ਬੇਜ਼ੁਬਾਨ ਪਾਣੀ 'ਚ ਰੁੜ੍ਹ ਗਏ
ਖ਼ੁਸ਼ੀਆਂ ਹਾਸੇ ਸਭ ਦਰ ਤੋਂ ਮੁੜ ਗਏ
ਮੁੜ ਆਉਣ ਹਾਸੇ ਆਸ ਕਰੀਏ
ਆਓ ਰਲ ਅਰਦਾਸ ਕਰੀਏ

ਸਾਹਿਬ ਮੇਰਾ ਬੜਾ ਮਿਹਰਬਾਨ ਹੈ
ਕੀਤੀ ਅਰਦਾਸ ਕਰਦਾ ਪ੍ਰਵਾਨ ਹੈ
'ਰੇਨੂੰ' ਉਸ ਤੇ ਵਿਸ਼ਵਾਸ ਕਰੀਏ
ਆਓ ਰਲ ਅਰਦਾਸ ਕਰੀਏ।

ਡਾ.ਰਜਿੰਦਰ ਰੇਨੂੰ

# ਹੋਮ ਸਟਡ ਸੀਨੀਅਰ ਕਲੱਬ ਵਲੋਂ ਕਰਵਾਏ ਲੇਬਰ ਡੇਅ ਦੇ ਸਮਾਗਮ ਤੇ ਮਿਲਿਆ ਦਰਸ਼ਕਾਂ ਦਾ ਭਰਪੂਰ ਹੁੰਗਾਰਾ








ਬਰੈਂਪਟਨ (ਮਹਿੰਦਰ ਸਿੰਘ ਮੋਹੀ): ਪਿਛਲੇ ਸ਼ਨਿੱਚਰਵਾਰ ਹੋਮ ਸਟਡ ਸੀਨੀਅਰਜ ਕਲੱਬ ਬਰੈਂਪਟਨ ਨੇ ਪ੍ਰਧਾਨ ਕੁਲਵੰਤ ਸਿੰਘ ਕੈਲੇ ਦੀ ਅਗਵਾਈ ਵਿੱਚ ਕਿਰਤੀ ਕਾਮਿਆਂ ਦੀ ਜਦੋਜਹਿਦ ਦੇ ਇਤਹਾਸ ਤੇ ਕਿਰਤ ਦੀ ਲੁੱਟ ਖਸੁੱਟ ਨੂੰ ਰੋਕਣ ਲਈ ਕੀਤੀਆ ਕੁਰਬਾਨੀਆਂ ਦੀ ਯਾਦ ਨੂੰ ਤਾਜਾ ਕਰਦਾ ਲੇਬਰ ਡੇਅ ਮਨਾਇਆ ਗਿਆ। ਇਸ ਵਿੱਚ ਵੱਡੀ ਗਿਣਤੀ ਵਿੱਚ ਪਰਿਵਾਰ ਸਮੇਤ ਸੀਨੀਅਰਜ, ਨੌਜਵਾਨ ਤੇ ਬੱਚੇ ਸ਼ਾਮਲ ਹੋਏ। ਸਭ ਤੋਂ ਪਹਿਲਾ ਕਲੱਬ ਦੇ ਅਗਜੇਕਟਿਵ ਮੈਂਬਰ ਹਰਪਿੰਦਰ ਸਿੰਘ ਗਦਰੀ ਨੇ ਮਜਦੂਰ ਦਿਵਸ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆ ਰੂਸ ਤੇ ਸ਼ਿਕਾਗੋ ਦੇ ਮਜਦੂਰ ਲਹਿਰ ਦੇ ਸ਼ਹੀਦੀ ਨੂੰ ਯਾਦ ਕੀਤਾ। ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੇ ਮੀਡੀਆ ਐਡਵਾਈਜ਼ਰ ਮਹਿੰਦਰ ਸਿੰਘ ਮੋਹੀ ਨੇ ਕਨੇਡਾ ਦੀ ਮਜਦੂਰ ਲਹਿਰ ਦੇ 1872 ਵਿੱਚ ਹੈਮਿਲਟਨ ਤੇ ਟਰਾਂਟੋ ਵਿੱਚ ਹੋਏ ਵੱਡੇ ਮਜਦੂਰਾਂ ਦੇ ਮੁਜਾਹਰੇ, ਜਿਸ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਕਿਰਤੀ ਕਾਮੇ ਸ਼ਾਮਲ ਹੋਏ ਦਾ ਜਿਕਰ ਕੀਤਾ। ਜਿਸ ਕਾਰਨ ਉਸ ਸਮੇਂ ਦੇ ਪ੍ਰਧਾਨ ਮੰਤਰੀ ਮੈਕਡੋਨਲਡ ਨੂੰ ਯੂਨੀਅਨ ਦੇ ਸਾਰੇ ਨੇਤਾਵਾਂ ਨੂੰ ਜੇਲ੍ਹ ਵਿਚੋਂ ਰਿਹਾਅ ਕਰਨ ਲਈ ਮਜਬੂਰ ਹੋਣਾ ਪਿਆ। ਤੇ Employer ਤੇ ਮਜਦੂਰ ਤੋਂ ਧੱਕੇ ਨਾਲ ਦਿਨ ਵਿਚ 9 ਘੰਟੇ ਤੋਂ ਵਧ ਸਮੇ ਲਈ ਕੰਮ ਕਰਵਾਉਣ ਤੇ ਰੋਕ ਲਗਾਉਣੀ ਪਈ। ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੇ ਪ੍ਰਧਾਨ ਜੰਗੀਰ ਸਿੰਘ ਸ਼ੈਬੀ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆ ਸੀਨੀਅਰਜ ਨੂੰ ਫਰੀ ਬਸ ਸਰਵਿਸ ਤੇ ਜਿਮ ਦਾ ਲਾਹਾ ਲੈਣ ਦਾ ਸ਼ੰਦੇਸ਼ ਦਿੱਤਾ ਤਾਂ ਕੇ ਉਹ ਵਧ ਤੋਂ ਵਧ ਸਰੀਰਕ ਤੇ ਮਾਨਸਿਕ ਤੌਰ ਤੇ ਫਿਟ ਰਹਿ ਸਕਣ। ਸਿਆਸੀ ਸਫਾਂ ਵਿੱਚ ਪ੍ਰਮੁੱਖਤਾ ਨਾਲ ਵਿਚਰ ਰਹੇ ਬੱਬੂ ਨੇ ਵੀ ਨੋਜਵਾਨ ਵਰਗ ਨੂੰ ਸੀਨੀਅਰਜ ਦੀ ਵਡਮੁੱਲੀ ਨਸੀਅਤ ਤੇ ਅਮਲ ਕਰਨ ਤੇ ਵਧ ਗਿਣਤੀ ਵਿੱਚ ਖੇਡਾਂ ਵਿੱਚ ਭਾਗ ਲੈਣ ਦੀ ਸਲਾਹ ਦਿੱਤੀ। ਇਸ ਸਮੇਂ ਫੈਡਰਲ ਦੇ ਐਮ ਪੀ ਅਮਨ ਦੀਪ ਸੋਢੀ, ਐਮ.ਪੀ.ਪੀ ਅਮਰਜੋਤ ਸੰਧੂ ਤੇ ਸਿਟੀ ਦੇ ਕੌਂਸਲਰ ਤੇ ਰਿਜਨਲ ਕੌਂਸਲਰ ਵੀ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਉਹਨਾਂ ਨੇ ਸਾਰਿਆਂ ਨੇ ਲੇਬਰ ਡੇਅ ਦੀਆਂ ਵਧਾਈਆਂ ਦਿੰਦਿਆ ਆਪਣੇ ਲੈਵਲ ਤੇ ਕੀਤੇ ਜਾ ਰਹੇ ਕੰਮਾਂ ਦਾ ਵਰਨਣ ਕੀਤਾ। ਬਰੈਂਪਟਨ ਦੀਆਂ ਬਹੁਤ ਸਾਰੀਆਂ ਕਲੱਬਾਂ ਦੇ ਪ੍ਰਧਾਨ ਤੇ ਅਹੁਦੇਦਾਰ ਮਜਦੂਰ ਦਿਵਸ ਦੇ ਇਸ ਸਮਾਗਮ ਵਿੱਚ ਸ਼ਾਮਲ ਹੋਏ। ਕੁਲਵਿੰਦਰ ਸਿੰਘ ਢਿਲੋਂ ਨੇ ਸਟੇਜ ਸੰਚਾਲਨ ਦੀ ਜਿੰਮੇਵਾਰੀ ਵਧੀਆ ਢੰਗ ਨਾਲ ਨਿਭਾਈ। ਬਰੈਂਪਟਨ ਦੀਆਂ ਸਾਰੀਆਂ ਸੀਨੀਅਰ ਕਲੱਬਾਂ ਨੂੰ ਰਾਹ ਦਿਖਾਉਣ ਵਾਲਾ ਇਹ ਉਚੀ ਪਧਰ ਦਾ ਮਜ਼ਦੂਰਾਂ ਨੂੰ ਸਮਰਪਿਤ ਸਮਾਗਮ ਨੂੰ ਕਾਮਯਾਬੀ ਨਾਲ ਆਰਗੇਨਾਈਜ ਕਰਨ ਵਿੱਚ ਪ੍ਰਧਾਨ ਕੁਲਵੰਤ ਸਿੰਘ ਕੈਲੇ, ਸਕੱਤਰ ਦਰਸ਼ਨ ਸਿੰਘ ਬੋਪਾਰਾਏ, ਹਰਪਿੰਦਰ ਸਿੰਘ ਗਦਰੀ, ਮਾਂਗਟ ਸਾਹਿਬ, ਕੁਲਵਿੰਦਰ ਸਿੰਘ ਢਿੱਲੋਂ, ਨਛੱਤਰ ਸਿੰਘ ਤੇ ਹੋਮ ਸਟਡ ਸੀਨੀਅਰ ਕਲੱਬ ਦੇ ਸਾਰੇ ਮੈਂਬਰਾਂ ਦਾ ਮੁੱਖ ਯੋਗਦਾਨ ਰਿਹਾ।

# ਵਿਟਮਰ ਪਾਰਕ ਸੀਨੀਅਰਜ਼ ਰੈਕਰੇਸ਼ਨ ਸੈਂਟਰ, ਕੈਮਬ੍ਰਿਜ ਦੇ ਮੈਂਬਰਾਂ ਵਲੋਂ ਟੋਰਾਂਟੋ ਚਿੜਿਆਘਰ ਦਾ ਟੂਰ




ਸਟਾਰ ਨਿਊਜ਼:- ਪਿਛਲੇ ਦਿਨੀਂ ਕੈਮਬ੍ਰਿਜ ਦੇ ਵਿਟਮਰ ਪਾਰਕ ਸੀਨੀਅਰਜ਼ ਰੈਕਰੇਸ਼ਨ ਸੈਂਟਰ ਦੇ ਮੈਂਬਰਾਨ ਵਲੋਂ ਟੋਰਾਂਟੋ ਚਿੜਿਆਘਰ ਦਾ ਟੂਰ ਲਾਇਆ ਗਿਆ। ਕਲੱਬ ਦੇ ਪ੍ਰਬੰਧਕਾਂ ਵਲੋਂ ਬੱਸ ਅਤੇ ਖਾਣ ਪੀਣ ਦਾ ਇੰਤਜ਼ਾਮ ਕੀਤਾ ਗਿਆ ਸੀ। ਕੈਮਬ੍ਰਿਜ਼ ਤੋਂ ਕਲੱਬ ਦੇ ਮੈਂਬਰਾਨ ਨੇ ਸਵੇਰੇ 10 ਵਜੇ ਕੈਮਬ੍ਰਿਜ ਗੁਰਦੁਆਰਾ ਸਾਹਿਬ ਤੋਂ ਚਾਲੇ ਪਾਏ ਅਤੇ ਸਾਰਾ ਦਿਨ ਚਿੜਿਆਘਰ ਵਿੱਚ ਬਿਤਿਆ ਇਸ ਦੌਰਾਨ ਉਨ੍ਹਾਂ ਚਿੜਿਆਘਰ ਦੇ ਵੱਖ ਵੱਖ ਹਿੱਸਿਆਂ ਵਿੱਚ ਰੱਖੇ ਗਏ ਵੱਖ-ਵੱਖ ਜਾਨਵਰ ਦੇਖੇ। ਕਲੱਬ ਦੇ ਜਨਰਲ ਸਕੱਤਰ ਸੁਰਿੰਦਰ ਸਿੰਘ ਅਟਵਾਲ ਨੇ ਦੱਸਿਆ ਕਿ ਇਹ ਚਿੜਿਆਘਰ ਤਕਰੀਬਨ 710 ਏਕੜ ਵਿੱਚ ਫੈਲਿਆ ਹੋਇਆ ਹੈ ਅਤੇ ਇਸ ਨੂੰ ਜਾਨਵਰਾਂ ਦੇ ਵਾਤਾਵਰਣ ਅਤੇ ਰਹਿਣ ਸਹਿਣ ਅਨੁਸਾਰ 7 ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਇਨ੍ਹਾਂ ਵਿੱਚ ਭਾਲੂ, ਓਨੇਰਗੁਟੇਨ, ਸ਼ੇਰ, ਚੀਤੇ, ਕੰਗਾਰੂ ਆਦਿ ਹੋਰ ਬਹੁਤ ਸਾਰੇ ਜਾਨਵਰ ਹਨ, ਉਨ੍ਹਾਂ ਦੱਸਿਆ ਕਿ ਕਲੱਬ ਸਾਰੇ ਮੈਂਬਰਾਂ ਨੇ ਖੂਬ ਅਨਦ ਮਾਣਿਆ। ਕਲੱਬ ਦੇ ਖ਼ਜਾਨਚੀ ਕੁਲਵੰਤ ਊਬੀ ਨੇ ਦੱਸਿਆ ਕਿ ਵਿਟਮਰ ਪਾਰਕ ਸੀਨੀਅਰਜ਼ ਰੈਕਰੇਸ਼ਨ ਸੈਂਟਰ ਦੇ ਪ੍ਰਬੰਧਕਾਂ ਵਲੋਂ ਹਰ ਸਾਲ ਆਪਣੇ ਮੈਂਬਰਾਂ ਲਈ ਕਿਸੇ ਨਾ ਕਿਸੇ ਵੱਖਰੀ ਜਗ੍ਹਾ ਦੇ ਟੂਰ ਦਾ ਇੰਤਜਾਮ ਕੀਤਾ ਜਾਂਦਾ ਹੈ। ਜਿਸ ਨਾਲ ਮੈਂਬਰਾਂ ਵਿੱਚ ਉਤਸ਼ਾਹ ਵੀ ਬਣਿਆਂ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਸ਼ਹਿਰ ਦੇ ਆਲ਼ੇ ਦੁਆਲ਼ੇ ਸਥਿਤ ਵੱਖ ਵੱਖ ਮਨੋਰੰਜਕ ਅਤੇ ਇਤਿਹਾਸਿਕ ਸਥਾਨਾਂ ਬਾਰੇ ਵੀ ਜਾਣਕਾਰੀ ਮਿਲਦੀ ਰਹਿੰਦੀ ਹੈ। ਸ਼ਾਮ ਤਕਰੀਬਨ 7 ਵਜੇ ਇਹ ਸਾਰੇ ਕੈਮਬ੍ਰਿਜ ਗੁਰਦੁਆਰਾ ਸਾਹਿਬ ਪਹੁੰਚੇ, ਜਿੱਥੇ ਵਿਟਮਰ ਪਾਰਕ ਸੀਨੀਅਰਜ਼ ਰੈਕਰੇਸ਼ਨ ਸੈਂਟਰ ਦੇ ਪ੍ਰਧਾਨ ਜੋਗਿੰਦਰ ਸਿੰਘ ਵਲੋਂ ਸਾਰੇ ਮੈਂਬਰਾਂ ਦਾ ਟੋਰਾਂਟੋ ਚਿੜਿਆਘਰ ਦੇ ਟੂਰ 'ਤੇ ਜਾਣ ਲਈ ਅਤੇ ਕਲੱਬ ਨੂੰ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ, ਉਪਰੰਤ ਸਾਰੇ ਮੈਂਬਰ ਆਪੋ ਆਪਣੇ ਘਰਾਂ ਨੂੰ ਚਲੇ ਗਏ।

# PM ਦੇ ਦੌਰੇ ਤੋਂ ਪਹਿਲਾਂ ਅਮਨ ਅਰੋੜਾ ਵੱਲੋਂ ਕੇਂਦਰ ਤੋਂ 20,000 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਮੰਗ



ਚੰਡੀਗੜ੍ਹ: ਪ੍ਰਧਾਨ ਮੰਤਰੀ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਤੋਂ ਪਹਿਲਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ "ਡੂੰਘੀ ਨੀਂਦ" ਤੋਂ ਜਗਾਉਣ ਦਾ ਹੋਕਾ ਦਿੰਦਿਆਂ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕੇਂਦਰ ਤੋਂ 20,000 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਹੜ੍ਹਾਂ ਕਰਕੇ ਬਣੇ ਹਾਲਾਤਾਂ ਨੂੰ ਫੋਟੋਗ੍ਰਾਫ਼ੀ ਦੇ ਮੌਕੇ ਵਜੋਂ ਦੇਖਣ ਲਈ ਪੰਜਾਬ ਦੀ ਭਾਜਪਾ ਲੀਡਰਸ਼ਿਪ ਅਤੇ ਕੇਂਦਰੀ ਮੰਤਰੀਆਂ ਦੀ ਸਖ਼ਤ ਆਲੋਚਨਾ ਕਰਦਿਆਂ ਮੋਦੀ ਨੂੰ ਇਸ ਕੁਦਰਤੀ ਮਾਰ ਤੋਂ ਸੂਬੇ ਨੂੰ ਉਭਾਰਨ ਲਈ ਕੋਈ ਠੋਸ ਸਹਾਇਤਾ ਦੇਣ ਦੀ ਅਪੀਲ ਕੀਤੀ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਮੰਗਲਵਾਰ ਨੂੰ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਲਈ ਪੰਜਾਬ ਆ ਰਹੇ ਹਨ।

ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ, "ਮੈਂ ਪੰਜਾਬ ਦੇ 3 ਕਰੋੜ ਤੋਂ ਵੱਧ ਲੋਕਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਿੱਘਾ ਸਵਾਗਤ ਕਰਦਾ ਹਾਂ, ਜੋ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਆ ਰਹੇ ਹਨ ਪਰ ਮੈਂ ਨਾਲ ਹੀ ਉਨ੍ਹਾਂ ਨੂੰ ਨਿਮਰਤਾ ਨਾਲ ਬੇਨਤੀ ਕਰਦਾ ਕਿ ਉਹ ਇਸ ਗੰਭੀਰ ਸੰਕਟ ਨੂੰ ਸਿਰਫ਼ ਫੋਟੋਗ੍ਰਾਫ਼ੀ ਲਈ ਹੜ੍ਹ ਸੈਰ-ਸਪਾਟੇ ਤੱਕ ਸੀਮਤ ਨਾ ਰੱਖਦਿਆਂ ਪੰਜਾਬ ਲਈ ਵਿਸ਼ੇਸ਼ ਸਹਾਇਤਾ ਲੈ ਕੇ ਆਉਣ। ਜੇਕਰ ਪ੍ਰਧਾਨ ਮੰਤਰੀ ਪੰਜਾਬ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਮੰਨਦੇ ਹਨ ਅਤੇ ਉਹ ਸੱਚਮੁੱਚ ਪੰਜਾਬ ਦੀ ਪਰਵਾਹ ਕਰਦੇ ਹਨ ਤਾਂ ਉਹ ਸੂਬੇ ਲਈ ਘੱਟੋ-ਘੱਟ 20,000 ਕਰੋੜ ਰੁਪਏ ਦਾ ਪੈਕੇਜ ਲੈ ਕੇ ਆਉਣ।"

ਅਮਨ ਅਰੋੜਾ ਨੇ ਕੇਂਦਰ ਸਰਕਾਰ ਵੱਲੋਂ ਸੂਬੇ ਦੇ 60,000 ਕਰੋੜ ਰੁਪਏ ਦੇ ਰੋਕੇ ਗਏ ਫੰਡਾਂ ਨੂੰ ਤੁਰੰਤ ਜਾਰੀ ਕਰਨ ਦੀ ਮੰਗ ਵੀ ਕੀਤੀ, ਜਿਸ ਵਿੱਚ ਜੀ.ਐਸ.ਟੀ. ਪ੍ਰਣਾਲੀ ਲਾਗੂ ਹੋਣ ਕਾਰਨ 50,000 ਕਰੋੜ ਰੁਪਏ ਦੇ ਮਾਲੀਆ ਦਾ ਨੁਕਸਾਨ ਅਤੇ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਪੇਂਡੂ ਵਿਕਾਸ ਫੰਡ (ਆਰਡੀਐਫ) ਅਤੇ ਮਾਰਕੀਟ ਵਿਕਾਸ ਫੰਡ (ਐਮਡੀਐਫ) ਦੇ ਬਕਾਇਆ 8,000 ਕਰੋੜ ਰੁਪਏ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਵੀ ਬਕਾਇਆ ਫੰਡ ਜਾਰੀ ਕਰਨ ਲਈ ਕੇਂਦਰ ਸਰਕਾਰ ਨੂੰ ਇੱਕ ਪੱਤਰ ਲਿਖਿਆ ਸੀ। ਉਨ੍ਹਾਂ ਨੇ ਹੜ੍ਹ ਮੁਆਵਜ਼ੇ ਵਿੱਚ ਵਾਧੇ ਦੀ ਮੰਗ ਵੀ ਕੀਤੀ ਕਿਉਂਕਿ ਹਾਲ ਹੀ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ 4.50 ਲੱਖ ਏਕੜ ਤੋਂ ਵੱਧ ਖੇਤੀ ਵਾਲਾ ਰਕਬਾ ਪਾਣੀ 'ਚ ਡੁੱਬ ਗਿਆ ਹੈ ਅਤੇ 3 ਲੱਖ ਤੋਂ ਵੱਧ ਪਸ਼ੂਧਨ ਪ੍ਰਭਾਵਿਤ ਹੋਣ ਦੇ ਨਾਲ-ਨਾਲ ਸੈਂਕੜੇ ਘਰ ਨੁਕਸਾਨੇ ਗਏ ਹਨ।

ਉਨ੍ਹਾਂ ਨੇ ਭਾਰਤ ਦੀ ਖੁਰਾਕ ਸੁਰੱਖਿਆ ਵਿੱਚ ਪੰਜਾਬ ਦੇ ਮਹੱਤਵਪੂਰਨ ਯੋਗਦਾਨ ਨੂੰ ਧਿਆਨ ਵਿੱਚ ਰੱਖਦਿਆਂ ਸੂਬੇ ਦੀ ਹੜ੍ਹ ਪ੍ਰਭਾਵਿਤ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣ ਲਈ ਵਿਸ਼ੇਸ਼ ਰਾਹਤ ਪੈਕੇਜ ਦੀ ਲੋੜ 'ਤੇ ਜ਼ੋਰ ਦਿੱਤਾ। ਕੇਂਦਰ ਸਰਕਾਰ 'ਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਦਾ ਦੋਸ਼ ਲਾਉਂਦਿਆਂ ਅਰੋੜਾ ਨੇ ਇਸ ਸੰਕਟ ਦੌਰਾਨ ਪੰਜਾਬ ਦੇ ਭਾਜਪਾ ਆਗੂਆਂ ਦੀ ਚੁੱਪੀ 'ਤੇ ਸਵਾਲ ਉਠਾਉਂਦਿਆਂ ਸੁਝਾਅ ਦਿੱਤਾ ਕਿ ਅਜਿਹੇ ਹਾਲਾਤਾਂ ਵਿੱਚ ਇਨ੍ਹਾਂ ਆਗੂਆਂ ਨੂੰ ਫੋਟੋਆਂ ਖਿਚਵਾਉਣ ਦੇ ਮੌਕੇ ਤਲਾਸ਼ਣ ਦੀ ਥਾਂ ਸੂਬੇ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕੇਜ ਹਾਸਲ ਕਰਨ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਬਣੇ ਗੰਭੀਰ ਹਾਲਾਤਾਂ 'ਚ ਸੁਧਾਰ ਲਈ ਵਿਖਾਵੇ ਦੀ ਰਾਜਨੀਤੀ ਨਹੀਂ, ਸਗੋਂ ਠੋਸ ਕਾਰਵਾਈ ਕਰਨ ਦੀ ਲੋੜ ਹੈ।

ਅਮਨ ਅਰੋੜਾ ਨੇ ਦੁਹਰਾਇਆ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨਾਲ ਡਟ ਕੇ ਖੜ੍ਹੀ ਹੈ ਅਤੇ ਇਸ ਕੁਦਰਤੀ ਕਹਿਰ ਕਰਕੇ ਬਣੇ ਹਾਲਾਤਾਂ 'ਚੋਂ ਸੂਬੇ ਨੂੰ ਉਭਾਰਨ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਸੂਬੇ ਦੀਆਂ ਚੁਣੌਤੀਆਂ ਦੇ ਹੱਲ ਲਈ ਲੋੜੀਂਦੀ ਰਾਹਤ ਅਤੇ ਸਹਾਇਤਾ ਦੀ ਲੋੜ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਅਤੇ ਪੰਜਾਬ ਦੇ ਹੱਕਾਂ ਲਈ ਹਰੇਕ ਪਲੇਟਫ਼ਾਰਮ ਉਤੇ ਆਵਾਜ਼ ਉਠਾਵੇਗੀ।

# ਹੜ੍ਹ ਪ੍ਰਭਾਵਿਤ ਕਿਸਾਨਾਂ ਦੇ ਸਮਰਥਨ 'ਚ ਅੱਗੇ ਆਏ CM ਮਾਨ ਦੇ ਭਰਾ

## ਪੰਜਾਬ ਸਰਕਾਰ ਨੂੰ ਦਿੱਤੀ ਸਲਾਹ



ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਮਾਨ ਦੇ ਭਰਾ ਗਿਆਨ ਸਿੰਘ ਮਾਨ ਵੱਲੋਂ ਸੋਸ਼ਲ ਮੀਡੀਆ 'ਤੇ ਪਾਈਆਂ ਜਾ ਰਹੀਆਂ ਪੋਸਟਾਂ ਕਾਰਨ ਸੂਬੇ ਦੀ ਰਾਜਨੀਤੀ ਗਰਮਾ ਗਈ ਹੈ। ਸ਼ਨੀਵਾਰ ਨੂੰ ਪੋਸਟ ਕਰਨ ਤੋਂ ਬਾਅਦ, ਮੁੱਖ ਮੰਤਰੀ ਦੇ ਚਚੇਰੇ ਭਰਾ ਗਿਆਨ ਸਿੰਘ ਮਾਨ ਐਤਵਾਰ ਸ਼ਾਮ ਨੂੰ ਫਿਰ ਸੋਸ਼ਲ ਮੀਡੀਆ 'ਤੇ ਹੜ੍ਹ ਪ੍ਰਭਾਵਿਤ ਕਿਸਾਨਾਂ ਦੇ ਸਮਰਥਨ ਵਿੱਚ ਸਾਹਮਣੇ ਆਏ ਹਨ। ਉਨ੍ਹਾਂ ਨੇ ਪੰਜਾਬ ਦੀ ਮਾਈਨਿੰਗ ਨੀਤੀ ਵਿੱਚ ਬਦਲਾਅ ਲਿਆਉਣ ਦੀ ਮੰਗ ਉਠਾਈ ਹੈ।

ਗਿਆਨ ਸਿੰਘ ਮਾਨ ਨੇ ਲਿਖਿਆ ਹੈ ਕਿ ਪੰਜਾਬ ਸਰਕਾਰ ਨੂੰ ਕੈਬਨਿਟ ਮੀਟਿੰਗ ਬੁਲਾ ਕੇ ਮਾਈਨਿੰਗ ਨੀਤੀ ਨੂੰ ਬਦਲਣਾ ਚਾਹੀਦਾ ਹੈ। ਕਿਸਾਨਾਂ ਨੂੰ ਦਰਿਆਈ ਰੇਤ ਨਾਲ ਤਬਾਹ ਹੋਈਆਂ ਜ਼ਮੀਨਾਂ ਤੋਂ ਰੇਤ ਕੱਢਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਹੜ੍ਹ ਦਾ ਪਾਣੀ ਘਟਣ ਤੋਂ ਬਾਅਦ, ਕਿਸਾਨ ਆਪਣੀਆਂ ਜ਼ਮੀਨਾਂ ਦੀ ਮੁਰੰਮਤ ਕਰ ਸਕਣ ਅਤੇ ਅਗਲੀ ਫਸਲ ਬੀਜ ਸਕਣ। ਮੁੱਖ ਮੰਤਰੀ ਦੇ ਭਰਾ ਦੇ ਇਸ ਅਹੁਦੇ ਤੋਂ ਸਿਆਸੀ ਮਾਹਿਰ ਗੰਭੀਰ ਅਰਥ ਕੱਢ ਰਹੇ ਹਨ। ਸੋਮਵਾਰ ਨੂੰ ਕੈਬਨਿਟ ਮੀਟਿੰਗ ਤੋਂ ਪਹਿਲਾਂ ਮੁੱਖ ਮੰਤਰੀ ਦੇ ਭਰਾ ਦੀ ਮੰਗ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਚਰਚਾ ਹੈ ਕਿ ਕੈਬਨਿਟ ਮੀਟਿੰਗ ਵਿੱਚ ਮਾਈਨਿੰਗ ਵਿਭਾਗ 'ਤੇ ਸਵਾਲ ਉਠਾਏ ਜਾ ਸਕਦੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਇੱਕ ਤੀਰ ਨਾਲ ਦੋ ਨਹੀਂ ਸਗੋਂ ਕਈ ਨਿਸ਼ਾਨੇ ਲਗਾਉਣਾ ਚਾਹੁੰਦੇ ਹਨ, ਜਿਸਦੀ ਗੂੰਜ ਦਿੱਲੀ ਲੀਡਰਸ਼ਿਪ ਤੱਕ ਸੁਣਾਈ ਦੇ ਸਕਦੀ ਹੈ।

ਰਾਜ ਸਭਾ ਮੈਂਬਰ ਸੰਤ ਸੀਚੇਵਾਲ ਨੇ ਵੀ ਦਰਿਆਵਾਂ ਅਤੇ ਨਾਲਿਆਂ ਦੀ ਸਫਾਈ ਦਾ ਮੁੱਦਾ ਉਠਾਇਆ ਹੈ। ਕਾਂਗਰਸ ਵੀ ਇਹ ਮੁੱਦਾ ਚੁੱਕ ਰਹੀ ਹੈ। ਵੈਸੇ ਵੀ, ਗਿਆਨ ਸਿੰਘ ਮਾਨ ਦੀ ਪੋਸਟ ਨੇ ਸੂਬੇ ਦੀ ਰਾਜਨੀਤੀ ਵਿੱਚ ਹਲਚਲ ਮਚਾ ਦਿੱਤੀ ਹੈ। ਇਨ੍ਹਾਂ ਪੋਸਟਾਂ ਨੂੰ ਖੁਦ ਮੁੱਖ ਮੰਤਰੀ ਦੀਆਂ ਭਾਵਨਾਵਾਂ ਨਾਲ ਜੋੜਿਆ ਜਾ ਰਿਹਾ ਹੈ। ਕੁਝ ਹੱਦ ਤੱਕ ਇਹ ਗਤੀਵਿਧੀ ਸੋਮਵਾਰ ਦੀ ਕੈਬਨਿਟ ਮੀਟਿੰਗ ਵਿੱਚ ਸਾਹਮਣੇ ਆ ਸਕਦੀ ਹੈ।

# CM ਭਗਵੰਤ ਮਾਨ ਵੀਡੀਓ ਕਾਨਫਰੰਸਿੰਗ ਰਾਹੀਂ ਕੈਬਨਿਟ ਮੀਟਿੰਗ 'ਚ ਹੋਏ ਸ਼ਾਮਲ



ਚੰਡੀਗੜ੍ਹ: ਪੰਜਾਬ ਵਿੱਚ ਅੱਜ ਇੱਕ ਅਹਿਮ ਕੈਬਨਿਟ ਮੀਟਿੰਗ ਸ਼ੁਰੂ ਹੋਈ ਹੈ। ਮੁੱਖ ਮੰਤਰੀ ਭਗਵੰਤ ਮਾਨ, ਜੋ ਇਸ ਸਮੇਂ ਹਸਪਤਾਲ ਵਿੱਚ ਦਾਖਲ ਹਨ, ਨੇ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ ਵਿੱਚ ਹਿੱਸਾ ਲਿਆ। ਇਸ ਮੀਟਿੰਗ ਵਿੱਚ ਹੜ੍ਹ ਪ੍ਰਭਾਵਿਤ ਕਿਸਾਨਾਂ ਲਈ ਵੱਡੇ ਐਲਾਨ ਦੀ ਸੰਭਾਵਨਾ ਹੈ।

ਮੀਟਿੰਗ ਦਾ ਮੁੱਖ ਮੁੱਦਾ ਮਾਈਨਿੰਗ ਪਾਲਿਸੀ ਵਿੱਚ ਸੋਧ ਹੈ। ਨਵੀਂ ਪਾਲਿਸੀ ਅਧੀਨ "ਮੇਰੀ ਖੇਤ, ਮੇਰੀ ਰੇਤ" ਨੀਤੀ ਲਾਗੂ ਕੀਤੀ ਜਾ ਸਕਦੀ ਹੈ, ਜਿਸ ਅਧੀਨ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਕੱਢਣ ਅਤੇ ਉਸ ਦਾ ਮਾਲਕਾਨਾ ਹੱਕ ਰੱਖਣ ਦੀ ਇਜਾਜ਼ਤ ਹੋਵੇਗੀ। ਇਹ ਕਦਮ ਹੜ੍ਹ ਕਾਰਨ ਖੇਤਾਂ ਵਿੱਚ ਜਮ੍ਹਾਂ ਰੇਤ ਨਾਲ ਪਰੇਸ਼ਾਨ ਕਿਸਾਨਾਂ ਲਈ ਰਾਹਤ ਦਾ ਕੰਮ ਕਰੇਗਾ। ਮੀਟਿੰਗ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਪ੍ਰੈਸ ਕਾਨਫਰੰਸ ਕਰਨਗੇ ਅਤੇ ਇਸ ਸੰਬੰਧੀ ਵਿਸਤ੍ਰਿਤ ਜਾਣਕਾਰੀ ਸਾਂਝੀ ਕਰਨਗੇ।

### ਹੜ੍ਹ ਦੀ ਸਥਿਤੀ

ਸਾਲ 1988 ਤੋਂ ਬਾਅਦ ਪਹਿਲੀ ਵਾਰ ਪੰਜਾਬ ਵਿੱਚ ਹੜ੍ਹ ਨੇ 23 ਜ਼ਿਲ੍ਹਿਆਂ ਨੂੰ ਆਪਣੀ ਲਪੇਟ ਵਿੱਚ ਲਿਆ ਹੈ। ਖੇਤ ਪਾਣੀ ਵਿੱਚ ਡੁੱਬ ਗਏ ਹਨ ਅਤੇ ਉਨ੍ਹਾਂ ਵਿੱਚ ਮਿੱਟੀ ਤੇ ਰੇਤ ਜਮ੍ਹਾਂ ਹੋ ਗਈ ਹੈ। ਹਾਲਾਤ ਇਹ ਹਨ ਕਿ ਕਿਸਾਨ ਅਗਲੀ ਫਸਲ ਦੀ ਤਿਆਰੀ ਕਿਵੇਂ ਕਰਨ। ਕਿਸਾਨ ਇਹ ਮੰਗ ਵੀ ਉਠਾ ਰਹੇ ਸਨ ਕਿ ਉਨ੍ਹਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਕੱਢਣ ਦੀ ਇਜਾਜ਼ਤ ਦਿੱਤੀ ਜਾਵੇ। ਇਸ ਦੇ ਜਵਾਬ ਵਿੱਚ ਸਰਕਾਰ ਨੇ ਮਾਈਨਿੰਗ ਪਾਲਿਸੀ ਵਿੱਚ ਬਦਲਾਅ ਦਾ ਐਲਾਨ ਕੀਤਾ ਹੈ।

GTA Plumbing & Electrical Supplies
GTA Plumbing & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਫਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜ੍ਹੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ਪੰਜਾਬ ਸਟਾਰ
www.punjabstar.com

ਬੁੱਧ ਚਿੰਤਨ

# ਵਫ਼ਾਦਾਰ ਤੇ ਗਦਾਰ ਕੌਣ?





ਇਸ ਸਮੇਂ ਪੰਜਾਬ ਦੇ ਵਿੱਚ ਗਦਾਰ ਤੇ ਵਫ਼ਾਦਾਰ ਵਾਰੇ ਚਰਚਾ ਚੱਲਦੀ ਹੈ। ਹੁਣੇ ਹੀ ਫਾਰਗ ਕੀਤੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਮੁਲਾਕਾਤ ਦੌਰਾਨ ਕਿਹਾ ਸੀ ਕਿ ਉਹਨਾਂ ਆਪਣੀ ਸ੍ਵੈ ਇੱਛਾ ਦੇ ਨਾਲ ਆਪਣਾ ਅਹੁਦਾ ਛੱਡਿਆ ਹੈ । ਉਹਨਾਂ ਨੇ ਇਹ ਵੀ ਕਿਹਾ ਕਿ ਉਹਨਾਂ ਦੇ ਸਾਰੇ ਬਿਆਨ ਸੁਖਬੀਰ ਸਿੰਘ ਬਾਦਲ ਵਲੋਂ ਆਉਂਦੇ ਸਨ । ਇਸ ਬਿਆਨ ਨੂੰ ਲੈ ਕੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿੱਚ ਕੈਦ ਭੁਗਤ ਰਹੇ, ਭਾਈ ਰਾਜੋਆਣਾ ਨੇ ਪੱਤਰ ਲਿਖ ਕੇ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਕੌਮ ਦਾ ਗਦਾਰ ਹੈ। ਉਹਨਾਂ ਦਾ ਇਹ ਬਿਆਨ ਉਹਨਾਂ ਦੀ ' ਭੈਣ ਜੀ ' ਨੇ ਮੀਡੀਆ ਨੂੰ ਜਾਰੀ ਕੀਤਾ ਹੈ । ਭਾਈ ਬਲਵੰਤ ਸਿੰਘ ਰਾਜੋਆਣਾ ਦੇ ਇਸ ਬਿਆਨ ਦੇ ਵਿਚੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਰੂਹ ਨੂੰ ਖ਼ੁਸ਼ ਕਰਨ ਦੀ ਮਹਿਕ ਆ ਰਹੀ ਹੈ । ਪੰਜਾਬ ਦੇ ਹਿਤਾਂ ਦੇ ਨਾਲ ਵਫਾਦਾਰੀ ਤੇ ਗੱਦਾਰੀ ਕੌਣ ਕਰ ਰਿਹਾ ਹੈ? ਇਹ ਹੁਣ ਕਿਸੇ ਤੋਂ ਭੁੱਲਿਆ ਨਹੀਂ ਹੈ। ਪਰ ਭਾਈ ਰਾਜੋਆਣਾ ਦੇ ਇਸ ਬਿਆਨ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਉਹ ਸਿੱਖ ਕੌਮ, ਸਿੱਖ ਪੰਥ ਦੇ ਲਈ ਨਹੀਂ, ਸਗੋਂ ਇਕ ਪੰਥ ਵਿਰੋਧੀ ਪਰਵਾਰ ਦੀਆਂ ਇਛਾਵਾਂ ਪੂਰੀਆਂ ਕਰ ਰਹੇ ਹਨ?

ਪੰਜਾਬ ਦੇ ਨਾਲ ਕੌਣ ਗਦਾਰੀਆਂ ਕਰਦਾ ਰਿਹਾ ਹੈ ਤੇ ਕੌਣ ਸਰਕਾਰੀ ਸੰਸਥਾਵਾਂ ਨੂੰ ਖਤਮ ਕਰਕੇ ਆਪਣੀ ਜ਼ਮੀਨ ਤੇ ਜਾਇਦਾਦ ਇਕੱਠੀ ਕਰਨ ਵਿੱਚ ਰਾਜ ਨਹੀਂ,ਸੇਵਾ, ਕਰਦਾ ਰਿਹਾ ਹੈ? ਇਹ ਹੁਣ ਲੋਕਾਂ ਦੇ ਸਾਹਮਣੇ ਸਭ ਕੁੱਝ ਆ ਗਿਆ ਹੈ । ਸਾਡੇ ਸਮਿਆਂ ਦੀ ਇਹ ਕੇਹੀ ਤਰਾਸਦੀ ਹੈ ਕਿਅੱਜ ਦਾ ਬੱਚਾ ਆਪਣੇ ਬਾਪ ਨੂੰ ਆਖਦਾ ਕਿ ਮੈਂ 'ਤੇਰਾ ਪੁੱਤ ਨਹੀਂ ਤੇ ਮੇਰਾ ਬਾਪ ਤਾਂ 'ਰੁਪਈਆ ' ਹੈ। ਉਹ ਇਹਨਾਂ ਰੁਪਈਆ ਲਈ ਕੁੱਝ ਵੀ ਕਰ ਸਕਦਾ ਐ। ਬਹੁਗਿਣਤੀ ਕਰ ਵੀ ਰਹੇ ਹਨ ।

ਇਹ ਗੱਲ ਕਿਸੇ ਹੱਦ ਤੱਕ ਸੱਚ ਵੀ ਹੈ ਕਿ ਨਾ ਬਾਪ ਨਾ ਭਈਆ, ਸਭ ਤੇ ਬੜਾ ਰੁਪਈਆ ।

"ਜਿਸਦੀ ਕੋਠੀ ਦਾਣੇ, ਉਸਦੇ ਕਮਲੇ ਵੀ ਸਿਆਣੇ !"

ਹੁਣ ਸਿਆਣੇ ਹੋਣ ਦੇ ਲਈ ਗਿਆਨ ਤੇ ਤਜਰਬੇ ਦੀ ਜਰੂਰਤ ਨਹੀਂ। ਸਿਆਣੇ ਬਨਣ ਦੇ ਲਈ ਰੁਪਈਆ ਬਹੁਤ ਜਰੂਰੀ ਹੈ। ਰੁਪਈਆ ਬਣਾਉਣ ਤੇ ਕਮਾਉਣ ਦੇ ਲਈ ਜ਼ਮੀਰ ਦਾ ਹੋਣਾ ਜਰੂਰੀ ਨਹੀਂ ਹੁੰਦਾ। ਜਿਸਦੇ ਕੋਲ ਜ਼ਮੀਰ ਹੁੰਦੀ ਐ, ਉਸ ਨੂੰ ਅਜੋਕੀ ਦੁਨੀਆਂ ਦੇ ਵਿੱਚ ਸਭ ਤੋਂ ਵਧੇਰੇ ਮੂਰਖ ਤੇ ਗਿਆਨਹੀਨ ਮੰਨਿਆ ਜਾਂਦਾ ਹੈ। ਇਹ ਸਚੁ ਹੈ ਕਿ ਕਿਸੇ ਨੂੰ ਮਨਾਉਣ ਜਾਂ ਨਾ ਮਨਾਉਣ ਦੇ ਨਾਲ ਕੋਈ ਫਰਕ ਨਹੀਂ ਪੈਂਦਾ । ਫਰਕ ਤਾਂ ਉਸ ਵੇਲੇ ਪੈਂਦਾ ਹੈ, ਜਦੋਂ ਗਿਆਨਵਾਨ ਮਨੁੱਖ ਦੀ ਰੀੜ੍ਹ ਦੀ ਹੱਡੀ ਸੱਪ ਵਾਂਗੂੰ ਲਚਕਦਾਰ ਜਾਂ ਲੋਹਾ ਬਣਦੀ ਹੈ। ਬਗ਼ੈਰ ਰੀੜ੍ਹ ਵਾਲਾ ਜੀਵ ਹਰ ਭੀੜ ਵਿੱਚ ਦੀ ਗੁਜਰ ਜਾਂਦਾ ਹੈ ਪਰ ਲੋਹੇ ਦੀ ਰੀੜ੍ਹ ਵਾਲਾ ਤਾਂ ਬਗੈਰ ਭੀੜ ਦੇ ਮੂਹਰੇ ਪਹਾੜ ਬਣ ਜਾਂਦਾ ਹੈ।

ਲਚਕਦਾਰ ਟਾਹਣੀਆਂ ਤੇ ਤਣਿਆ ਵਾਲੇ ਰੁੱਖ ਲੰਮਾ ਸਮਾਂ ਜਿਉਂਦੇ ਤਾਂ ਰਹਿ ਸਕਦੇ ਹਨ ਪਰ ਉਹ ਕਿਸੇ ਦੇ ਲਈ ਫਲ ਤੇ ਫੁੱਲ ਨਹੀਂ ਦੇ ਸਕਦਾ। ਸਗੋਂ ਅੰਤਮ ਵੇਲੇ ਉਹ ਬਾਲਣ ਦੇ ਕੰਮ ਕੰਮ ਆਉਂਦਾ ਐ। ਉਹ ਕਿਸੇ ਨੂੰ ਜਾਲ ਕੇ ਰਾਖ ਬਣਾ ਸਕਦਾ ਹੈ ਪਰ ਸਖਤ ਤੇ ਮਜ਼ਬੂਤ ਤਣੇ ਤੇ ਟਾਹਣੇ ਵਾਲੇ ਰੁੱਖ ਵਗਦੀ ਹਵਾ ਦਾ ਰੁਖ ਬਦਲ ਸਕਦੇ ਹਨ। ਕਿਸੇ ਲਈ ਛਾਂ ਬਣ ਸਕਦੇ ਤੇ ਰਾਹ ਦਸੇਰਾ ਬਣ ਸਕਦੇ ਹਨ। ਉਹ ਰੁੱਖ ਤੇ ਮਨੁੱਖ ਸਦੀਆਂ ਤੇ ਯੁੱਗਾਂ ਤੱਕ ਜਿਉਂਦੇ ਹਨ ਤੇ ਮਾਰਗ ਦਰਸ਼ਨ ਬਣਦੇ ਹਨ।

ਰੁਪਈਆ ਦੇ ਨਾਲ ਤੁਸੀਂ ਡਿਗਰੀਆਂ ਖਰੀਦ ਸਕਦੇ ਹੋ ਪਰ ਗਿਆਨ ਨਹੀਂ। ਰੁਪਈਆ ਨਾਲ ਕੋਠੀ ਖਰੀਦ ਸਕਦੇ ਹੋ ਪਰ ਘਰ ਨਹੀਂ। ਘਰ ਬਣਾਉਣ ਦੇ ਲਈ ਰਿਸ਼ਤਿਆਂ ਦੀ ਵਿਆਕਰਨ ਦੀਆਂ ਧੁਨੀਆਂ ਦਾ ਹੋਣਾ ਤੇ ਉਨ੍ਹਾਂ ਨੂੰ ਸੁਰਬੱਧ ਕਰਨ ਦਾ ਗਿਆਨ ਹੀ ਕੋਠੀ ਨੂੰ ਘਰ ਬਣਾ ਸਕਦਾ ਹੈ। ਰਿਸ਼ਤਿਆਂ ਦੀ ਵਰਨਮਾਲਾ ਦੇ ਵਿੱਚ ਬਚਪਨ, ਜਵਾਨੀ ਤੇ ਬੁਢਾਪੇ ਇਕੋ ਉਮਰ ਵਿਚ ਫੇਰੇ ਜਾਂਦੀ, ਉਹ ਮਾਲਾ ਹੁੰਦੀ ਹੈ ਜਿਸ ਦੇ ਵਿੱਚ ਲੋਰੀਆਂ, ਸੁਹਾਗ ਤੇ ਆਲੁਹਣੀਆ ਸ਼ਾਮਲ ਹੁੰਦੀਆਂ ਹਨ। ਜਿਹਨਾਂ ਇਮਾਰਤਾਂ ਦੇ ਵਿੱਚ ਇਹਨਾਂ ਤਿੰਨ ਰਿਸ਼ਤਿਆਂ ਦੀ ਮਾਲਾ ਨਹੀਂ ਹੁੰਦੀ, ਉਹ ਘਰ ਨਹੀਂ ਹੁੰਦੇ, ਭੂਤਵਾੜੇ ਹੁੰਦੇ ਹਨ। ਜਿਥੇ ਭੂਤ ਤਾਂ ਨੱਚਦੇ ਹਨ ਪਰ ਕਿਸੇ ਬੱਚੇ ਦੀ ਕਿਲਕਾਰੀ, ਕਿਸੇ ਕੁੜੀ ਦੀ ਫੁਲਕਾਰੀ ਤੇ ਬਾਪ ਦੀ ਟਿਚਕਾਰੀ ਨਹੀਂ ਹੁੰਦੀ। ਕੋਠੀ ਹੋ ਸਕਦੀ ਐ ਪਰ ਨਹੀਂ ਹੁੰਦਾ ਘਰ! ਸਾਡੇ ਸਮਿਆਂ ਦੇ ਵਿੱਚ ਹੁਣ ਘਰ ਨਹੀਂ, ਵੱਡੇ ਮਕਾਨ ਬਣਦੇ ਹਨ। ਇਹਨਾਂ ਮਕਾਨਾਂ ਵਿੱਚ ਗੁਆਂਢੀਆਂ ਤੇ ਰਿਸ਼ਤੇਦਾਰਾਂ ਨੂੰ ਦੁਖੀ ਕਰਨ ਲਈ ਸ਼ੋਅਰੂਮਾਂ ਵਾਂਗੂੰ ਵਸਤੂਆਂ ਨੂੰ ਸਜਾਇਆ ਜਾਂਦਾ ਹੈ। ਵਸਤੂਆਂ ਅਸੀਂ ਆਪਣੇ ਲਈ ਨਹੀਂ ਸਗੋਂ ਦੂਜਿਆਂ ਨੂੰ ਦਿਖਾਉਣ ਲਈ ਤੇ ਚੰਗਾ ਦਿਖਣ ਦੇ ਲਈ ਲਿਆਉਂਦੇ ਆ ।

ਸਾਡੇ ਅੰਦਰ ਸਦੀਆਂ ਤੇ ਯੁੱਗਾਂ ਤੋਂ ਇਹ ਡਰ ਬਣਿਆ ਹੋਇਆ ਹੈ ਕਿ "ਲੋਕ ਕੀ ਕਹਿਣਗੇ ?" ਜਦਕਿ ਲੋਕਾਂ ਦੇ ਕੋਲ ਕਹਿਣ ਦੇ ਲਈ ਕੁੱਝ ਨਹੀਂ ਹੁੰਦਾ ਸਗੋਂ ਇਹ ਮਨ ਦਾ ਵਹਿਮ ਹੁੰਦਾ ਹੈ। ਇਸੇ ਕਰਕੇ ਅਸੀਂ ਜਿਉਂਦੇ ਨਹੀਂ ਸਗੋਂ ਸੱਪ ਵਾਂਗੂੰ ਰੀਂਘਦੇ ਹਾਂ ਤੇ ਚੀਕਦੇ ਹਾਂ ਬਗੈਰ ਗਰੀਸ ਲੱਗੇ ਗੱਡੇ ਦੇ ਪਹੀਏ ਵਾਂਗੂੰ ਤੁਰਦੇ ਆ। ਅਸੀਂ ਬਹੁਗਿਣਤੀ ਲੋਕ ਬਗੈਰ ਗਰੀਸ ਦੇ ਉਹ ਗੱਡੇ ਹੀ ਹਾਂ ਜੋ ਹਰ ਵੇਲੇ ਚੀਕਦੇ ਹਾਂ। ਸਾਡੇ ਸਮਿਆਂ ਦੇ ਵਿੱਚ ਸ਼ਬਦਾਂ ਦੇ ਅਰਥ ਤੇ ਅਰਥਾਂ ਦੇ ਸ਼ਬਦ ਬਦਲਦੇ ਜਾ ਰਹੇ ਹਨ। ਜ਼ਿੰਦਗੀ ਦੀ ਵਰਣਮਾਲਾ ਦੀ ਵਿਆਕਰਨ ਬਦਲ ਗਈ ਜਾਂ ਬਦਲ ਦਿੱਤੀ ਐ ? ਅਸੀਂ ਇਸ ਸਵਾਲ ਦੇ ਜਵਾਬ ਦੀ ਤਲਾਸ਼ ਲਈ ਕਿਸੇ ਛਾਂਦਾਰ ਰੁੱਖ (ਬਜ਼ੁਰਗ) ਕੋਲ ਬੈਠ ਕੇ ਨਹੀਂ ਸਗੋਂ ਧੁੱਪ ਵਿੱਚ ਬਹਿ ਕੇ ਮੁੜਕੋ ਮੁੜਕੀ ਹੁੰਦੇ ਹਾਂ ਤੇ ਉਦਾਸ ਨਹੀਂ ਸਗੋਂ ਨਿਰਾਸ਼ ਹੁੰਦੇ ਹਾਂ। ਵਕਤ ਦੀ ਧੁੱਪ ਤੁਹਾਨੂੰ ਕੁੱਝ ਪਲ ਦੇ ਸਕੂਨ ਦੇ ਸਕਦੀ ਹੈ ਪਰ ਛਾਂਦਾਰ ਰੁੱਖ ਵਰਗੀ ਸਾਦਗੀ ਤੇ ਸਬਰ ਨਹੀਂ ਦੇ ਸਕਦੀ। ਜਿਵੇਂ ਨਸ਼ਾ ਬੋਤਲ ਵਿੱਚ ਨਹੀਂ, ਮਨ ਵਿੱਚ ਹੁੰਦਾ ਹੈ। ਜੇ ਮਨ ਵਿੱਚ ਨਾ ਹੋਵੇ ਤਾਂ ਤਨ ਦਿਸ਼ਾਹੀਣ ਹੋ ਜਾਂਦਾ ਹੈ। ਨਸ਼ਾ ਸਰੀਰ ਨੂੰ ਨਹੀਂ ਮਨ ਨੂੰ ਚੜ੍ਹਦਾ ਹੈ।

ਦਿਨ ਤੇ ਰਾਤ ਦਾ ਸਫਰ ਇੱਕ ਦੂਜੇ ਦੇ ਮਿਲਾਪ ਲਈ ਦੌੜ ਦਾ ਹੈ। ਜਦ ਦਿਨ ਹੁੰਦਾ ਤੇ ਮਨ ਅੰਦਰ ਰਾਤ ਦੀ ਉਡੀਕ ਹੁੰਦੀ ਹੈ, ਜਦ ਰਾਤ ਹੁੰਦੀ ਤੇ ਤਨ ਅੰਦਰ ਦਿਨ ਹੁੰਦਾ ਹੈ। ਇਹਨਾਂ ਦੋਹਾਂ ਦੀ ਦੂਰੀ ਅਕਸਰ ਉਮਰ ਦਾ ਪੰਧ ਬਣ ਜਾਂਦੀ ਹੈ। ਉਮਰ ਦਾ ਪੰਧ ਪਲਾਂ ਦਾ ਨਹੀਂ ਹੁੰਦਾ ਯੁੱਗਾਂ ਦਾ ਹੁੰਦਾ ਹੈ। ਅਸੀਂ ਉਮਰ ਦੇ ਪੰਧ ਨੂੰ ਜੀਵਨ ਨਾਲ ਨਹੀਂ ਸਗੋਂ ਕੀਤੇ ਕੰਮਾਂ ਨਾਲ ਉਸਦਾ ਵਰ ਮੇਚਦੇ ਹਾਂ। ਕਿਸੇ ਵਰ ਨੂੰ ਮੇਚਣ ਲਈ ਗਜ਼ ਜਾਂ ਪੈਮਾਨਿਆਂ ਦੀ ਲੋੜ ਨਹੀਂ ਹੁੰਦੀ। ਉਹ ਅੱਖਾਂ ਨਾਲ ਮਿਣਿਆ ਜਾ ਸਕਦਾ ਐ ਜੇ ਨਜ਼ਰੀਆ ਸਹੀ ਹੋਵੇ । ਅਕਸਰ ਅਸੀਂ ਨਜ਼ਰੀਆ ਨਹੀਂ ਨਜ਼ਰ ਬਦਲ ਦੇ ਹਾਂ।

ਸਾਡੇ ਸਮਿਆਂ ਦੇ ਸ਼ਹੀਦਾਂ ਤੇ ਗਦਾਰਾਂ ਨੂੰ ਜਦ ਇੱਕੋ ਤੱਕੜੀ ਵਿੱਚ ਤੋਲਿਆ ਜਾਂਦਾ ਹੈ ਤਾਂ ਦੁੱਖ ਲਗਦਾ ਐ ਜਦਕਿ ਸ਼ਹੀਦਾਂ ਦੇ ਬਰਾਬਰ ਗਦਾਰ ਸਦਾ ਹੌਲੇ ਹੁੰਦੇ ਹਨ । ਗਦਾਰਾਂ ਦੇ ਹਵਾ ਵਿੱਚ ਲਟਕਦੇ ਸਰੀਰ ਸਦਾ ਹੀ ਜ਼ਿੰਦਗੀ ਦੇ ਮੱਥੇ ਵਿੱਚ ਜ਼ਖ਼ਮ ਕਰਦੇ ਹਨ। ਇਹਨਾਂ ਦੇ ਵਿੱਚ ਲੱਗੇ ਕਿੱਲ ਸਦਾ ਹੀ ਤੁਰੀ ਜਾਂਦੀ ਜ਼ਿੰਦਗੀ ਨੂੰ ਦਰਦ ਦੇਂਦੇ ਹਨ ।

ਸਮਾਜ ਵਿੱਚ ਗਦਾਰ ਤਾਂ ਸਦਾ ਲਈ ਮਰ ਜਾਂਦੇ ਹਨ। ਸ਼ਹੀਦ ਲੋਕ ਮਨਾ ਵਿੱਚ ਵਸਦੇ ਹਨ ਤੇ ਸਦਾ ਲਈ ਅਮਰ ਹੁੰਦੇ ਹਨ। ਮਰ ਗਿਆ ਨੂੰ ਲੋਕ ਰੋਂਦੇ ਹਨ। ਉਨ੍ਹਾਂ ਦੀਆਂ ਤਲਵਾਰਾਂ ਤੇ ਵਿਚਾਰਾਂ ਨੂੰ ਅੱਗ ਵਿੱਚ ਸਾੜ ਕੇ ਰਾਖ ਬਣਾਉਂਦੇ ਹਨ। ਸ਼ਹੀਦਾਂ ਨੂੰ ਲੋਕ ਸਦਾ ਮਨ ਵਿੱਚ ਵਸਾਈ ਰੱਖਦੇ ਹਨ। ਮਰ ਚੁਕਿਆਂ ਨਾਲ ਸਰਤੰਜ਼ ਖੇਡਣ ਵਾਲੇ ਬਹੁਗਿਣਤੀ ਤਨ ਅਰਥਹੀਣ ਲੜਦੇ ਹਨ। ਜੰਗ ਤਲਵਾਰਾਂ ਤੇ ਹਥਿਆਰਾਂ ਨਾਲ ਨਹੀਂ , ਵਿਚਾਰਾਂ ਨਾਲ ਸੂਝ ਤੇ ਸਮਝ ਨਾਲ ਲੜੀ ਜਾਂਦੀ ਹੈ। ਵਿਚਾਰਾਂ ਨੂੰ ਤਲਵਾਰਾਂ ਦੀ ਲੋੜ ਨਹੀਂ ਹੁੰਦੀ। ਹਥਿਆਰ ਇੱਕ ਬਾਰ ਸੂਝ ਤੇ ਸਿਆਣਪ ਨਾਲ ਵਰਤੇ ਜਾਂਦੇ ਹਨ ਤੇ ਸਾਰੀ ਉਮਰ ਸੰਭਾਲ ਕੇ ਰੱਖੇ ਜਾਂਦੇ ਹਨ। ਜੰਗ ਦੋ ਸਿਆਸੀਆਂ ਵਿੱਚ ਹੁੰਦੀ ਹੈ ਪਰ ਲੜਦੇ ਤੇ ਮਰਦੇ ਬਗੈਰ ਸਿਰਾਂ ਵਾਲੇ ਹੁੰਦੇ ਹਨ। ਬਗੈਰ ਸਿਰਾਂ ਵਾਲੇ ਸਾਡੇ ਸ਼ਹੀਦ ਬਣਾ ਦਿੱਤੇ ਹਨ ਤੇ ਅਸੀਂ ਮੰਨ ਲਏ ਹਨ। ਉਹਨਾਂ ਦੀ ਪੂਜਾ ਸ਼ੁਰੂ ਕਰ ਦਿੱਤੀ। ਉਹਨਾਂ ਦੀ ਯਾਦ ਵਿਚ ਵਪਾਰ ਸ਼ੁਰੂ ਕਰ ਲਿਆ। ਵਾਹ! ਪੰਜਾਬੀਓ ਵਾਹ!

ਸਾਡੇ ਸਮਿਆਂ ਵਿੱਚ ਦੁਸ਼ਮਣ ਨੇ ਗਦਾਰ ਤੇ ਸ਼ਹੀਦ ਦੇ ਅਰਥ ਹੀ ਬਦਲ ਦਿੱਤੇ ਹਨ, ਅਸੀਂ ਕੌਮ ਦੇ ਗਦਾਰ ਆਪਣੇ ਨਾਇਕ ਬਣਾ ਲਏ ਤੇ ਸ਼ਹੀਦਾਂ ਦੀਆਂ ਯਾਦਾਂ ਤੇ ਯਾਦਗਾਰਾਂ ਕਾਰ ਸੇਵਾ ਵਾਲਿਆਂ ਰਾਹੀਂ ਤਬਾਹ ਕਰਵਾ ਲਈਆਂ। ਕਾਰ ਸੇਵਾ ਦੇ ਨਾਮ ਉਤੇ ਪਲਣ ਵਾਲੀ ਚਿੱਟੀ ਸਿਉਂਕ ਸਾਡੇ ਘਰ-ਘਰ ਵੜ ਗਈ। ਸਾਨੂੰ ਹੁਣ ਲਕੀਰ ਮਾਰ ਕੇ ਜੁੜ ਕਿ ਤੁਰਨ ਦੀ ਲੋੜ ਐ, ਦੁਸ਼ਮਣ ਹਰ ਹਰਬਾ ਵਰਤ ਰਿਹਾ ਐ ਤੇ ਅਸੀਂ ਵੱਖਰੇ ਵੱਖਰੇ ਲੜ ਤੇ ਮਰ ਰਹੇ ਤੇ ਮਾਰੇ ਜਾ ਰਹੇ ਹਾਂ । ਇਹ ਸਿਲਸਿਲੇਵਾਰ ਤੇ ਵਰਤਾਰਾ ਚਲ ਰਿਹਾ ਐ, ਏ ਉਸ ਵੇਲੇ ਤਕ ਜਾਰੀ ਰਹੇਗਾ ਜਦ ਤਕ ਅਸੀਂ ਅੰਦਰਲੀ ਅੰਤਰ ਆਤਮਾ ਨੂੰ ਨਹੀਂ ਜਤਾਉਂਦੇ ਕਿ ਸਭ ਬਰਾਬਰ ਹਨ.ਪਰ ਅਸੀਂ ਵਫਾਦਾਰ ਤੇ ਗਦਾਰ ਦੇ ਚੱਕਰ ਵਿਚ ਉਲਝ ਗਏ ਹਾਂ, ਹਨੇਰਾ ਵੱਧ ਰਿਹਾ ਹੈ. ਪਰ ਸੋਚੋ ਕਿ ਅਸੀਂ ਕਦੋਂ ਤੱਕ ਹਨੇਰ ਵਿੱਚ ਮਰਦੇ ਰਹਾਂਗੇ ?



ਬੁੱਧ ਸਿੰਘ ਨੀਲੋਂ
94643 70823

# ਸੱਭਿਆਚਾਰਕ ਪ੍ਰਦੂਸ਼ਣ




ਅੱਜ ਦੇ ਦੌਰ ਦਾ ਹਰ ਇੱਕ ਮਨੁੱਖ ਵਿਸ਼ਵੀਕਰਨ ਅਤੇ ਪਦਾਰਥਵਾਦ ਦੇ ਵਿਕਾਸ ਨਾਲ ਚਿੰਨ੍ਹਤ ਹੈ। ਦੁਨੀਆ ਇੱਕ ਅਜਿਹੀ ਕਿਰਿਆ ਦਾ ਸਾਹਮਣਾ ਕਰ ਰਹੀ ਹੈ ਜੋ ਸੱਭਿਆਚਾਰਕ ਪਛਾਣ ਦੇ ਬੁਨਿਆਦੀ ਢਾਂਚੇ ਨੂੰ ਚੁਣੌਤੀ ਦੇ ਕੇ ਖਤਰੇ ਵਿੱਚ ਪਾ ਰਿਹਾ ਹੈ। ਸੱਭਿਆਚਾਰਕ ਪ੍ਰਦੂਸ਼ਣ ਇੱਕ ਅਜਿਹਾ ਸ਼ਬਦ ਜੋ ਉਸ ਸਮੱਸਿਆ ਨੂੰ ਦਰਸਾਉਂਦਾ ਹੈ ਜਿਸ ਵਿੱਚ ਦੁਨਿਆਵੀਂ ਸੱਭਿਆਚਾਰਾਂ ਖਾਸ ਕਰਕੇ ਪੱਛਮੀ ਉਪਭੋਗਤਾਵਾਦ ਦੇ ਪ੍ਰਭਾਵ ਕਾਰਨ ਸੱਭਿਆਚਾਰਕ ਵਿਰਾਸਤ ਅਤੇ ਰਿਵਾਜਾਂ ਦਾ ਘੱਟਣਾ, ਵਿਗੜਨਾ ਜਾਂ ਬਿਲਕੁਲ ਖਤਮ ਹੋ ਜਾਣਾ ਸ਼ਾਮਲ ਹੈ। ਜਿਵੇਂ ਜਿਵੇਂ ਸਮਾਜ ਵਿਦੇਸ਼ੀ ਰਿਵਾਜਾਂ, ਮੁੱਲਾਂ ਅਤੇ ਅਭਿਆਸਾਂ ਨੂੰ ਅਪਣਾਉਂਦੇ ਹਨ ਇਸਦੇ ਸਥਾਨਕ ਸੱਭਿਆਚਾਰਾਂ 'ਤੇ ਪ੍ਰਭਾਵ ਗੰਭੀਰ ਅਤੇ ਦੂਰਗਾਮੀ ਹੁੰਦੇ ਹਨ।

### ਸੱਭਿਆਚਾਰਕ ਪ੍ਰਦੂਸ਼ਣ ਨੂੰ ਸਮਝਣਾ

ਸੱਭਿਆਚਾਰਕ ਪ੍ਰਦੂਸ਼ਣ ਕਈ ਰੂਪਾਂ ਵਿੱਚ ਪ੍ਰਗਟ ਹੁੰਦਾ ਹੈ ਅਤੇ ਇਹ ਪਰੰਪਰਾਗਤ ਅਭਿਆਸਾਂ ਦੇ ਵਪਾਰੀਕਰਨ ਤੋਂ ਲੈ ਕੇ ਕਲਾ ਦੇ ਪ੍ਰਗਟਾਵਾਂ ਦੇ ਇੱਕਸਾਰ ਹੋ ਜਾਣ ਤੱਕ ਵੱਖਰੇ-ਵੱਖਰੇ ਹਨ। ਸੱਭਿਆਚਾਰਕ ਪ੍ਰਦੂਸ਼ਣ ਦੇ ਸਭ ਤੋਂ ਦਿੱਖਣਯੋਗ ਨਿਸ਼ਾਨਾਂ ਵਿੱਚ ਤੇਜ਼ ਫਾਸਟ ਫੂਡ ਚੇਨ, ਪਾਪ ਮਿਊਜ਼ਿਕ ਅਤੇ ਫੈਸ਼ਨ ਰੁਝਾਨ ਹਨ ਜੋ ਸਥਾਨਕ ਖਾਣ-ਪੀਣ, ਸੰਗੀਤ ਸ਼ੈਲੀਆਂ ਅਤੇ ਪਰੰਪਰਾਗਤ ਪਹਿਰਾਵੇ ਨੂੰ ਢੱਕ ਲੈਂਦੇ ਹਨ। ਇਹ ਦਖਲ ਅਕਸਰ ਸਥਾਨਕ ਰਿਵਾਜਾਂ ਦੇ ਗੁਆਚ ਜਾਣ ਦਾ ਕਾਰਨ ਬਣਦਾ ਹੈ ਪੀੜ੍ਹੀਆਂ ਦਰ ਪੀੜ੍ਹੀਆਂ ਤੱਕ ਚੱਲਦੇ ਆ ਰਹੇ ਹਨ।

### ਮੀਡੀਆ ਅਤੇ ਤਕਨੀਕ ਦੀ ਭੂਮਿਕਾ

ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਉਭਾਰ ਨੇ ਸੱਭਿਆਚਾਰਕ ਬਦਲਾਅ ਨੂੰ ਤੇਜ਼ ਕੀਤਾ ਹੈ ਪਰ ਇਸ ਨੇ ਸੱਭਿਆਚਾਰਕ ਪ੍ਰਦੂਸ਼ਣ ਵਿੱਚ ਵੀ ਯੋਗਦਾਨ ਦਿੱਤਾ ਹੈ। ਪ੍ਰਭਾਵਸ਼ਾਲੀਆਂ ਸਿਤਾਰੇ ਅਤੇ ਕਲਾਕਾਰ ਅਕਸਰ ਇੱਕ ਐਸੇ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੇ ਹਨ ਜੋ ਪੱਛਮੀ ਅਦਰਸ਼ਾਂ ਨੂੰ ਮਹੱਤਵ ਦਿੰਦੀ ਹੈ। ਜਿਸ ਨਾਲ ਗੈਰ-ਪੱਛਮੀ ਦੇਸ਼ਾਂ ਵਿੱਚ ਨੌਜਵਾਨ ਇਨ੍ਹਾਂ ਮਿਆਰਾਂ ਦੀ ਇੱਛਾ ਕਰਦੇ ਹਨ। ਇਹ ਇੱਛਾ ਸਥਾਨਕ ਰਿਵਾਜਾਂ ਨੂੰ ਛੱਡ ਕੇ ਪੱਛਮੀ ਸੱਭਿਅਤਾ ਦੇ ਰਿਵਾਜ਼ ਅਪਣਾਉਣ ਤੱਕ ਪਹੁੰਚ ਜਾਂਦੀ ਹੈ।

ਉਦਾਹਰਨ ਵਜੋਂ ਪੱਛਮੀ ਸੰਗੀਤ ਸ਼ੈਲੀਆਂ ਜਿਵੇਂ ਕਿ ਹਿਪ-ਹਾਪ ਅਤੇ ਪਾਪ ਦੀ ਪ੍ਰਸਿੱਧੀ ਨੇ ਦੇਸੀ ਸੰਗੀਤ ਦੇ ਰੂਪਾਂ ਨੂੰ ਹਾਸ਼ੀਆ 'ਤੇ ਲਿਆ ਦਿੱਤਾ ਹੈ। ਕਈ ਖੇਤਰਾਂ ਵਿੱਚ ਪਰੰਪਰਾਗਤ ਸੰਗੀਤਕਾਰਾਂ ਨੂੰ ਮਨਜ਼ੂਰ ਕਰਨ ਵਿੱਚ ਮੁਸ਼ਕਲ ਆਉਂਦੀ ਹੈ ਕਿਉਂਕਿ ਦਰਸ਼ਕ ਵੱਡੇ ਪੱਧਰ 'ਤੇ ਪੱਛਮੀ ਸੱਭਿਅਤਾ ਦੇ ਪ੍ਰਭਾਵ ਅਧੀਨ ਵਾਲੇ ਕਲਾਕਾਰਾਂ ਵੱਲ ਖਿੱਚਦੇ ਹਨ। ਇਹ ਬਦਲਾਅ ਨਾ ਸਿਰਫ਼ ਕਲਾਕਾਰਾਂ ਨੂੰ ਆਰਥਿਕ ਤੌਰ 'ਤੇ ਪ੍ਰਭਾਵਿਤ ਕਰਦਾ ਹੈ ਪਰ ਇਹ ਵਿਲੱਖਣ ਸੰਗੀਤਿਕ ਪਰੰਪਰਾਵਾਂ ਦੀ ਲੜੀ ਨੂੰ ਵੀ ਖਤਰੇ ਵਿੱਚ ਪਾ ਦਿੰਦਾ ਹੈ।

### ਆਰਥਿਕ ਪ੍ਰਭਾਵ

ਸੱਭਿਆਚਾਰਕ ਪ੍ਰਦੂਸ਼ਣ ਸਿਰਫ਼ ਸੱਭਿਆਚਾਰਾਂ ਦੀ ਸੁੰਦਰਤਾ ਦੇ ਭੰਗ ਹੋਣ ਦੀ ਚਿੰਤਾ ਨਹੀਂ ਬਲਕਿ ਇਸ ਦੇ ਆਰਥਿਕ ਪ੍ਰਭਾਵ ਵੀ ਮਹੱਤਵਪੂਰਨ ਹਨ। ਸਥਾਨਕ ਕਲਾ ਕਾਰ ਅਤੇ ਹਸਤਕਲਾ ਦੇ ਲੋਕ ਅਕਸਰ ਅੰਤਰਰਾਸ਼ਟਰੀ ਮਾਰਕੀਟ ਵਿੱਚ ਵਪਾਰ ਕਰਨ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ। ਪਰੰਪਰਾਗਤ ਹਸਤਕਲਾਵਾਂ ਜੋ ਪਹਿਲਾਂ ਸੋਹਣਾ ਫਲਦੀਆਂ ਫੁਲਦੀਆਂ ਸਨ ਹੁਣ ਨਾਸ਼ ਹੋਣ ਦੀ ਕੰਢੇ ਤੇ ਹਨ। 21ਵੀਂ ਸਦੀ ਦੇ ਉਪਭੋਗਤਾ ਕਿਫਾਇਤੀ ਵਿਕਲਪਾਂ ਨੂੰ ਚੁਣਦੇ ਹਨ ਜੋ ਸੱਭਿਆਚਾਰਕ ਮਹੱਤਵਾਂ ਤੋਂ ਰਹਿਤ ਹੁੰਦੇ ਹਨ।

ਇਸ ਤੋਂ ਇਲਾਵਾ ਟੂਰਿਜ਼ਮ ਵੀ ਸੱਭਿਆਚਾਰਕ ਪ੍ਰਦੂਸ਼ਣ ਨੂੰ ਵੱਧਾ ਸਕਦਾ ਹੈ। ਬਹੁਤ ਸਾਰੇ ਟੂਰਿਸਟ ਮੰਜ਼ਿਲਾਂ ਆਪਣੇ ਸੱਭਿਆਚਾਰਕ ਵਿਰਾਸਤ ਨੂੰ ਵਪਾਰ ਮੰਡੀ ਦਾ ਅੱਡਾ ਬਣਾਉਂਦੀਆਂ ਹਨ ਵਿਦੇਸ਼ੀ ਸੁਆਦਾਂ ਲਈ "ਸੱਭਿਆਚਾਰਕ ਪ੍ਰਦਰਸ਼ਨਾਂ" ਦੀ ਰਚਨਾ ਕਰਦੀਆਂ ਹਨ ਜੋ ਅਸਲੀਅਤ ਨੂੰ ਸੰਭਾਲਣ ਦੀ ਬਜਾਏ ਵਿਦੇਸ਼ੀਆਂ ਦੇ ਸੁਆਦ ਲਈ ਬਣਾਈਆਂ ਜਾਂਦੀਆਂ ਹਨ। ਇਸ ਵਪਾਰੀਕਰਨ ਨਾਲ ਸਥਾਨਕ ਸੱਭਿਆਚਾਰਾਂ ਦੀ ਸਮਝ ਬਹੁਤ ਹੀ ਥੋੜ੍ਹੀ ਰਹਿ ਜਾਂਦੀ ਹੈ, ਜਿਸ ਨਾਲ ਧਨੀ ਰਿਵਾਜਾਂ ਨੂੰ ਕੇਵਲ ਮਨੋਰੰਜਨ ਲਈ ਪ੍ਰਦਰਸ਼ਨ ਬਣਾਇਆ ਜਾਂਦਾ ਹੈ।

### ਵਿਰੋਧ

ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਸਮਾਜ ਵਿੱਚ ਇੱਕ ਲੋਕਲਹਿਰ ਉੱਠ ਰਹੀ ਹੈ ਜੋ ਸੱਭਿਆਚਾਰਕ ਸੰਭਾਲ ਲਈ ਵਕਾਲਤ ਕਰ ਰਹੀ ਹੈ। ਜ਼ਮੀਨੀ ਪੱਧਰ 'ਤੇ ਸੰਸਥਾਵਾਂ ਅਤੇ ਸਮੁਦਾਇਕ ਨੇਤਾ ਆਪਣੀ ਵਿਰਾਸਤ ਦੀ ਰੱਖਿਆ ਕਰਨ ਲਈ ਅਣਥੱਕ ਯਤਨ ਤੇ ਕੰਮ ਕਰ ਰਹੇ ਹਨ। ਇਹਨਾਂ ਪਹਿਲਕਦਮੀਆਂ ਵਿੱਚ ਸਥਾਨਕ ਭਾਸ਼ਾਵਾਂ ਨੂੰ ਉਤਸ਼ਾਹਿਤ ਕਰਨ ਪਰੰਪਰਾਗਤ ਕਲਾ ਅਤੇ ਹਸਤਕਲਾ ਦਾ ਸਮਰਥਨ ਕਰਨ ਅਤੇ ਉਹਨਾਂ ਦੇ ਅਭਿਆਸਾਂ ਦਾ ਜਸ਼ਨ ਮਨਾਉਣ ਵਾਲੇ ਸਭਿਆਚਾਰਿਕ ਮੇਲੇ ਦਾ ਆਯੋਜਨ ਕਰਨਾ ਸ਼ਾਮਲ ਹੈ।

ਭੂਟਾਨ ਵਰਗੇ ਦੇਸ਼ਾਂ ਵਿੱਚ ਸਰਕਾਰ ਨੇ ਆਪਣੇ ਵਿਲੱਖਣ ਸੱਭਿਆਚਾਰ ਨੂੰ ਸੰਭਾਲਣ ਲਈ ਨੀਤੀਆਂ ਲਾਗੂ ਕੀਤੀਆਂ ਹਨ। ਕੁੱਲ ਰਾਸ਼ਟਰ ਖੁਸ਼ਹਾਲਤਾ ਦੀ ਧਾਰਨਾ ਸੰਸਕਾਰਕ ਸੰਭਾਲ ਦੀ ਮਹੱਤਤਾ 'ਤੇ ਜ਼ੋਰ ਦਿੰਦੀ ਹੈ।

ਸੱਭਿਆਚਾਰਕ ਪ੍ਰਦੂਸ਼ਣ ਦਾ ਸਾਹਮਣਾ ਕਰਨ ਲਈ ਇੱਕ ਬਹੁ-ਪੱਖੀ ਦ੍ਰਿਸ਼ਟੀਕੋਣ ਦੀ ਲੋੜ ਹੈ। ਸਿੱਖਿਆ ਇਸ ਲੜੀ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ਕਿਉਂਕਿ ਸਿੱਖਿਆ ਹੀ ਇੱਕ ਅਜਿਹਾ ਹਥਿਆਰ ਹੈ ਜੋ ਸੱਭਿਆਚਾਰਿਕ ਵਿਰਾਸਤ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਂਦਾ ਹੈ। ਸਕੂਲ ਆਪਣੇ ਪਾਠਕ੍ਰਮਾਂ ਵਿੱਚ ਸਥਾਨਕ ਇਤਿਹਾਸ ਅਤੇ ਰਿਵਾਜਾਂ ਨੂੰ ਸ਼ਾਮਿਲ ਕਰ ਸਕਦੇ ਹਨ ਜਿਸ ਨਾਲ ਵਿਦਿਆਰਥੀਆਂ ਵਿੱਚ ਆਪਣੇ ਵਿਰਾਸਤ ਲਈ ਮਾਣ ਦੀ ਭਾਵਨਾ ਪੈਦਾ ਕੀਤੀ ਜਾ ਸਕਦੀ ਹੈ ।

ਇਸ ਤੋਂ ਇਲਾਵਾ ਉਪਭੋਗਤਾ ਜਾਣਬੁਝ ਕੇ ਚੋਣ ਕਰਨ ਦੁਆਰਾ ਯੋਗਦਾਨ ਪਾ ਸਕਦੇ ਹਨ ਜਿਸ ਵਿੱਚ ਸ਼ਾਮਿਲ ਹਨ ਸਥਾਨਕ ਕਲਾ ਕਾਰਾਂ ਦਾ ਸਮਰਥਨ ਕਰਨਾ, ਸਭਿਆਚਾਰਿਕ ਸਮਾਗਮਾਂ ਵਿੱਚ ਭਾਗ ਲੈਣਾ ਅਤੇ ਉਹ ਨੀਤੀਆਂ ਦੀ ਵਕਾਲਤ ਕਰਨਾ ਜੋ ਸੱਭਿਆਚਾਰਕ ਵਿਰਾਸਤ ਦੀ ਰੱਖਿਆ ਕਰਦੇ ਹਨ। ਆਪਣੀ ਸਭਿਅਤਾ ਅਤੇ ਰੀਤੀ ਰਿਵਾਜਾਂ ਦੀ ਕੀਮਤ ਸਮਝ ਕੇ ਸਮਾਜ ਸੱਭਿਆਚਾਰਕ ਪ੍ਰਦੂਸ਼ਣ ਦੇ ਨਕਾਰਾਤਮਕ ਪ੍ਰਭਾਵਾਂ ਦਾ ਮੁਕਾਬਲਾ ਕਰ ਸਕਦੇ ਹਨ।

ਵਿਸ਼ਵੀਕਰਨ ਸੰਪਰਕ ਅਤੇ ਬਦਲਾਅ ਦੇ ਮੌਕੇ ਲਿਆਂਦਾ ਹੈ ਪਰੰਤੂ ਇਸ ਦੇ ਨਾਲ ਹੀ ਇਹ ਦੁਨੀਆ ਭਰ ਦੀਆਂ ਸੱਭਿਆਚਾਰਿਕ ਪਛਾਣਾਂ ਲਈ ਮਹੱਤਵਪੂਰਣ ਖਤਰੇ ਵੀ ਪੇਸ਼ ਕਰਦਾ ਹੈ। ਸੱਭਿਆਚਾਰਕ ਪ੍ਰਦੂਸ਼ਣ ਇੱਕ ਬਹੁਤ ਗੰਭੀਰ ਸਮੱਸਿਆ ਹੈ ਜਿਸ ਨੂੰ ਵਿਅਕਤੀਆਂ, ਸਮੂਹਾਂ ਅਤੇ ਸਰਕਾਰਾਂ ਦੁਆਰਾ ਧਿਆਨ ਦੇਣ ਅਤੇ ਕਾਰਵਾਈ ਦੀ ਲੋੜ ਹੈ। ਸੱਭਿਆਚਾਰਿਕ ਦੇ ਵੱਖ-ਵੱਖ ਰੂਪਾਂ ਦੀ ਕੀਮਤ ਸਮਝ ਕੇ ਅਤੇ ਇਸਦੀ ਸੰਭਾਲ ਲਈ ਕਦਮ ਚੁੱਕ ਕੇ ਅਸੀਂ ਭਵਿੱਖ ਦੀ ਪੀੜ੍ਹੀਆਂ ਲਈ ਇੱਕ ਹੋਰ ਧਨੀ ਅਤੇ ਜੀਵੰਤ ਦੁਨੀਆ ਸੁਨਿਸ਼ਚਿਤ ਕਰ ਸਕਦੇ ਹਾ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।












# ਰਾਸ਼ੀਫਲ

**ਮੇਖ :** ਮਾਂ-ਪਿਉ ਨੂੰ ਅਣਦੇਖਾ ਕਰਨਾ ਤੁਹਾਡੀ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਸਕਦਾ ਹੈ ਚੰਗਾ ਸਮਾਂ ਬਹੁਤ ਜ਼ਿਆਦਾ ਦਿਨਾਂ ਤੱਕ ਨਹੀਂ ਰਹਿੰਦਾ ਇਨਸਾਨ ਦੇ ਕਰਮ ਤਰੰਗਾਂ ਦੀ ਤਰਾਂ ਹਨ ਜਿਹੜੇ ਨਾਲ ਮਿਲਕੇ ਸੰਗੀਤ ਬਣਾਉਂਦੇ ਹਨ ਅਤੇ ਆਪਸ ਵਿਚ ਟਕਰਾਕੇ ਖੜਖੜਾਹਟ। ਅਸੀ ਜੋ ਬੀਜਦੇ ਹਾਂ ਉਹ ਹੀ ਪਾਉਂਦੇ ਹਾਂ। ਕੁਝ ਖਰੀਦਣ ਤੋਂ ਪਹਿਲਾਂ ਉਨਾਂ ਚੀਜਾਂ ਦਾ ਇਸਤੇਮਾਲ ਕਰੋ ਜੋ ਪਹਿਲਾਂ ਤੋਂ ਤੁਹਾਡੇ ਕੋਲ ਹਨ। ਸਮਾਜਿਕ ਗਤੀਵਿਧਿਆਂ ਮਜ਼ੇਦਾਰ ਰਹਿਣਗੀਆਂ ਪਰੰਤੂ ਆਪਣੇ ਰਹੱਸ ਕਿਸੇ ਦੇ ਸਾਹਮਣੇ ਉਜਾਗਰ ਨਾ ਕਰੋ। ਅੱਜ ਅਚਾਨਕ ਕਿਸੀ ਨਾਲ ਰੋਮਾਂਟਿਕ ਮੁਲਾਕਾਤ ਹੋ ਸਕਦੀ ਹੈ। ਤੁਹਾਡੀ ਇਮਾਦਾਰੀ ਅਤੇ ਕੰਮ ਨੂੰ ਵਫਾਦਾਰੀ ਨਾਲ ਕਰਨ ਦੀ ਤੁਹਾਡੀ ਯੋਗਤਾ ਤੁਹਾਨੂੰ ਮਾਨਤਾ ਦੇਵੇਗੀ। ਅੱਜ ਤੁਹਾਨੂੰ ਮਹੱਤਵਪੂਰਨ ਮਾਮਲਿਆਂ ਤੇ ਧਿਆਨ ਦੇਣ ਦੀ ਲੋੜ ਹੈ। ਤੁਸੀ ਸ਼ਾਇਦ ਆਪਣੇ ਜੀਵਨਸਾਥੀ ਦੀ ਇਮਾਨਦਾਰੀ ਤੇ ਸ਼ੱਕ ਕਰ ਸਕਦੇ ਹੋ ਜੋ ਆਉਂ ਵਾਲੇ ਦਿਨਾਂ ਵਿਚ ਤੁਹਾਡੀ ਵਿਆਹੁਤਾ ਜ਼ਿੰਦਗੀ ਦੀ ਸ਼ਾਨ ਵਿਗਾੜ ਦੇਵੇਗਾ।

**ਬ੍ਰਿਸ਼ਭ:** ਤੁਸੀਂ ਭਾਵਨਾਤਮਕ ਤੌਰ 'ਤੇ ਬਹੁਤ ਸੰਵੇਦਨਸ਼ੀਲ ਹੋ ਇਸ ਲਈ ਅਜਿਹੇ ਹਾਲਾਤਾਂ ਤੋਂ ਬਚੋ ਜੋ ਤੁਹਾਨੂੰ ਚੋਟ ਪਹੁੰਚਾ ਸਕਦਾ ਹੈ। ਅੱਜ ਤੁਸੀਂ ਆਪਣੇ ਘਰ ਦੇ ਸੀਨੀਅਰਾਂ ਨਾਲ ਪੈਸੇ ਦੀ ਬਚਤ ਕਰਨ ਨੂੰ ਲੈ ਕੇ ਕੋਈ ਸਲਾਹ ਲੈ ਸਕਦੇ ਹੋ ਅਤੇ ਉਸ ਸਲਾਹ ਨੂੰ ਜ਼ਿੰਦਗੀ ਵਿਚ ਜਗ੍ਹਾ ਵੀ ਦੇ ਸਕਦੇ ਹੋ। ਵਿਦੇਸ਼ ਵਿਚ ਰਹਿ ਰਹੇ ਕਿਸੇ ਸੰਬੰਧੀ ਤੋਂ ਮਿਲਿਆ ਤੋਹਫਾ ਤੁਹਾਨੂੰ ਖੁਸ਼ੀ ਦੇ ਸਕਦਾ ਹੈ। ਅੱਜ ਆਪਣੇ ਖੂਬਸੂਰਤ ਕੰਮਾਂ ਨੂੰ ਦਿਖਾਉਣ ਦੇ ਲਈ ਤੁਹਾਡਾ ਪਿਆਰ ਪੂਰੀ ਤਰ੍ਹਾਂ ਖਿੜੇਗਾ। ਗਹਿਰਾਈ ਨੂੰ ਸਮਝੇ ਬਿਨਾ ਕਿਸੇ ਕਾਰੋਬਾਰੀ ਕਾਨੂੰਨੀ ਦਸਤਾਵੇਜ਼ ਤੇ ਸਾਈਨ ਨਾ ਕਰੋ। ਮੁਸ਼ਕਿਲਾਂ ਦਾ ਤੇਜੀ ਨਾਲ ਮੁਕਾਬਲਾ ਕਰਦੇ ਸਮੇਂ ਤੁਹਾਡੀ ਸ਼ਮਤਾ ਤੁਹਾਨੂੰ ਖਾਸ ਪਹਿਚਾਣ ਦੇਵੇਗੀ। ਅੱਜ ਤੁਸੀ ਆਪਣੇ ਜੀਵਨਸਾਥੀ ਦੇ ਨਾਲ ਆਪਣੇ ਜ਼ਿੰਦਗੀ ਦੀਆਂ ਸਾਰੀਆਂ ਮੁਸ਼ਕਿਲਾਂ ਨੂੰ ਭੁੱਲ ਜਾਉਗੇ।



**ਮਿਥੁਨ:** ਕੁਝ ਅਜਿਹੀਆਂ ਘਟਨਾਵਾਂ ਤੁਹਾਡੀ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ ਜਿਨਾਂ ਨੂੰ ਟਾਲਣਾ ਸੰਭਵ ਨਹੀਂ ਪਰੰਤੂ ਆਪਣੇ ਆਪ ਨੂੰ ਸ਼ਾਤ ਬਣਾਉ ਅਤੇ ਹਾਲਾਤ ਨਾਲ ਨਜਿੱਠਣ ਲਈ ਤੁਰੰਤ ਪ੍ਰਕਿਰਿਆ ਨਾ ਕਰੋ। ਜੇਕਰ ਤੁਸੀ ਥੋੜੇ ਜਿਹੇ ਵੱਧ ਪੈਸੇ ਕਮਾਉਣ ਦੇ ਤਰੀਕਿਆਂ ਦੀ ਭਾਲ ਕਰ ਰਹੇ ਹੋ ਆਰਥਿਕ ਪਰਿਯੋਜਨਾ ਵਿਚ ਨਿਵੇਸ਼ ਕਰੋ। ਤੁਹਾਡੇ ਆਕਰਸ਼ਣ ਅਤੇ ਵਿਅਕਤਿਤਵ ਦੇ ਜ਼ਰੀਏ ਤੁਹਾਨੂੰ ਕੁਝ ਨਵੇਂ ਦੋਸਤ ਮਿਲਣਗੇ। ਪਿਆਰ ਦੀ ਤਾਕਤ ਤੁਹਾਨੂੰ ਪਿਆਰ ਕਰਨ ਦਾ ਕਾਰਨ ਦਿੰਦੀ ਹੈ। ਭੂਤਕਾਲ ਵਿਚ ਕੀਤਾ ਕੰਮ ਅੱਜ ਪਰਿਣਾਮ ਅਤੇ ਪੁਰਸਕਾਰ ਲੈ ਕੇ ਆਵੇਗਾ। ਘਰ ਵਿਚ ਮਿਲੇ ਕਿਸੇ ਪੁਰਾਣੇ ਸਮਾਨ ਨੂੰ ਦੇਖ ਕੇ ਤੁਸੀ ਅੱਜ ਖੁਸ਼ ਹੋ ਸਕਦੇ ਹੋ ਅਤੇ ਸਾਰਾ ਦਿਨ ਉਸ ਨੂੰ ਸਾਫ ਕਰਨ ਵਿਚ ਬਿਤਾ ਸਕਦੇ ਹੋ। ਅੱਜ ਤੁਸੀਂ ਜਾਣੋਗੇ ਕਿ ਵਿਆਹ ਕਰਵਾਉਣ ਦੀ ਅਸਲ ਪਰੰਪਰਾ ਕੀ ਹੈ।

**ਕਰਕ :** ਸੰਭਾਵਨਾ ਹੈ ਕਿ ਅੱਜ ਦੇ ਦਿਨ ਤੁਹਾਡੀ ਸਿਹਤ ਠੀਕ ਨਾ ਰਹੇ। ਜਿਨਾਂ ਲੋਕਾਂ ਦੀ ਹੁਣ ਤੱਕ ਤਨਖਾਹ ਨਹੀਂ ਆਈ ਹੈ ਅੱਜ ਉਹ ਪੈਸਿਆਂ ਦੇ ਲਈ ਪਰੇਸ਼ਾਨ ਹੋ ਸਕਦੇ ਹਨ ਅਤੇ ਆਪਣੇ ਕਿਸੇ ਤੋਂ ਉਧਾਰ ਮੰਗ ਸਕਦੇ ਹਨ। ਤੁਹਾਨੂੰ ਬੱਚਿਆਂ ਜਾਂ ਉਨਾਂ ਨਾਲ ਸਬਰ ਰੱਖਣ ਦੀ ਲੋੜ ਹੈ ਜੋ ਤੁਹਾਡੇ ਨਾਲੋਂ ਘੱਟ ਤਜ਼ਰਬੇਕਾਰ ਹਨ। ਅੱਜ ਰੋਮਾਂਸ ਦੇ ਨਜ਼ਰੀਏ ਤੋਂ ਜ਼ਿੰਦਗੀ ਬਹੁਤ ਜਟਿਲ ਹੈ। ਕੰਮਕਾਰ ਵਿਚ ਆ ਰਹੇ ਬਦਲਾਅ ਦੇ ਕਾਰਨ ਤੁਹਾਨੂੰ ਲਾਭ ਮਿਲੇਗਾ। ਤੁਸੀ ਉਨਾਂ ਲੋਕਾਂ ਦੀ ਤਰਫ ਹੱਥ ਵਧਾਉਂਗੇ ਜੋ ਤੁਹਾਡੇ ਤੋਂ ਮਦਦ ਦੀ ਮੰਗ ਕਰਦੇ ਕਰਨਗੇ। ਜੇਕਰ ਤੁਸੀ ਅਤੇ ਤੁਹਾਡਾ ਜੀਵਨ ਸਾਥੀ ਅੱਜ ਚੰਗਾ ਖਾਣਾ ਜਾਂ ਡਰਿੰਕ ਕਰੋਂਗੇ ਤਾਂ ਸਿਹਤ ਤੇ ਮਾੜਾ ਅਸਰ ਪੈ ਸਕਦਾ ਹੈ।

**ਸਿੰਘ:** ਚਿੜਚਿੜਾਣਾ ਅਤੇ ਖਿੱਜਣਾ ਤੁਹਾਡੀ ਸਿਹਤ ਖਰਾਬ ਕਰ ਸਕਦੀ ਹੈ ਪੁਰਾਣੀ ਗੱਲਾਂ ਵਿਚ ਨਾ ਉਲਝੋ ਅਤੇ ਜਿਨਾਂ ਹੋ ਸਕੇ ਆਰਾਮ ਕਰਨ ਦੀ ਕੋਸ਼ਿਸ਼ ਕਰੋ। ਅੱਜ ਤੁਹਾਨੂੰ ਖੇਤੀ, ਰਿਅਲ ਅਸਟੇਟ ਜਾਂ ਸਭਿਆਚਾਰਕ ਪਰਿਯੋਜਨਾਵਾਂ ਉੱਪਰ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਅੱਜ ਤੁਹਾਡੇ ਕੋਲ ਥੋੜਾ ਸਬਰ ਹੋਵੇਗਾ ਪਰ ਇਹ ਧਿਆਨ ਰੱਖਿਉ ਕਿ ਕਠੋਰ ਜਾਂ ਅਸੁਤੰਲਨ ਸ਼ਬਦ ਤੁਹਾਡੇ ਆਲੇ ਦੁਆਲੇ ਦੇ ਲੋਕਾਂ ਨੂੰ ਪਰੇਸ਼ਾਨ ਕਰ ਸਕਦੇ ਹਨ। ਕੁਝ ਲੋਕਾਂ ਦੇ ਲਈ ਜਲਦ ਹੀ ਵਿਆਹ ਦੀ ਘੰਟੀ ਵੱਜ ਸਕਦੀ ਹੈ ਜਦ ਕਿ ਦੂਸਰੇ ਜੀਵਨ ਵਿਚ ਨਵੇਂ ਰੋਮਾਂਸ ਦਾ ਅਨੁਭਵ ਕਰੋਂਗੇ। ਨਵੇਂ ਪਰੋਜੈਕਟ ਅਤੇ ਖਰਚਿਆਂ ਨੂੰ ਰੋਕ ਦਿਉ। ਸੰਭਵ ਹੈ ਕਿ ਤੁਹਾਡੇ ਅਤੀਤ ਨਾਲ ਜੁੜਿਆ ਕੋਈ ਸ਼ਖਸ਼ ਅੱਜ ਤੁਹਾਡੇ ਨਾਲ ਸੰਪਰਕ ਕਰੇਗਾ ਅਤੇ ਦਿਨ ਯਾਦਗਾਰ ਬਣ ਜਾਵੇਗਾ। ਤੁਹਾਡੇ ਮਾਤਾ ਪਿਤਾ ਤੁਹਾਡੇ ਜੀਵਨਸਾਥੀ ਨੂੰ ਸੱਚਮੁਚ ਕੁਝ ਸ਼ਾਨਦਾਰ ਆਸ਼ੀਰਵਾਦ ਦੇਣ ਜਿਸ ਦੇ ਚਲਦੇ ਤੁਹਾਡੇ ਵਿਵਾਹਿਕ ਜੀਵਨ ਵਿਚ ਹੋਰ ਨਿਖਾਰ ਆਵੇਗਾ।

**ਕੰਨਿਆ:** ਲੰਬੀ ਬਿਮਾਰੀ ਨੂੰ ਨਜ਼ਰਅੰਦਾਜ ਨਾ ਕਰੋ ਨਹੀਂ ਤਾਂ ਅੱਗੇ ਜਾ ਕੇ ਵੱਡੀ ਸਮੱਸਿਆ ਖੜੀ ਹੋ ਸਕਦਾ ਹੈ। ਅੱਜ ਤੁਹਾਡੇ ਦਫਤਰ ਦਾ ਕੋਈ ਸਹਿਕਰਮੀ ਤੁਹਾਡੀ ਕੀਮਤੀ ਵਸਤੂ ਚੋਰੀ ਕਰ ਸਕਦਾ ਹੈ ਇਸ ਲਈ ਅੱਜ ਆਪਣੇ ਸਾਮਾਨ ਦਾ ਧਿਆਨ ਰੱਖਣ ਦੀ ਲੋੜ ਹੈ। ਪਰਿਵਾਰ ਦੇ ਨਾਲ ਸਮਾਜਿਕ ਗਤੀਵਿਧੀਆਂ ਸਭ ਨੂੰ ਖੁਸ਼ ਰੱਖਣਗੀਆਂ । ਅੱਜ ਹੀ ਲੰਬੇ ਸਮੇਂ ਤੋਂ ਚਲੇ ਆ ਰਹੇ ਝਗੜਿਆਂ ਨੂੰ ਸੁਲਝਾ ਲਵੋ ਕਿਉਂ ਕਿ ਹੋ ਸਕਦਾ ਹੈ ਕਿ ਕੱਲ ਬਹੁਤ ਦੇਰ ਹੋ ਜਾਵੇ ਪੇਸ਼ੇਵਰ ਤੌਰ ਤੇ ਆਪਣੇ ਚੰਗੇ ਕੰਮ ਦੀ ਪਹਿਚਾਣ ਤੁਹਾਨੂੰ ਮਿਲ ਸਕਦੀ ਹੈ। ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਦੇ ਵਿਚਕਾਰ ਤੁਸੀ ਆਪਣੇ ਲਈ ਅੱਜ ਕਾਫੀ ਸਮਾਂ ਪ੍ਰਾਪਤ ਕਰੋਂਗੇ ਅਤੇ ਆਪਣੀਆਂ ਮਨਪਸੰਦ ਚੀਜਾਂ ਕਰਨ ਦੇ ਯੋਗ ਹੋਵੋਂਗੇ। ਰਿਸ਼ਤੇਦਾਰਾਂ ਦਾ ਦਖਲ ਵਿਆਹੁਤ ਜ਼ਿੰਦਗੀ ਵਿਚ ਮੁਸ਼ਕਿਲ ਪੈਦਾ ਕਰ ਸਕਦਾ ਹੈ।

**ਤੁਲਾ:** ਅਣਇੱਛਤ ਯਾਤਰਾਵਾਂ ਥਕਾਵਟ ਭਰੀਆਂ ਮਹਿਸੂਸ ਹੋਣਗੀਆਂ ਅਤੇ ਬੇਚੈਨੀ ਦਾ ਕਾਰਨ ਬਣ ਸਕਦੀ ਹੈ। ਮਾਸਪੇਸ਼ੀਆਂ ਨੂੰ ਆਰਾਮ ਦੇਣ ਲਈ ਸਰੀਰ ਨੂੰ ਤੇਲ ਦੀ ਮਾਲਿਸ਼ ਕਰੋ। ਅੱਜ ਤੁਸੀ ਆਸਾਨੀ ਨਾਲ ਪੂੰਜੀ ਇਕੱਠਾ ਕਰ ਸਕਦੇ ਹੋ ਲੋਕਾਂ ਨੂੰ ਦਿੱਤੇ ਪੁਰਾਣੇ ਕਰਜ ਵਾਪਿਸ ਮਿਲ ਸਕਦੇ ਹਨ ਜਾਂ ਫਿਰ ਕਿਸੇ ਨਵੀਂ ਯੋਜਨਾ ਤੇ ਲਗਾਉਣ ਲਈ ਪੈਸਾ ਦੇ ਸਕਦੇ ਹੋ। ਤੁਹਾਡੇ ਨਜ਼ਦੀਕੀ ਲੋਕ ਨਿੱਜੀ ਜੀਵਨ ਵਿਚ ਪਰੇਸ਼ਾਨੀਆਂ ਖੜੀ ਕਰ ਸਕਦੇ ਹਨ। ਜੇਕਰ ਤੁਸੀ ਚਾਹੁੰਦੇ ਹੋ ਕਿ ਤੁਹਾਡੀ ਪਿਆਰ ਦੀ ਜ਼ਿੰਦਗੀ ਮਜ਼ਬੂਤ ਅਤੇ ਖੁਸ਼ਹਾਲ ਰਹੇ ਤਾਂ ਕਿਸੇ ਤੀਜੇ ਵਿਅਕਤੀ ਦੀ ਗੱਲ ਸੁਣ ਕੇ ਆਪਣੇ ਪਿਆਰੇ ਬਾਰੇ ਗੱਲ ਨਾ ਕਰੋ ਜਾਂ ਉਸ ਬਾਰੇ ਕੋਈ ਰਾਏ ਨਾ ਬਣਾਉ। ਕਾਰੋਬਾਰ ਦੇ ਲਈ ਵਧੀਆ ਦਿਨ ਹੈ ਕਿਉਂ ਕਿ ਉਨਾਂ ਨੂੰ ਅਚਾਨਕ ਵੱਡਾ ਲਾਭ ਹੋ ਸਕਦਾ ਹੈ। ਅੱਜ ਤੁਹਾਨੂੰ ਮਹੱਤਵਪੂਰਨ ਮਾਮਲਿਆਂ ਤੇ ਧਿਆਨ ਦੇਣ ਦੀ ਲੋੜ ਹੈ। ਕਿਸੀ ਖੂਬਸੂਰਤ ਯਾਦ ਦੇ ਕਾਰਨ ਤੁਹਾਡੇ ਅਤੇ ਤੁਹਾਡੇ ਜੀਵਨਸਾਥੀ ਵਿਚ ਦੀ ਅਨਬਣ ਰੁਕ ਸਕਦੀ ਹੈ ਇਸ ਲਈ ਵਾਦ ਵਿਵਾਦ ਦੇ ਹਾਲਾਤ ਵਿਚ ਪੁਰਾਣੇ ਦਿਨਾਂ ਦੀ ਯਾਦਾਂ ਨੂੰ ਤਾਜ਼ਾ ਕਰਨਾ ਨਾ ਭੁੱਲੋ।

**ਬ੍ਰਿਸ਼ਚਕ:** ਕਾਨੂੰਨੀ ਮਾਮਲਿਆਂ ਦੀ ਵਜਾਹ ਨਾਲ ਤਨਾਵ ਮੁਮਕਿਨ ਹੈ। ਤੁਹਾਡੇ ਲਈ ਨਿਵੇਸ਼ ਕਰਨਾ ਕਈਂ ਵਾਰ ਬਹੁਤ ਲਾਭਦਾਇਕ ਸਾਬਿਤ ਹੋ ਸਕਦਾ ਹੈ ਅੱਜ ਤੁਹਾਨੂੰ ਇਹ ਗੱਲ ਸਮਝ ਵਿਚ ਆ ਜਾਵੇਗੀ ਕਿ ਕਿਸੇ ਪੁਰਾਣੇ ਨਿਵੇਸ਼ ਨਾਲ ਤੁਹਾਨੂੰ ਮੁਨਾਫਾ ਹੋ ਸਕਦਾ ਹੈ। ਸਮਾਜਿਕ ਉਤਸਵਾ ਵਿਚ ਹਾਜ਼ਿਰ ਹੋਣ ਦਾ ਮੋਕਾ ਹੈ ਜੋ ਤੁਹਾਨੂੰ ਪ੍ਰਭਾਵਸ਼ਾਲੀ ਲੋਕਾਂ ਦੇ ਸੰਪਰਕ ਵਿਚ ਲਿਆਵੇਗਾ। ਸੰਭਵ ਹੈ ਕਿ ਤੁਹਾਡੇ ਹਝੂੰਆਂ ਨੂੰ ਪੂੰਝਣ ਲਈ ਕੋਈ ਖਾਸ ਦੋਸਤ ਅੱਗੇ ਆਵੇਗਾ। ਅੱਜ ਤੁਹਾਡਾ ਕੋਈ ਲੁਕਿਆ ਵਿਰੋਧੀ ਤੁਹਾਡੇ ਪਿਆਰ ਨੂੰ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕਰੇਗਾ। ਜੇਕਰ ਤੁਹਾਡੀ ਯਾਤਰਾ ਤੇ ਜਾਣ ਦੀ ਯੋਜਨਾ ਹੈ ਤਾਂ ਉਹ ਆਖਰੀ ਸਮੇਂ ਤੇ ਟਲ ਸਕਦੀ ਹੈ। ਅੱਜ ਤੁਹਾਡਾ ਵਿਵਾਹਿਕ ਜੀਵਨ ਖੁਸ਼ੀ, ਪਿਆਰ ਅਤੇ ਉਲਾਸ ਦਾ ਕੇਂਦਰ ਬਣ ਸਕਦਾ ਹੈ।

**ਧਨੂੰ:** ਦੋਸਤਾਂ ਅਤੇ ਪਰਿਵਾਰਿਕ ਮੈਂਬਰਾਂ ਨੂੰ ਤੁਹਾਡੀ ਜ਼ਿੰਦਗੀ ਸ਼ਾਇਦ ਬੇਹਤਰੀਨ ਨਜ਼ਰ ਆਵੇ ਪਰ ਹਾਲ ਹੀ ਵਿਚ ਹੋਈ ਘਟਨਾ ਦੇ ਚਲਦੇ ਤੁਸੀ ਅੰਦਰ ਹੀ ਅੰਦਰ ਉਦਾਸ ਹੋ। ਮਾਤਾ ਪਿਤਾ ਦੀ ਮਦਦ ਨਾਲ ਤੁਸੀ ਆਰਥਿਕ ਤੰਗੀ ਤੋਂ ਬਾਹਰ ਨਿਕਲਣ ਵਿਚ ਕਾਮਯਾਬ ਰਹੋਂਗੇਂ। ਇਕ ਮਜ਼ੇਦਾਰ ਸ਼ਾਮ ਦੇ ਲਈ ਦੋਸਤ ਤੁਹਾਨੂੰ ਤੁਹਾਡੇ ਘਰ ਤੇ ਬਲਾਉਣਗੇ। ਤੁਹਾਡਾ ਰੂਹ ਦਾ ਦੋਸਤ ਸਾਰਾ ਦਿਨ ਤੁਹਾਡੇ ਬਾਰੇ ਸੋਚਦਾ ਰਹੇਗਾ। ਅੱਜ ਤੁਸੀ ਆਪਣੀ ਕਮਾਈ ਦੀ ਸ਼ਕਤੀ ਨੂੰ ਕਿਵੇਂ ਵਧਾਉਣਾ ਹੈ ਇਸ ਬਾਰੇ ਤੁਹਾਡੇ ਕੋਲ ਸਹਿਜਤਾ ਅਤੇ ਗਿਆਨ ਹੋਵੇਗਾ। ਅੱਜ ਤੁਸੀ ਆਪਣੇ ਕੰਮ ਨੂੰ ਸਮੇਂ ਸਿਰ ਨਿਬੇੜਨ ਦੀ ਕੋਸ਼ਿਸ਼ ਕਰੋਂਗੇ ਯਾਦ ਰੱਖੋ ਕਿ ਕੋਈ ਘਰ ਵਿਚ ਤੁਹਾਡਾ ਇੰਤਜ਼ਾਰ ਕਰ ਰਿਹਾ ਹੈ ਜਿਸ ਨੂੰ ਤੁਹਾਡੀ ਲੋੜ ਹੈ। ਇਸ ਨੂੰ ਮਤਭੇਦਾਂ ਦੀ ਲੜੀ ਪੂਰਾ ਕਰੇਗੀ ਅਤੇ ਤੁਹਾਨੂੰ ਆਪਣੇ ਜੀਵਨ ਸਾਥੀ ਨਾਲ ਮੇਲ ਮਿਲਾਪ ਕਰਨਾ ਮੁਸ਼ਕਿਲ ਹੋਵੇਗਾ।

**ਮਕਰ:** ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਦਿਨ ਭਰ ਜੇਕਰ ਤੁਸੀ ਪੈਸੇ ਨੂੰ ਲੈ ਕੇ ਜੁਝਦੇ ਰਹੇ ਪਰੰਤੂ ਸ਼ਾਮ ਦੇ ਸਮੇਂ ਤੁਹਾਨੂੰ ਧੰਨ ਲਾਭ ਹੋ ਸਕਦਾ ਹੈ। ਘਰੇਲੂ ਮੋਰਚੇ ਤੇ ਮੁਸ਼ਕਿਲ ਖੜੀ ਹੋ ਸਕਦੀ ਹੈ ਇਸ ਲਈ ਧਿਆਨ ਰੱਖੋ ਕਿ ਤੁਸੀ ਕੀ ਕਹਿੰਦੇ ਹੋ। ਤੁਸੀ ਆਪਣੇ ਰੁਮਾਂਟਿਕ ਪ੍ਰੇਮੀ ਨੂੰ ਕਾਫੀ ਸਮਾਂ ਫੋਨ ਕਰਕੇ ਤੰਗ ਕਰੋਂਗੇ। ਲਗਦਾ ਹੈ ਕਿ ਤੁਹਾਡੇ ਸੀਨੀਅਰ ਅੱਜ ਦੇਵਦਾਤਾਂ ਜਿਹਾ ਵਿਵਹਾਰ ਕਰਨ ਵਾਲੇ ਹਨ। ਘਰ ਤੋਂ ਬਾਹਰ ਨਿਕਲ ਕੇ ਅੱਜ ਤੁਸੀ ਸਾਫ ਆਸਮਾਨ ਅਤੇ ਸਾਫ ਸੁਥਰੀ ਹਵਾ ਵਿਚ ਟਹਿਲਣਾ ਪਸੰਦ ਕਰੋਂਗੇ ਅੱਜ ਤੁਹਾਡਾ ਮਨ ਸ਼ਾਤ ਹੋਵੇਗਾ ਜਿਸਦਾ ਲਾਭ ਤੁਹਾਨੂੰ ਪੂਰਾ ਦਿਨ ਮਿਲੇਗਾ। ਤੁਹਾਡਾ ਜੀਵਨ ਸਾਥੀ ਕਿਸੇ ਦੇ ਪ੍ਰਭਾਵ ਵਿਚ ਆ ਕੇ ਤੁਹਾਡੇ ਨਾਲ ਝਗੜ ਸਕਦਾ ਹੈ ਪਰੰਤੂ ਪਿਆਰ ਅਤੇ ਸਦਭਾਵ ਨਾਲ ਮਾਮਲਾ ਸੁਲਝ ਜਾਵੇਗਾ।

**ਕੁੰਭ:** ਖੁਦ ਨੂੰ ਕਿਸੇ ਰਚਨਾਤਮਕ ਕੰਮ ਵਿਚ ਲਗਾਉ ਮਾਨਸਿਕ ਸ਼ਾਤੀ ਦੇ ਲਈ ਤੁਹਾਡੀ ਖਾਲੀ ਬੈਠਣ ਦੀ ਆਦਤ ਖਤਰਨਾਕ ਸਾਬਿਤ ਹੋ ਸਕਦੀ ਹੈ। ਅੱਜ ਤੁਸੀ ਪੈਸਾ ਇਕੱਠਾ ਕਰਨ ਅਤੇ ਬਚਾਉਣ ਦਾ ਹੁੱਨਰ ਸਿੱਖ ਸਕਦੇ ਹੋ ਅਤੇ ਇਸ ਦੀ ਸਹੀ ਵਰਤੋਂ ਕਰ ਸਕਦੇ ਹੋ। ਸ਼ਾਮ ਦੇ ਸਮੇਂ ਆਪਣੇ ਜੀਵਨਸਾਥੀ ਦੇ ਨਾਲ ਬਾਹਰ ਖਾਣਾ ਜਾਂ ਫਿਲਮ ਦੇਖਣਾ ਤੁਹਾਨੂੰ ਸਕੂਨ ਦੇਵੇਗਾ ਅਤੇ ਖੁਸ਼ਮਿਜ਼ਾਜ ਬਣਾ ਕੇ ਰੱਖਗਾ। ਜੇਕਰ ਤੁਹਾਨੂੰ ਲਗਦਾ ਹੈ ਕਿ ਤੁਹਾਡਾ ਪਿਆਰ ਤੁਹਾਡੀ ਗੱਲਾਂ ਨੂੰ ਸਮਝ ਨਹੀਂ ਸਕਦਾ ਤਾਂ ਅੱਜ ਉਨਾਂ ਨਾਲ ਸਮਾਂ ਬਿਤਾਉ ਅਤੇ ਆਪਣੀ ਗੱਲਾਂ ਨੂੰ ਸਪਸ਼ਟਤਾ ਦੇ ਨਾਲ ਉਨਾਂ ਦੇ ਸਾਹਮਣੇ ਰੱਖੋ। ਬੇਹਤਰ ਕੰਮ ਕਾਰ ਦੇ ਚਲਦੇ ਤੁਹਾਨੂੰ ਤਾਰੀਫ ਮਿਲ ਸਕਦੀ ਹੈ। ਰਾਤ ਦੇ ਸਮੇਂ ਅੱਜ ਤੁਸੀ ਘਰ ਦੇ ਲੋਕਾਂ ਤੋਂ ਦੂਰ ਰਹਿ ਕੇ ਆਪਣੀ ਘਰ ਦੀ ਛੱਤ ਤੇ ਜਾਂ ਕਿਸੀ ਪਾਰਕ ਵਿਚ ਟਹਿਲਣਾ ਪਸੰਦ ਕਰੋਂਗੇ। ਅੱਜ ਤੁਸੀ ਆਪਣੇ ਜੀਵਨਸਾਥੀ ਨਾਲ ਕਾਫੀ ਆਤਮਿਕ ਗੱਲਾਂ ਕਰ ਸਕਦੇ ਹੋ।

**ਮੀਨ:** ਬੱਚੇ ਤੁਹਾਡੇ ਮੁਤਾਬਿਕ ਨਹੀਂ ਚੱਲਣਗੇ ਜੋ ਤੁਹਾਡੇ ਝੁਜ਼ਲਾਹਟ ਦੀ ਵਜਾਹ ਬਣ ਸਕਦੀ ਹੈ ਤੁਹਾਨੂੰ ਖੁਦ ਤੇ ਨਿਯੰਤਰਣ ਰੱਖਣਾ ਚਾਹੀਦਾ ਹੈ ਕਿਉਂ ਕਿ ਨਾਰਾਜ਼ਗੀ ਸਭ ਲਈ ਨੁਕਸਾਨਦੇਹ ਹੈ ਅਤੇ ਇਹ ਸੋਚਣ ਸਮਝਣ ਦੀ ਤਾਕਤ ਨੂੰ ਖਤਮ ਕਰ ਦਿੰਦਾ ਹੈ ਇਸ ਨਾਲ ਸਿਰਫ ਮੁਸ਼ਕਿਲ ਵਧਦੀ ਹੈ। ਕਿਸੇ ਕਰੀਬੀ ਦੋਸਤ ਦੀ ਮਦਦ ਨਾਲ ਅੱਜ ਕੁਝ ਕਾਰੋਬਾਰੀਆਂ ਨੂੰ ਚੰਗਾ ਖਾਸਾ ਧੰਨ ਲਾਭ ਹੋ ਸਕਦਾ ਹੈ ਇਹ ਪੈਸਾ ਤੁਹਾਡੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰ ਸਕਦਾ ਹੈ। ਦੋਸਤ ਸ਼ਾਮ ਦੇ ਲਈ ਕੋਈ ਵਧੀਆ ਯੋਜਨਾ ਬਣਾ ਕੇ ਤੁਹਾਡਾ ਦਿਨ ਖੁਸ਼ੀ ਭਰਿਆ ਬਣਾ ਦੇਣਗੇ। ਯਾਤਰਾ ਦੇ ਚਲਦੇ ਰੋਮਾਂਟਿਕ ਸੰਬੰਧਾਂ ਨੂੰ ਵਾਧਾ ਮਿਲੇਗਾ। ਜੇਕਰ ਤੁਸੀ ਆਪਣਾ ਗਿਆਨ ਅਤੇ ਅਨੁਭਵ ਦੂਜਿਆਂ ਦੇ ਨਾਲ ਸਾਂਝਾ ਕਰੋਂਗੇ ਤਾਂ ਨਿਸ਼ਚਿਤ ਵਿਚ ਤੁਹਾਨੂੰ ਲਾਭ ਮਿਲੇਗਾ। ਅੱਜ ਤੁਸੀ ਖਾਲੀ ਸਮੇਂ ਵਿਚ ਅਜਿਹੇ ਕੰਮ ਕਰੋਗੇ ਜਿਸ ਦੀ ਤੁਸੀ ਯੋਜਨਾ ਕਰਦੇ ਸੀ ਅਤੇ ਚਲਾਉਣ ਬਾਰੇ ਸੋਚਦੇ ਸੀ ਪਰੰਤੂ ਯੋਗ ਨਹੀਂ ਹੋਏ। ਅੱਜ ਤੁਹਾਨੂੰ ਅਤੇ ਤੁਹਾਡੇ ਜੀਵਨਸਾਥੀ ਨੂੰ ਕੋਈ ਬੇਹਤਰੀਨ ਖਬਰ ਮਿਲ ਸਕਦੀ ਹੈ।

# ਇਹ ਸਧਾਰਨ ਹੜ੍ਹ ਨਹੀਂ... !





ਇਹ ਸਿਰਫ ਹੜ੍ਹ ਨਹੀਂ ਮਨੁੱਖਤਾ ਖਿਲਾਫ ਅਪਰਾਧ ਹੈ ਅਤੇ ਇਸ ਅਪਰਾਧ ਦੀਆਂ ਦੋਸ਼ੀ ਸਰਕਾਰਾਂ ਤੇ ਹੁਣ ਤੱਕ ਦੇ ਦੋਸ਼ੀ ਅਧਿਕਾਰੀਆਂ ਨੂੰ ਸਖਤ ਸਜ਼ਾਵਾਂ ਨਿਸ਼ਚਿਤ ਹੋਣੀਆਂ ਚਾਹੀਦੀਆਂ ਹਨ।

ਜੇਕਰ ਪੰਜਾਬ ਇਸ ਵੇਲੇ ਭਿਆਨਕ ਤਰਾਸਦੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਤਾਂ ਇਸ ਦੇ ਲਈ ਹੁਣ ਤੱਕ ਦੇ ਚੁਣੇ ਹੋਏ ਸੱਤਾਧਾਰੀ ਅਤੇ ਅਧਿਕਾਰੀ ਜ਼ਿੰਮੇਵਾਰ ਹਨ। ਭ੍ਰਿਸ਼ਟ ਰਾਜਨੀਤੀ ਨੇ ਇਸ ਧਰਤੀ ਨੂੰ ਉਹ ਜ਼ਖ਼ਮ ਦਿੱਤੇ ਹਨ ਜਿਹਨਾਂ ਦੇ ਇਲਾਜ ਲਈ ਵੀ ਇਸ ਤਰਾਸਦੀ ਵਿੱਚ ਫਸੇ ਪਰਿਵਾਰਾਂ ਨੂੰ ਮਰ ਕੇ ਕਰਨਾ ਪਵੇਗਾ।

ਮੌਜੂਦਾ ਤਰਾਸ਼ ਦੇ ਵਿੱਚ ਮਨੁੱਖੀ ਮੌਤਾਂ ਦੇ ਅੰਕੜੇ ਹਰ ਦਿਨ ਵਧ ਰਹੇ ਹਨ, ਸੈਂਕੜੇ ਪਰਿਵਾਰ ਆਪਣੇ ਪਿਆਰੇ ਗੁਆ ਬੈਠੇ ਹਨ। ਡੰਗਰਾਂ ਦੀਆਂ ਮੌਤਾਂ ਨੇ ਭਵਿੱਖ ਨੂੰ ਹੋਰ ਮੁਸ਼ਕਲ ਵਿਚ ਨਾ ਦਿੱਤਾ ਹੈ। ਹਰੇ-ਭਰੇ ਖੇਤ ਡੁੱਬ ਚੁੱਕੇ ਹਨ। ਲੱਖਾਂ ਏਕੜ ਫ਼ਸਲ ਬਰਬਾਦ ਹੋ ਚੁੱਕੀ ਹੈ ਅਤੇ ਕਿਸਾਨ ਆਪਣੀ ਸਾਲ ਭਰ ਦੀ ਮਿਹਨਤ ਇਕ ਪਲ ਵਿੱਚ ਖਤਮ ਹੁੰਦੀ ਦੇਖ ਕੇ ਹੱਕੇ-ਬੱਕੇ ਰਹਿ ਗਏ ਹਨ। ਡੇਢ ਹਜ਼ਾਰ ਤੋਂ ਵੱਧ ਪਿੰਡ, ਕਾਰਾਂ, ਟਰੈਕਟਰ, ਟਰੱਕ ਅਤੇ ਹੋਰ ਵਾਹਨ ਪਾਣੀ ਵਿੱਚ ਡੁੱਬ ਕੇ ਤਬਾਹ ਹੋ ਗਏ ਹਨ। ਇਹ ਸਿਰਫ਼ ਵਾਹਨਾਂ ਦਾ ਨੁਕਸਾਨ ਨਹੀਂ, ਸਗੋਂ ਕਿਸਾਨੀ ਅਤੇ ਵਪਾਰਕ ਗਤੀਵਿਧੀਆਂ ਦੇ ਲੰਬਾ ਸਮਾਂ ਰੁਕਣ ਦਾ ਪ੍ਰਤੀਕ ਹੈ, ਜਿਸ ਨਾਲ ਪੰਜਾਬ ਦੀ ਅਰਥਵਿਵਸਥਾ ਨੂੰ ਗੰਭੀਰ ਝਟਕਾ ਲੱਗਿਆ ਹੈ।

ਇਹ ਤਰਾਸਦੀ ਸਿਰਫ਼ ਕੁਦਰਤੀ ਕਹਿਰ ਦਾ ਨਤੀਜਾ ਨਹੀਂ ਹੈ। ਹੜ੍ਹ ਇੱਕ ਕੁਦਰਤੀ ਘਟਨਾ ਹੋ ਸਕਦੀ ਹੈ, ਪਰ ਉਸਨੂੰ ਮਨੁੱਖੀ ਦ੍ਰਿਸ਼ਟੀਕੋਣ ਨਾਲ ਸੰਭਾਲਿਆ ਜਾ ਸਕਦਾ ਹੈ। ਪੰਜਾਬ ਵਿੱਚ ਹਰ ਸਾਲ ਆਉਣ ਵਾਲੇ ਹੜ੍ਹਾਂ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਨਾਕਸ ਇੰਤਜ਼ਾਮ, ਭ੍ਰਿਸ਼ਟਾਚਾਰ ਅਤੇ ਅਣ-ਮੁਨੱਖੀ ਰਾਜਨੀਤੀ ਹੈ। ਜੇ ਸਰਕਾਰਾਂ ਆਪਣੀ ਜ਼ਿੰਮੇਵਾਰੀ ਸਮਝਦੀਆਂ ਅਤੇ ਹੜ੍ਹ ਪ੍ਰਬੰਧਨ ਲਈ ਸੁਧਰੇ ਹੋਏ ਪ੍ਰਬੰਧ ਕਰਦੀਆਂ ਤਾਂ ਇਹ ਤਰਾਸਦੀ ਇਸ ਹੱਦ ਤੱਕ ਕਦੇ ਨਾ ਵਧਦੀ।

ਹੜ੍ਹ ਤੋਂ ਬਚਾਅ ਲਈ ਦਰਿਆਵਾਂ ਦੀ ਆਧੁਨਿਕ ਤਕਨੀਕ ਨਾਲ ਸਾਂਭ ਸੰਭਾਲ, ਨਹਿਰਾਂ ਦੀ ਸਫ਼ਾਈ, ਚੋਆਂ ਉੱਤੇ ਮਾਫੀਆ ਦੇ ਕ ਕਬਜਆਂ ਨੂੰ ਉਸਾਰੀਆਂ ਕਰਨ ਤੋਂ ਰੋਕਣਾ ਬੰਨ੍ਹਾਂ ਨੂੰ ਪੱਕਾ ਕਰਨਾ ਅਤੇ ਬਰਸਾਤੀ ਸੀਜ਼ਨ ਤੋਂ ਪਹਿਲਾਂ ਮੁਰੰਮਤ ਕਰਨੀ, ਅਤੇ ਨਵੇਂ ਪਾਣੀ ਦੇ ਰਾਹ ਬਣਾਉਣ ਵਰਗੇ ਕਦਮ ਫੈਸਲੇ ਉੱਤੇ ਅਮਲ ਕਰਨਾ ਲਾਜ਼ਮੀ ਹੁੰਦੇ ਹਨ। ਪਰੰਤੂ ਇਹ ਸਭ ਕੰਮ ਕਾਗਜ਼ਾਂ 'ਤੇ ਹੀ ਦਿਖਾਈ ਦਿੰਦੇ ਹਨ। ਹਕੀਕਤ ਵਿੱਚ ਪੈਸੇ ਦੀ ਬੇਦਰਦੀ ਨਾਲ ਲੁੱਟ-ਖਸੁੱਟ ਹੁੰਦੀ ਹੈ।

ਹੜ੍ਹ ਪ੍ਰਬੰਧਨ ਦੇ ਨਾਂਅ 'ਤੇ ਕਈ ਪ੍ਰੋਜੈਕਟ ਸ਼ੁਰੂ ਕੀਤੇ ਜਾਂਦੇ ਹਨ, ਪਰ ਉਹਨਾਂ ਦੇ ਬਜਟਾਂ ਦਾ ਵੱਡਾ ਹਿੱਸਾ ਭ੍ਰਿਸ਼ਟ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੀਆਂ ਜੇਬਾਂ ਵਿੱਚ ਚਲਾ ਜਾਂਦਾ ਹੈ। ਜਿਸ ਕਾਰਨ ਨਾ ਤਾ ਬੰਨ੍ਹ ਮਜ਼ਬੂਤ ਬਣਦੇ ਹਨ, ਨਾ ਹੀ ਪਾਣੀ ਦੇ ਰਾਹ ਖੁੱਲ੍ਹੇ ਕੀਤੇ ਜਾਂਦੇ ਹਨ ਤੇ ਨਾ ਹੀ ਰਾਹ ਨਵੇਂ ਬਣਾਏ ਜਾਂਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਦੋਂ ਵੱਡਾ ਮੀਂਹ ਪੈਂਦਾ ਹੈ, ਪਾਣੀ ਦੀ ਭਿਆਨਕ ਲਹਿਰ ਰਸਤੇ ਨਾ ਹੋਣ ਕਾਰਨ ਪਿੰਡਾਂ ਅਤੇ ਸ਼ਹਿਰਾਂ ਵੱਲ ਵਗ ਤੁਰਦੀ ਤੇ ਪਿੰਡ ਸ਼ਹਿਰ ਚ ਵਸਦੇ ਲੋਕ ਡੁੱਬ ਜਾਂਦੇ ਹਨ, ਉਹਨਾਂ ਦਾ ਕਾਰੋਬਾਰ ਬਰਬਾਦ ਹੋ ਜਾਂਦਾ ਹੈ ਘਰ ਨਸ਼ਟ ਹੋ ਜਾਂਦੇ ਹਨ ਮਿਹਨਤ ਪਾਣੀ ਵਿੱਚ ਰੋੜ ਜਾਂਦੀ ਹੈ।

ਪੰਜਾਬ ਦੇ ਕਈ ਇਲਾਕਿਆਂ ਵਿੱਚ ਹੜ੍ਹ ਬਚਾਅ ਦੀਆਂ ਯੋਜਨਾਵਾਂ ਸਾਲਾਂ ਤੋਂ ਅਧੂਰੀਆਂ ਪਈਆਂ ਹਨ। ਦਰਿਆਵਾਂ ਦੇ ਕੰਢੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਸਰਕਾਰਾਂ ਵੱਲੋਂ ਹਰੇਕ ਸਾਲ ਵੱਡੇ ਐਲਾਨ ਕੀਤੇ ਜਾਂਦੇ ਹਨ, ਪਰ ਹਕੀਕਤ ਇਹ ਹੈ ਕਿ ਉਹ ਐਲਾਨ ਸਿਰਫ਼ ਅਖ਼ਬਾਰਾਂ ਦੀਆਂ ਸੁਰਖੀਆਂ ਤੱਕ ਹੀ ਸੀਮਿਤ ਰਹਿੰਦੇ ਹਨ। ਪੁਰਾਣੇ ਬੰਨ੍ਹਾਂ ਦੀ ਮੁਰੰਮਤ ਵੀ ਢੰਗ ਨਾਲ ਨਹੀਂ ਕੀਤੀ ਜਾਂਦੀ, ਜਿਸ ਕਰਕੇ ਉਹ ਪਹਿਲੇ ਹੀ ਤੂਫ਼ਾਨੀ ਮੀਂਹ ਨਾਲ ਟੁੱਟ ਜਾਂਦੇ ਹਨ। ਜਿੱਥੇ ਇਹ ਬੰਨ੍ਹ ਟੁੱਟਦੇ ਹਨ, ਓਥੇ ਤਬਾਹੀ ਦੀ ਲਹਿਰ ਸਭ ਕੁਝ ਬਹਾ ਲੈ ਜਾਂਦੀ ਹੈ।

ਇਸ ਤਰਾਸਦੀ ਦਾ ਸਭ ਤੋਂ ਦੁੱਖਦਾਈ ਪੱਖ ਇਹ ਹੈ ਕਿ ਇਸਨੂੰ ਰੋਕਿਆ ਜਾ ਸਕਦਾ ਸੀ। ਪਰੰਤੂ ਰਾਜਨੀਤਿਕ ਆਗੂ ਅਤੇ ਪ੍ਰਸ਼ਾਸਨ ਇਸ ਬਾਰੇ ਕਦੇ ਵੀ ਬਹੁਤੇ ਗੰਭੀਰ ਨਹੀਂ ਦਿਖਾਈ ਦਿੰਦੇ। ਜਿੱਥੇ ਉਹਨਾਂ ਨੂੰ ਵੋਟਾਂ ਮਿਲਣ ਦੀ ਸੰਭਾਵਨਾ ਹੁੰਦੀ ਹੈ, ਓਥੇ ਉਹ ਦਿਖਾਵੇ ਲਈ ਰਾਹਤ ਸਮੱਗਰੀ ਵੰਡਣ ਜਾਂ ਮੌਕਾ ਵੇਖਣ ਜਾਂਦੇ ਹਨ। ਪਰ ਜਿੱਥੇ ਲੋਕ ਬੇਸਹਾਰਾ ਹਨ ਅਤੇ ਜ਼ਿੰਦਾ ਰਹਿਣ ਲਈ ਸੰਘਰਸ਼ ਕਰ ਰਹੇ ਹਨ, ਓਥੇ ਸਰਕਾਰੀ ਮਸ਼ੀਨਰੀ ਦੀ ਗੈਰਹਾਜ਼ਰੀ ਸਾਫ਼ ਦਿਖਾਈ ਦਿੰਦੀ ਹੈ। ਇਹ ਸਿਰਫ਼ ਪ੍ਰਸ਼ਾਸਨਿਕ ਨਾਕਾਮੀ ਨਹੀਂ ਹੈ, ਸਗੋਂ ਇਹ ਮਨੁੱਖਤਾ ਦੇ ਖਿਲਾਫ਼ ਇਕ ਵੱਡਾ ਅਪਰਾਧ ਹੈ। ਜਦੋਂ ਸਰਕਾਰ ਅਤੇ ਸਿਆਸਤਦਾਨ ਆਪਣੀਆਂ ਜ਼ਿੰਮੇਵਾਰੀਆਂ ਭੁੱਲ ਜਾਂਦੇ ਹਨ ਅਤੇ ਸਿਰਫ਼ ਸਿਆਸੀ ਲਾਭ ਲਈ ਕੰਮ ਕਰਦੇ ਹਨ, ਤਾਂ ਉਸਦਾ ਨਤੀਜਾ ਇਹੋ ਜਿਹਾ ਹੁੰਦਾ ਹੈ ਕਿ ਆਮ ਲੋਕਾਂ ਦੀ ਜ਼ਿੰਦਗੀ ਅਤੇ ਮਿਹਨਤ ਦੀ ਕਮਾਈ ਪਾਣੀ ਵਿੱਚ ਵਹਿ ਜਾਂਦੀ ਹੈ। ਹੜ੍ਹ ਤੋਂ ਬਚਾਅ ਲਈ ਵਿਗਿਆਨਕ ਅਤੇ ਤਕਨੀਕੀ ਹੱਲ ਮੌਜੂਦ ਹਨ, ਪਰ ਉਹਨਾਂ ਨੂੰ ਲਾਗੂ ਕਰਨ ਲਈ ਇਮਾਨਦਾਰੀ ਅਤੇ ਦੂਰਦਰਸ਼ੀ ਸੋਚ ਦੀ ਲੋੜ ਹੈ, ਜੋ ਅਫ਼ਸੋਸ ਨਾਲ ਪੰਜਾਬ ਦੇ ਰਾਜਨੀਤਿਕ ਗਲਿਆਰਿਆਂ ਵਿੱਚ ਨਜ਼ਰ ਨਹੀਂ ਆਉਂਦੀ।

ਪੰਜਾਬ ਦੀ ਇਹ ਤਰਾਸਦੀ ਸਿਰਫ਼ ਅੰਕੜਿਆਂ ਦੀ ਖੇਡ ਨਹੀਂ ਹੈ। ਹਰ ਮੌਤ ਦੇ ਪਿੱਛੇ ਇਕ ਪਰਿਵਾਰ ਦੀ ਕਹਾਣੀ ਹੈ। ਹਰੇਕ ਡੁੱਬੇ ਦੁਧਾਰੂ ਪਸ਼ੂ ਕਿਸੇ ਕਿਸਾਨ ਦੀ ਉਮੀਦ ਸੀ। ਹਰ ਏਕੜ ਫਸਲ ਦੇ ਨਾਲ ਕਿਸਾਨ ਦਾ ਭਵਿੱਖ ਜੁੜਿਆ ਸੀ। ਮੀਂਹ ਤਾਂ ਰੁਕ ਜਾਵੇਗਾ ਪਰੰਤੂ ਜਦੋਂ ਅਸੀਂ ਲੱਖਾਂ ਏਕੜ ਫਸਲ ਬਰਬਾਦ ਹੋਣ ਦੀ ਗੱਲ ਕਰਦੇ ਹਾਂ, ਤਾਂ ਇਸਦਾ ਅਰਥ ਹੈ ਕਿ ਹਜ਼ਾਰਾਂ ਪਰਿਵਾਰਾਂ ਦੇ ਭਵਿੱਖ ਉੱਤੇ ਲੰਬੇ ਸਮੇਂ ਲਈ ਕਹਿਰ ਵਰ੍ਹਨਾ ਹੈ। ਇਸ ਹਾਲਾਤ ਵਿੱਚ ਕਿਸਾਨ ਨਾ ਸਿਰਫ਼ ਕਰਜ਼ਿਆਂ ਦੇ ਬੋਝ ਹੇਠ ਆ ਜਾਂਦੇ ਹਨ, ਸਗੋਂ ਕਈ ਵਾਰੀ ਨਿਰਾਸ਼ਾ ਵਿੱਚ ਖੁਦਕੁਸ਼ੀ ਦੇ ਰਾਹ 'ਤੇ ਵੀ ਤੁਰ ਪੈਂਦੇ ਹਨ।

ਇਸ ਤਰਾਸਦੀ ਨੂੰ ਸਿਰਫ਼ ਮੀਂਹ ਜਾਂ ਕੁਦਰਤ ਦੇ ਖਿਲਾਫ਼ ਲੜਾਈ ਮੰਨ ਕੇ ਨਹੀਂ ਛੱਡਿਆ ਜਾ ਸਕਦਾ। ਇਸਦੇ ਪਿੱਛੇ ਜੋ ਮਨੁੱਖੀ ਕਾਰਨ ਹਨ, ਉਹਨਾਂ ਨੂੰ ਸਮਝਣਾ ਅਤੇ ਉਹਨਾਂ ਦਾ ਹੱਲ ਲੱਭਣਾ ਬਹੁਤ ਜ਼ਰੂਰੀ ਹੈ। ਜਦ ਤੱਕ ਭ੍ਰਿਸ਼ਟਾਚਾਰ ਖ਼ਤਮ ਨਹੀਂ ਹੁੰਦਾ ਅਤੇ ਹੜ੍ਹ ਪ੍ਰਬੰਧਨ ਲਈ ਸੱਚੀ ਨਿਭਾਈ ਨਹੀਂ ਹੁੰਦੀ, ਤਦ ਤੱਕ ਇਹ ਤਬਾਹੀਆਂ ਹਰ ਸਾਲ ਵਾਪਰਦੀਆਂ ਰਹਿਣਗੀਆਂ। ਪੰਜਾਬ ਦੇ ਲੋਕਾਂ ਨੂੰ ਇਸ ਪ੍ਰਸ਼ਨ ਨੂੰ ਸਿਰਫ਼ ਪ੍ਰਾਕ੍ਰਿਤਿਕ ਕਹਿਰ ਨਹੀਂ, ਸਗੋਂ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਅਪਰਾਧ ਦੇ ਤੌਰ 'ਤੇ ਦੇਖਣਾ ਚਾਹੀਦਾ ਹੈ ਅਤੇ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਜੇ ਅਸੀਂ ਹੁਣ ਵੀ ਨਹੀਂ ਜਾਗੇ ਤਾਂ ਹਰ ਸਾਲ ਇਹੀ ਕਹਾਣੀ ਦੁਹਰਾਈ ਜਾਵੇਗੀ—ਮਨੁੱਖੀ ਮੌਤਾਂ ਦੇ ਅੰਕੜੇ ਵਧਦੇ ਜਾਣਗੇ, ਡੰਗਰਾਂ ਦੀਆਂ ਲਾਸ਼ਾਂ ਖੇਤਾਂ ਵਿੱਚ ਸੜਦੀਆਂ ਰਹਿਣਗੀਆਂ, ਅਤੇ ਕਿਸਾਨ ਆਪਣੀਆਂ ਫਸਲਾਂ ਦੇ ਨਾਲ ਆਪਣੀਆਂ ਉਮੀਦਾਂ ਵੀ ਪਾਣੀ ਵਿੱਚ ਡੁੱਬਦੀਆਂ ਵੇਖਦੇ ਰਹਿਣਗੇ। ਇਹ ਸਮਾਂ ਸਿਆਸੀ ਦਿਖਾਵੇ ਤੋਂ ਪਰੇ ਹੋ ਕੇ ਹਕੀਕੀ ਹੱਲ ਲੱਭਣ ਦਾ ਹੈ, ਨਹੀਂ ਤਾਂ ਪੰਜਾਬ ਦੀ ਇਹ ਤਰਾਸਦੀ ਹਰੇਕ ਸਾਲ ਹੋਰ ਡਰਾਉਣਾ ਰੂਪ ਧਾਰਨ ਕਰਦੀ ਰਹੇਗੀ।



ਮਦਨਦੀਪ ਸਿੰਘ

# ਪੰਜਾਬ 'ਚ ਹੜ੍ਹ ਕੁਦਰਤੀ ਕਰੋਪੀ ਜਾਂ ਫਿਰ ਸਿਆਸੀ ਬਦਇੰਤਜਾਮੀ ?

1947 ਤੋਂ ਬਾਅਦ ਪੰਜਾਬ ਚ ਹਰ ਦੂਜੇ ਚੋਥੇ ਸਾਲ ਹੜ੍ਹ ਆਉਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ, ਹੜ੍ਹ ਆਉਂਦੇ ਹਨ, ਸਭ ਕੁੱਝ ਰੋੜ੍ਹਕੇ ਲੈ ਜਾਂਦੇ ਹਨ , ਲੋਕਾਂ ਦੀਆਂ ਫਸਲਾਂ, ਘਰ ਘਾਟ ਆਦਿ ਸਭ ਫਨਾਹ ਕਰ ਜਾਂਦੇ ਹਨ । ਸਰਕਾਰਾਂ ਹੜ੍ਹਪੀੜਤਾਂ ਨੂੰ ਭਰੋਸੇ ਦੇਂਦੀਆਂ ਹਨ, ਨੇਤਾ ਤੇ ਮੰਤਰੀ ਲੋਕ ਹੜ੍ਹਪੀੜਤ ਖੇਤਰਾਂ ਦੇ ਤੂਫਾਨੀ ਦੌਰੇ ਕਰਦੇ ਹਨ, ਮੀਡੀਆ ਤੇ ਸ਼ੋਸ਼ਲ ਮੀਡੀਆ ਵਿਚ ਖਬਰਾਂ, ਫੋਟੋ ਤੇ ਵੀਡੀਓ ਕਲਿਪਾਂ ਪਾ ਕੇ ਲੋਕਾਂ ਨੂੰ ਬੁੱਧੂ ਬਣਾਉਂਦੇ ਹਨ ਤੇ ਫਿਰ ਢਾਕ ਕੇ ਤੀਨ ਪਾਤ, ਪਰਨਾਲਾ ਉਥੇ ਦਾ ਉਥੇ, ਚਾਰ ਦਿਨ ਜ਼ੁਬਾਨੀ ਕਲਾਮੀ ਗੱਲਾਂ ਦਾ ਕੜਾਹ ਤੇ ਗੱਲ ਖਤਮ । 1955, 1988, 1993, 1995 ਤੇ 2023 ਵਿਚ ਹੜ੍ਹਾਂ ਦਾ ਜੋ ਪਰਕੋਪ ਦੇਖਿਆ ਸੀ, ਹੁਣ ਵਾਲਾ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਗਿਆ ਹੈ । ਪੰਜਾਬ ਵਿਚ ਜਿਧਰ ਨਜਰ ਮਾਰੋ, ਪਾਣੀ ਹੀ ਪਾਣੀ ਨਜਰ ਆਉਂਦਾ ਹੈ, ਲਗਭਗ 50 ਕੀਮਤੀ ਜਾਨਾਂ ਇਸ ਹੜ੍ਹ ਦੀ ਭੇਟ ਚੜ੍ਹ ਚੁੱਕੀਆਂ ਹਨ, ਅਜੇ ਹੋਰ ਕਿੰਨੀਆ ਚੜ੍ਹਨੀਆਂ, ਇਹ ਸੋਚਕੇ ਮਨ ਨੂੰ ਡੋਬੂ ਪੈਂਦੇ ਹਨ, ਕਰੋੜਾਂ ਦਾ ਮਾਲੀ ਨੁਕਸਾਨ ਹੋ ਚੁੱਕਾ ਹੈ, ਘਰ ਘਾਟ, ਡੰਗਰ ਵੱਛਾ, ਜਮੀਨ ਜਾਇਦਾਦ ਤੇ ਫਸਲਾਂ ਸਭ ਤਬਾਹੀ ਹੀ ਤਬਾਹੀ ਦਾ ਮੰਜਿਰ ਨਜਰ ਆਉਂਦਾ ਹੈ । ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਲਗਭਗ 1500 ਪਿੰਡ ਸਤਲੁਜ, ਬਿਆਸ ਤੇ ਰਾਵੀ ਦਰਿਆਵਾਂ ਵਿਚਲੇ ਡੈਮਾਂ ਤੋ ਛੱਡੇ ਗਏ ਬੇਤਹਾਸ਼ਾ ਪਾਣੀ ਨਾਲ ਪੂਰੀ ਤਰਾਂ ਜਲ ਮਗਨ ਹਨ । ਬੇਸ਼ੱਕ ਭਾਰਤ ਦਾ ਨੈਸ਼ਨਲ ਮੀਡੀਆਂ ਪੰਜਾਬ ਵਿਚਲੇ ਹੜ੍ਹਾਂ ਦੀ ਕਵਰੇਜ ਉਸ ਤਰਾਂ ਨਹੀਂ ਕਰ ਰਿਹਾ, ਜਿਸ ਤਰਾਂ ਦਿੱਲੀ ਸਮੇਤ ਦੇਸ਼ ਦੇ ਹੋਰਨਾਂ ਸੂਬਿਆਂ ਦੀ ਕਰ ਰਿਹਾ ਹੈ, ਪਰ ਸ਼ੋਸ਼ਲ ਮੀਡੀਏ ਉੱਤੇ ਜੋ ਕਵਰੇਜ ਹੋ ਰਹੀ ਹੈ, ਉਸ ਨੂੰ ਦੇਖ ਕੇ ਲੂ ਕੰਡੇ ਖੜ੍ਹੇ ਹੋ ਰਹੇ ਹਨ । ਦੇਸ਼ ਦਾ ਪ੍ਰਧਾਨ ਮੰਤਰੀ ਅਫਗਾਨਿਸਤਾਨ ਵਿਚ ਆਏ ਭੂਚਾਲ ਬਾਰੇ ਤਾਂ ਉਥੋਂ ਦੀ ਸਰਕਾਰ ਨੂੰ ਦੋ ਘੰਟੇ ਬਾਅਦ ਹੀ ਫੋਨ ਕਰਕੇ ਸਹਾਇਤਾ ਕਰਨ ਦਾ ਭਰੋਸਾ ਦੇ ਰਿਹਾ ਹੈ, ਪਰ ਪਿਛਲੇ ਦੋ ਹਫਤਿਆਂ ਤੋਂ ਚੱਲ ਰਹੇ ਪੰਜਾਬ ਦੇ ਮੌਜੂਦਾ ਹਾਲਾਤਾਂ ਬਾਰੇ ਕੁੱਝ ਵੀ ਬੋਲਣ ਤੋਂ ਨਾਬਰ ਹੈ। ਦੂਜੇ ਪਾਸੇਂ ਪੰਜਾਬ ਸਰਕਾਰ ਵੀ ਇਸ ਮਾਮਲੇ ਚ ਲਾਚਾਰ ਤੇ ਬੇਬਸ ਜਿਹੀ ਹੀ ਨਜਰ ਆ ਰਹੀ ਹੈ, ਮੁੱਖ ਮੰਤਰੀ ਭਗਵੰਤ ਮਾਨ ਦੀ ਤਬੀਅਤ ਨਾਸਾਜ਼ ਚੱਲ ਰਹੀ ਤੇ ਬਾਕੀ ਸਰਕਾਰੀਤੰਤਰ ਵਜੀਰ ਵਗੈਰਾ ਮਗਰ ਮੱਛ ਦੇ ਹੰਝੂ ਵਹਾਉਣ ਤੋਂ ਵੱਧ ਕੁੱਝ ਵੀ ਨਹੀਂ ਕਰ ਰਹੇ।



ਪੰਜਾਬ ਦੇ ਬਹੁਤ ਸਾਰੇ ਕਲਾਕਾਰ, ਜਿਹਨਾਂ ਵਿਚ ਦਲਜੀਤ ਦੁਸਾਂਝ, ਐਮੀ ਵਿਰਕ, ਬੱਬੂ ਮਾਨ, ਕਪਿਲ ਸ਼ਰਮਾ, ਸੋਨੂੰ ਸੂਦ, ਸੋਨੀਆ ਮਾਨ, ਸੁਨੰਦਾ ਸ਼ਰਮਾ, ਇੰਦਰਜੀਤ ਨਿੱਕੂ, ਗੁਰਪਰੀਤ ਘੁੱਗੀ ਆਦਿ ਦੇ ਨਾਮ ਜਿਕਰਯੋਗ ਹਨ, ਇਸ ਔਖੀ ਘੜੀ ਚ ਹੜ੍ਹ ਪੀੜਤਾਂ ਨਾਲ ਦੁੱਖ ਵੰਡਾਉਣ ਲਈ ਮੋਢੇ ਨਾਲ ਮੋਢਾ ਡਾਹ ਕੇ ਖੜ੍ਹੇ ਹੋਏ ਹਨ। ਇਸ ਅਤਿ ਦੀ ਔਖੀ ਘੜੀ ਚ ਹੜ੍ਹਪੀੜਤਾਂ ਨਾਲ ਖਾਲਸਾ ਏਡ, ਐਸ ਪੀ ਐਸ ਉਬਰਾਏ, ਸਲਮਾਨ ਖਾਨ, ਐਕਟਰ ਰਜਾ ਮੁਰਾਦ , ਤੇ ਰਾਜ ਕੁੰਦਰਾ ਨੇ ਵੀ ਹਰ ਪੱਖੋਂ ਵੱਡੀ ਮੱਦਦ ਕਰਨ ਦਾ ਐਲਾਨ ਕੀਤਾ ਹੈ ਜੋ ਕਿ ਮੌਕੇ ਦੀ ਮੰਗ ਮੁਤਾਬਿਕ ਬਹੁਤ ਹੀ ਭਲਾ ਕਾਰਜ ਹੈ ।

ਪਿਛਲੇ ਕਈ ਅਰਸਿਆਂ ਤੋਂ ਇਹ ਉਕਤ ਵਰਤਾਰਾ ਇਸੇ ਤਰਾਂ ਚਲਦਿਆਂ ਦੇਖ ਕੇ ਹਰ ਪੰਜਾਬੀ ਦੇ ਮਨ ਚ ਇਹ ਸਵਾਲ ਉੱਠ ਰਿਹਾ ਹੈ ਕਿ ਕੀ ਇਹ ਵਾਕਈ ਹੀ ਕੁਦਰਤੀ ਕਰੋਪੀ ਵਾਲੇ ਹੜ੍ਹ ਹਨ ਜਾਂ ਇਹਨਾਂ ਹੜ੍ਹਾਂ ਦੇ ਪਿਛੇ ਪੰਜਾਬ ਨੂੰ ਬਰਬਾਦ ਕਰਨ ਦੀ ਕੋਈ ਗਹਿਰੀ ਸ਼ਾਜਿਸ਼ ਹੈ? ਇਹ ਸਵਾਲ ਮੌਕੇ ਦੀ ਨਜ਼ਾਕਤ ਮੁਤਾਬਿਕ ਬਹੁਤ ਸਾਰਥਿਕ ਤੇ ਸੰਜੀਦਾ ਹੈ। ਜੇਕਰ ਇਸ ਸੰਬੰਧੀ ਕੁੱਝ ਪੁਣ ਛਾਣ ਕਰੀਏ ਤਾਂ ਇਸ ਸਵਾਲ ਦੇ ਉੱਤਰ ਵਜੋਂ ਕਈ ਪਹਿਲੂ ਸਾਹਮਣੇ ਆਉਂਦੇ ਹਨ।

ਇਹ ਜਿਕਰਯੋਗ ਹੈ ਕਿ ਪੰਜਾਬ ਵਿਚਲੇ ਡੈਮਾਂ ਤੇ ਹਾਈਡਲ ਪਰੋਜੈਕਟਾਂ ਦਾ ਸਾਰਾ ਕੰਟਰੋਲ ਕੇਂਦਰ ਸਰਕਾਰ ਦੇ ਹੱਥਾਂ ਚ ਹੈ। ਇਸ ਕਰਕੇ ਕੇਂਦਰ ਸਰਕਾਰ ਦੇ ਹੁਕਮਾਂ ਤੋਂ ਬਿਨਾ ਕੁੱਝ ਵੀ ਸੰਭਵ ਨਹੀਂ । ਭਾਰਤ ਵਿਚ ਰਾਜਨੀਤੀ ਕਿਸ ਤਰਾਂ ਦੀ ਹੈ, ਇਸ ਬਾਰੇ ਕੁੱਝ ਵੀ ਦੱਸਣ ਜਾਂ ਸਮਝਾਉਣ ਦੀ ਲੋੜ ਨਹੀਂ , ਦੇਸ਼ ਦੇ ਜਿਹਨਾਂ ਸੂਬਿਆਂ ਵਿਚ ਕੇਂਦਰ ਚ ਕਾਬਜ਼, ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਹਨਾਂ ਵਿਚ ਕੀ ਕੁੱਝ ਹੋ ਰਿਹਾ ਹੈ, ਇਹ ਕੋਈ ਲੁਕਿਆ ਛਿਪਿਆ ਨਹੀਂ। ਜਿਸ ਮੁਲਕ ਵਿਚ ਫਰਜੀ ਵੋਟਾਂ ਤੇ ਵੋਟਾਂ ਦੀ ਚੋਰੀ ਦਾ ਸ਼ੋਰ ਹੋਵੇ, ਉਥੇ ਇਹ ਮੰਨਿਆ ਜਾ ਸਕਦਾ ਹੈ ਕਿ ਪੰਜਾਬ ਵਿਚਲੇ ਹੜ੍ਹ ਵੀ ਦੇਸ਼ ਵਿਚਲੀ ਅਤਿ ਦਰਜੇ ਦੀ ਗੰਦੀ ਤੇ ਘਟੀਆ ਸਿਆਸੀ ਸਾਜਸ਼ ਦੀ ਕਾਲੀ ਕਰਤੂਤ ਹੋ ਸਕਦੇ ਹਨ।

ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਬਾਦਲ ਇਸ ਹੁਣਵੇਂ ਹੜ੍ਹ ਨੂੰ ਦੇਖ ਕੇ ਦਰਿਆਈ ਬੰਨ੍ਹਾਂ ਦੀ ਕੰਕਰੀਟ ਉਸਾਰੀ ਕਰਨ ਦਾ ਸੁਝਾਅ ਦਿੰਦਾ ਹੈ ਤੇ ਭਰੋਸਾ ਦੇਂਦਾ ਹੈ ਕਿ ਜੇਕਰ ਪੰਜਾਬ ਵਿਚ ਮੁੜ ਅਕਾਲੀਆਂ ਦੀ ਸਰਕਾਰ ਬਣਦੀ ਹੈ ਤਾਂ ਇਹ ਉਕਤ ਕੰਮ ਪਹਿਲ ਦੇ ਅਧਾਰ 'ਤੇ ਕੀਤਾ ਜਾਵੇਗਾ। ਸ.ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਮੁੱਖ ਮੰਤਰੀ ਰਹੇ ਤੇ ਇਕ ਵਾਰ ਉਹਨਾਂ ਨਾਲ ਕਾਕਾ ਜੀ ਡਿਪਟੀ ਮੁੱਖ ਮੰਤਰੀ ਵੀ ਰਹੇ, ਹੁਣ ਸਵਾਲ ਇਹ ਹੈ ਕਿ ਉਦੋਂ ਕਿਓਂ ਨਾ ਇਹਨਾਂ ਨੂੰ ਦਰਿਆਈ ਬੰਨ੍ਹ ਪੱਕੇ ਕਰਨ ਦੀ ਸੁੱਝੀ , ਇਹ ਯਾਦ ਹੁਣ ਹੀ ਕਿਓਂ ਆਈ ਹੈ ? ਹੁਣ ਤੁਸੀਂ ਆਪ ਸਮਝ ਲਓ ਕਿ ਇਹਨਾਂ ਲੋਕਾਂ ਨੂੰ ਕਿਸੇ ਦੇ ਦੁੱਖ ਦਾ ਨਹੀਂ, ਬਲਕਿ ਹਰ ਸਮੇਂ ਆਪਣੀਆਂ ਸਿਆਸੀ ਰੋਟੀਆਂ ਸੇਕਣਾ ਹੀ ਸੁਝਦਾ ਹੈ। ਜਿਕਰਯੋਗ ਕਿ ਪਾਣੀ ਚ ਬੱਸਾਂ ਤੇ ਲੁਧਿਆਣੇ ਵਿਚ ਮੇਟਰੋ ਰੇਲ ਚਲਾਉਣ ਦਾ ਵਾਅਦਾ ਵੀ ਇਸੇ ਪਾਰਟੀ ਨੇ ਕੀਤਾ ਸੀ। ਮੈ ਨਿੱਜੀ ਤੌਰ 'ਤੇ ਕਿਸੇ ਸਿਆਸੀ ਪਾਰਟੀ ਦਾ ਨਾ ਹੀ ਵਿਰੋਧੀ ਹਾਂ ਤੇ ਨਾ ਹੀ ਹਿਮਾਇਤੀ, ਪਰ ਜੋ ਸੱਚ ਹੈ, ਉਸ ਦਾ ਸ਼ੀਸ਼ਾ ਦਿਖਾਉਣ ਵਾਸਤੇ ਇਹ ਉਕਤ ਉਦਾਹਰਣਾ ਦੇਣੀਆਂ ਬਣਦੀਆਂ ਹਨ।

ਜਿਸ ਤਰਾਂ ਮੈਂ ਪਹਿਲਾਂ ਕਿਹਾ ਕਿ ਪੰਜਾਬ ਵਿਚਲੇ ਦਰਿਆਈ ਡੈਮਾਂ ਦਾ ਪਰਬੰਧ, ਦੇਸ਼ ਦੀ ਕੇਂਦਰ ਸਰਕਾਰ ਦੇ ਹੱਥਾਂ ਚ ਹੈ , ਅਮਲਾ ਫੈਲਾ ਵੀ ਬਹੁ ਗਿਣਤੀ ਚ ਪੰਜਾਬੋਂ ਬਾਹਰਲਾ ਹੀ ਹੈ, ਅਜਿਹੇ ਹਾਲਾਤਾਂ ਵਿਚ ਜੇਕਰ ਕੋਈ ਬਦ ਇੰਤਜਾਮੀ ਹੁੰਦੀ ਹੈ ਤਾਂ ਉਸ ਦੀ ਜਵਾਬ ਤਲਬੀ ਪੰਜਾਬ ਸਰਕਾਰ ਦੇ ਵਸ ਦੀ ਗੱਲ ਹੀ ਨਹੀਂ ਤੇ ਸੈਂਟਰ ਦੀ ਭਾਜਪਾ ਸਰਕਾਰ ਪੰਜਾਬ ਨਾਲ ਜੋ ਮਤਰੇਆ ਸਲੂਕ ਕਰ ਰਹੀ ਹੈ, ਉਸ ਤੋਂ ਅੰਦਾਜਾਂ ਲਾਉਣਾ ਕੋਈ ਬਹੁਤੀ ਔਖੀ ਗੱਲ ਹੈ ਹੀ ਨਹੀਂ ।

ਜੇਕਰ ਡੈਮਾਂ ਵਿਚੋਂ ਪਾਣੀ ਦਾ ਪਰਵਾਹ ਇੱਕ ਸੈੱਟ ਲੀਵਲ ਦੇ ਮੁਤਾਬਿਕ ਨਿਰੰਤਰ ਦਰਿਆਵਾਂ, ਨਹਿਰਾਂ ਤੇ ਖਾਲਾਂ ਵਿਚ ਪਰਵਾਹਤ ਰੱਖਿਆ ਜਾਵੇ ਤਾਂ ਹੜ੍ਹਾਂ ਦੀ ਨੌਬਤ ਬਹੁਤ ਘੱਟ ਆਵੇਗੀ, ਪਰ ਜੇਕਰ ਡੈਮਾਂ ਵਿਚ ਪਾਣੀ ਪਹਿਲਾਂ ਉਪਰਲੇ ਲੀਵਲ ਤੱਕ ਸਟੋਰ ਕਰ ਲਿਆ ਜਾਵੇ ਤੇ ਫਿਰ ਇਕ ਦਮ ਫਲੱਡ ਗੇਟ ਖੋਹਲ ਦਿੱਤੇ ਜਾਣ ਤਾਂ ਫਿਰ ਜੋ ਹਾਲਾਤ ਪੰਜਾਬ ਵਿਚ ਇਸ ਵੇਲੇ ਬਣੇ ਹੋਏ ਹਨ, ਉਹਨਾਂ ਦਾ ਹੋਣਾ ਕਦਾਚਿਤ ਵੀ ਕੁਦਰਤੀ ਵਰਤਾਰਾ ਹੋਣ ਦੀ ਬਜਾਏ ਸਿਆਸੀਤੰਤਰ ਦੀ ਬਦ ਇੰਤਜਾਮੀ ਕਹਿਣਾ ਸੌ ਫੀਸਦੀ ਬੇਹਤਰ ਹੋਵੇਗਾ।

ਪੰਜਾਬ ਵਿਚ ਇਸ ਵੇਲੇ ਹਰ ਪਾਸੇ ਸੜਕਾਂ ਦਾ ਜਾਲ ਵਿਛ ਚੁੱਕਾ ਹੈ, ਖੇਤੀ ਦਾ ਬਹੁਤ ਵੱਡਾ ਰਕਬਾ, ਕਲੋਨੀਆਂ ਦੇ ਹੇਠ ਆ ਚੁੱਕਾ, ਝੋਨੇ ਵਰਗੀ ਫਸਲ ਨੇ ਧਰਤੀ ਦੀ ਜੀਰਨ ਸਮਰੱਥਾ ਬਾਂਝ ਕਰ ਦਿੱਤੀ ਹੈ, ਜੰਗਲਾਂ ਦਾ ਉਜਾੜਾ ਬੇਤਹਾਸ਼ਾ ਹੋ ਚੁੱਕਾ ਹੈ, ਹਿਮਾਚਲ ਚ ਬਿਨਾ ਕਿਸੇ ਪਲਾਨਿੰਗ ਉਸਾਰੀਆਂ ਵੱਡੀਆਂ ਇਮਾਰਤਾਂ ਤੇ ਹੋਟਲ ਵਗੈਰਾ ਪਹਾੜਾਂ ਦੇ ਖਿਸਕਣ ਦੀ ਵਜ੍ਹਾ ਬਣਕੇ ਵੱਡੀ ਤਬਾਹੀ ਵਜੋਂ ਸਾਹਮਣੇ ਆ ਰਹੇ ਹਨ।ਪੂਰੇ ਪੰਜਾਬ ਵਿਚ ਇਕ ਦੋ ਇਲਾਕਿਆਂ ਨੂੰ ਛਡਕੇ ਜੰਗਲ ਕਿਥੇ ਰਹਿ ਗਏ ਹਨ ? ਮੈਨੂੰ ਤਾਂ ਲਗਦਾ ਹੈ ਕਿ ਪੰਜਾਬ ਸਰਕਾਰ ਨੇ ਜੰਗਲਾਤ ਮਹਿਕਮਾ ਵੀ ਬੰਦ ਕਰ ਦਿੱਤਾ ਹੋਵੇਗਾ, ਜੇਕਰ ਅਜਿਹਾ ਨਹੀਂ ਕੀਤਾ ਤਾਂ ਫਿਰ ਇਹ ਲੰਗੜਾ ਲੂਲਾ ਤੇ ਸਹਿਕਦਾ ਤਾਂ ਜਰੂਰ ਹੀ ਹੋਵੇਗਾ। ਜੰਗਲਾਤਾਂ ਜਾਂ ਬੀੜ ਹੜ੍ਹਾਂ ਨੂੰ ਰੋਕਣ ਵਾਸਤੇ ਕਾਫੀ ਸਹਾਈ ਹੁੰਦੇ ਸਨ, ਪਰ ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਗਲਤੀ ਕੋਈ ਹੋਰ ਕਰੇ ਤੇ ਉਸ ਦਾ ਖਮਿਆਜਾ ਅਸੀਂ ਸਾਰੇ ਭੁਗਤ ਰਹੇ ਹਾਂ। ਇਸ ਨੂੰ ਵੀ ਬਦਇੰਤਜਾਮੀ ਹੀ ਕਿਹਾ ਜਾ ਸਕਦਾ ਹੈ । ਇਸ ਬਦਇੰਤਜਾਮੀ ਵਾਸਤੇ ਜੇਕਰ ਵੱਡੇ ਵੱਡੇ ਮਗਰ ਮੱਛ ਕਸੂਰਵਾਰ ਹਨ ਤਾਂ ਕਿਤੇ ਨ ਕਿਤੇ ਗਲਤੀ ਤਾਂ ਅਸੀਂ ਵੀ ਕੀਤੀ ਹੈ ਜੋ ਅਜੇ ਵੀ ਕਰ ਤੇ ਕਰਵਾਈ ਜਾ ਰਹੇ ਹਾਂ ।

ਜਿਥੋਂ ਤੱਕ ਪੰਜਾਬ ਸਰਕਾਰ ਦੀ ਗੱਲ ਹੈ। ਕਹਿ ਸਕਦੇ ਹਾਂ ਕਿ ਆਏ ਸਾਲ ਹੜ੍ਹਾਂ ਦੇ ਇਸ ਪਰਕੋਪ ਵਾਸਤੇ ਜਿੰਮੇਵਾਰ ਹੈ। ਦਰਿਆਵਾਂ, ਨਹਿਰਾਂ, ਨਾਲਿਆਂ, ਚੋਆਂ ਤੇ ਸਾਇਫਨਾ ਦੀ ਬਰਸਾਤ ਦਾ ਸੀਜਨ ਸ਼ੁਰੂ ਹੋਣ ਤੋਂ ਪਹਿਲਾਂ ਸਾਫ ਸਫਾਈ ਦਾ ਜਿੰਮਾ ਰਾਜ ਸਰਕਾਰ ਦਾ ਹੁੰਦਾ ਹੈ। ਜੇਕਰ ਇਹ ਕਾਰਜ ਵੇਲੇ ਸਿਰ ਕਰ ਲਿਆ ਜਾਵੇ ਤਾਂ ਇਸ ਤਰਾਂ ਕਰਨ ਨਾਲ ਪਾਣੀ ਦਾ ਵਹਾਅ ਆਪਣਾ ਨਵਾਂ ਰਸਤਾ ਬਣਾ ਕੇ ਤਬਾਹੀ ਮਚਾਉਣ ਦੀ ਬਜਾਏ ਬੇਰੋਕ ਰਵਾ ਰਵੀ ਅਗਾਂਹ ਨਿਕਲ ਜਾਂਦਾ ਹੈ, ਜਿਸ ਕਰਕੇ ਬਹੁਤ ਵੱਡਾ ਰਕਬਾ ਹੜ੍ਹਾਂ ਦੇ ਮਾਰੂ ਪਰਭਾਵ ਤੋਂ ਬਚ ਸਕਦਾ ਹੈ, ਪਰ ਇਸ ਤਰਾਂ ਦਾ ਕੁੱਝ ਵੀ ਸਰਕਾਰਾਂ ਵਲੋਂ ਨਹੀਂ ਕੀਤਾ ਜਾਂਦਾ । ਇਸ ਸੰਬੰਧੀ ਜੋ ਫੰਡ ਰਾਖਵੇਂ ਕੀਤੇ ਗਏ ਹੁੰਦੇ ਹਨ, ਉਹਨਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਜਾਂ ਇੰਜ ਕਹਿ ਲਓ ਕਿ ਫੰਡ ਸਰਕਾਰੀ ਕਾਗਜ਼ਾਂ ਵਿਚ ਹੀ ਇਧਰ ਉਧਰ ਖੁਰਦ ਬੁਰਦ ਕਰ ਦਿੱਤੇ ਜਾਂਦੇ ਹਨ। ਇਹ ਗੱਲ ਵੀ ਪੂਰੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਜੇਕਰ ਕਿਸੇ ਪਿੰਡ ਦੇ ਗੰਦੇ ਪਾਣੀ ਵਾਲੇ ਨਿਕਾਸੀ ਛੱਪੜ ਦੀ ਸਫਾਈ ਬਰਸਾਤ ਤੋਂ ਪਹਿਲਾਂ ਚੰਗੀ ਤਰਾਂ ਕਰ ਜਾਂ ਕਰਵਾ ਲਈ ਜਾਵੇ ਤਾਂ ਇਸ ਤਰਾਂ ਕਰਨ ਨਾਲ, ਇਹ ਜਰੂਰੀ ਨਹੀਂ ਕਿ ਉਸ ਨਾਲ ਹੜ੍ਹ ਰੋਕਿਆ ਜਾ ਸਕੇ, ਹਾਂ, ਪਰ ਇਸ ਤਰਾਂ ਕਰਨ ਨਾਲ ਸੰਬੰਧਿਤ ਪਿੰਡ ਨੂੰ ਕੁੱਝ ਸਮੇਂ ਤੱਕ ਹੜ੍ਹ ਤੋਂ ਰਾਹਤ ਜਰੂਰ ਮਿਲ ਸਕੇਗੀ। ਜੇਕਰ ਇਸੇ ਤਰਾਂ ਪੰਜਾਬ ਦੇ ਸਾਰੇ ਪਿੰਡਾਂ ਵਿਚ ਕੀਤਾ ਜਾਵੇ ਤਾਂ ਬਰਸਾਤ ਦੇ ਸੀਜਨ ਵੇਲੇ ਪਿੰਡਾਂ ਦੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਤੋਂ ਰਾਹਤ ਮਿਲ ਸਕਦੀ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਹੜ੍ਹਾਂ ਦੇ ਪਾਣੀ ਨੂੰ ਬਰਸਾਤ ਤੋਂ ਬਾਦ ਵਰਤਣ ਵਾਸਤੇ ਸਟੋਰ ਕਰਨ ਦੀ ਕੋਈ ਯੋਜਨਾ ਤਿਆਰ ਕਰੇ। ਇਸ ਤਰਾਂ ਕਰਨ ਨਾਲ ਜਿਥੇ ਹੜ੍ਹਾਂ ਦੀ ਰੋਕਥਾਮ ਵਿਚ ਮੱਦਦ ਮਿਲੇਗੀ, ਇਸ ਦੇ ਨਾਲ ਹੀ ਗਰਮੀਆ ਦੀ ਰੁੱਤ ਵਿਚ ਪਾਣੀ ਦੀ ਕਿੱਲਤ ਸਮੇਂ, ਉਹ ਜਮਾ ਕੀਤਾ ਹੋਇਆ ਪਾਣੀ ਵਰਤਿਆ ਜਾ ਸਕਦਾ ਹੈ।

ਪੰਜਾਬ ਦੇ ਲੋਕ ਸੇਵਾ ਭਾਵਨਾ ਦੇ ਹਿਰਦੇ ਵਾਲੇ ਹਨ। ਏਹੀ ਕਾਰਨ ਹੈ ਕਿ ਸਰਬੱਤ ਦਾ ਭਲਾ ਲੋੜਦੇ ਹਨ, ਦੀਸਰਿਆਂ ਦੇ ਦੁੱਖ ਨੂੰ ਆਪਣਾ ਮੰਨਦੇ ਹੋਏ ਕਿਸੇ ਵੀ ਮੁਸੀਬਤ ਸਮੇਂ ਦੂਸਰਿਆਂ ਦੀ ਨਿਰ ਸਵਾਰਥ ਖੁਲ੍ਹੇ ਦਿਲ ਨਾਲ ਮੱਦਦ ਕਰਦੇ ਹਨ, ਪਰ ਵਿਡੰਬਣਾ ਦੇਖੋ ਕਿ ਜਿੰਨੀ ਵਾਰ ਵੀ ਪੰਜਾਬੀਆਂ ਉੱਤੇ ਕੋਈ ਆਫਤ ਆਈ ਹੈ, ਉਨੀ ਵਾਰ ਹੀ ਉਹਨਾਂ ਨੇ ਉਸ ਮੁਸ਼ਕਲ ਦਾ ਮੁਕਾਬਲਾ ਆਪਣੇ ਸਿਰ ਖੁਦ ਹੀ ਕੀਤਾ ਹੈ, ਹਰਿਆਣੇ ਤੋਂ ਇਲਾਵਾ ਕਿਸੇ ਹੋਰ ਰਾਜ ਤੋਂ ਕਦੇ ਵੀ ਕਿਸੇ ਨੇ ਆ ਕੇ ਮੱਦਦ ਤਾਂ ਕੀ ਕਰਨੀ ਹੈ, ਕਦੇ ਸੱਚੇ ਝੂਠਿਓ ਹਾਅ ਦਾ ਨਾਹਰਾ ਵੀ ਨਹੀਂ ਮਾਰਿਆ। ਕਿਸੇ ਕੁਦਰਤੀ ਆਫਤ ਸਮੇਂ ਗੁਜਰਾਤ ਵਿਚ ਜਾ ਕੇ ਪੰਜਾਬੀ ਉਥੋਂ ਦੇ ਲੋਕਾਂ ਦੇ ਮੁੜ ਵਸੇਬੇ ਲਈ ਮੱਦਦ ਕਰ ਸਕਦੇ ਹਨ, ਪਰ ਅਡਾਨੀ, ਅੰਬਾਨੀ ਇਕ ਫੁੱਟੀ ਕੌਡੀ ਵੀ ਨਹੀਂ ਖਰਚਣਗੇ। ਦਰਅਸਲ ਇਸੇ ਨੂੰ ਹੀ ਸੰਸਕਾਰ, ਸੱਭਿਆਚਾਰ, ਔਕਾਤ ਤੇ ਵਿਰਸਾ ਕਹਿੰਦੇ ਹਨ। ਸੋ ਸਾਨੂੰ ਆਪਣੀ ਕੀਤੀ ਨੇਕੀ ਦੇ ਇਵਜ ਵਿਚ ਕਿਸੇ ਤੋਂ ਕੋਈ ਆਸ ਰੱਖਣ ਦੀ ਬਜਾਏ ਆਪਣੇ ਵਿਰਸੇ ਨਾਲ ਜੁੜਕੇ ਆਪਣੇ ਸੰਸਕਾਰਾਂ ਮੁਤਾਬਿਕ ਅੱਗੇ ਵਧਦੇ ਰਹਿਣਾ ਚਾਹੀਦਾ ਹੈ ਤੇ ਅਜਿਹਾ ਕਰਦੇ ਹੋਏ ਹੁਣ ਅੱਗੋਂ ਤੋਂ ਆਪਣੇ ਹਿੱਤ ਸਭ ਤੋਂ ਪਹਿਲਾਂ ਸੁਰੱਖਿਅਤ ਕਰਨ ਦੀ ਆਦਤ ਵੀ ਪਾ ਲੈਣੀ ਚਾਹੀਦੀ ਹੈ।

ਇਸ ਵੇਲੇ ਪੰਜਾਬ ਦੇ ਹਾਲਾਤ ਬਹੁਤ ਹੀ ਚਿੰਤਾਜਨਕ ਹਨ। ਬੇਸ਼ੱਕ ਇਹਨਾਂ ਹਾਲਾਤਾਂ ਉੱਤੇ ਅਸੀਂ ਪੰਜਾਬੀ ਰਲ ਮਿਲਕੇ ਸਮੇ ਸਮੇ ਆਈਆ ਪਹਿਲੀਆਂ ਆਫਤਾਂ ਵਾਂਗ ਹੀ ਕਾਬੂ ਪਾ ਲਵਾਂਗੇ, ਪਰ ਇਸ ਤੋਂ ਸਬਕ ਸਿੱਖ ਕੇ ਭਵਿੱਖ ਵਿਚ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਹਰ ਦੂਜੇ ਤੀਜੇ ਸਾਲ ਇਹ ਵਰਤਾਰਾ ਮੁੜ ਮੁੜ ਕੇ ਨਾ ਵਾਪਰੇ। ਇਸ ਦਾ ਪੱਕਾ ਬਾਨਣੂ ਬੰਨ੍ਹਣ ਵਾਸਤੇ ਸਮਾਜਕ ਤੇ ਸਿਆਸੀ ਪੱਖਾਂ ਤੋਂ ਕੋਈ ਠੋਸ ਨੀਤੀ ਤਿਆਰ ਕਰਕੇ ਉਸ ਉੱਤੇ ਅਮਲ ਕਰਨਾ ਜਰੂਰੀ ਹੋਵੇਗਾ, ਨਹੀਂ ਤਾਂ ਇਹ ਕਦੇ ਡੋਬਾ ਤੇ ਕਦੇ ਸੋਕਾ ਵਾਲਾ ਸਿਲਸਿਲਾ ਬਦਸਤੂਰ ਜਾਰੀ ਰਹੇਗਾ।

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ)

AUTOBAHN



FREIGHT LINES LTD

Now Hiring Professional AZ Drivers & Owner Operators from TO & WINDSOR, ON TO USA

We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test

We Offer:
• Dedicated lanes from WINDSOR to OH, ILL, MO, GA, TN, KY, OK
• Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks

For more information call Paul
416-741-0204
Or email at: pauls@autobahnfreight.com
www.autobahnfreight.com

SherGill Law Firm
Barrister, Solicitor & Notary Public
A Firm That Acts Big!



Services:
• Real Estate
• Residential, Commerical, Franchise
• Criminal Law
• Family Law
• Affidavit, Power of Attorney & Notarization
• Immigration Matters

Paramjit Singh Gill (MBA, LL.B.)
Tel: 905-790-3636



2565 Steeles Ave E. Unit #20, Brampton, ON L6T 4L6
Emergency Contact: 416-910-5676
www.shergilllawfirm.ca

# ਬਿੱਗ ਬੌਸ 'ਚ ਸਲਮਾਨ ਖਾਨ ਨੇ ਪੰਜਾਬ ਹੜ੍ਹ ਪੀੜਤਾਂ ਲਈ ਮਦਦ ਦੀ ਕੀਤੀ ਅਪੀਲ

## ਕਿਹਾ- ਸਿੱਖ ਕੌਮ ਲੋਕਾਂ ਲਈ ਲੰਗਰ ਲਾਉਂਦੀ




ਬਾਲੀਵੁੱਡ ਅਦਾਕਾਰ ਸਲਮਾਨ ਖਾਨ ਨੇ ਆਪਣੇ ਟੀਵੀ ਸ਼ੋਅ ਬਿੱਗ ਬੌਸ ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਬਾਰੇ ਚਿੰਤਾ ਪ੍ਰਗਟ ਕੀਤੀ ਅਤੇ ਮਦਦ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਨੇ ਹਮੇਸ਼ਾ ਲੋੜਵੰਦਾਂ ਦੀ ਮਦਦ ਕੀਤੀ ਹੈ, ਪਰ ਅੱਜ ਇਹ ਖੁਦ ਮੁਸ਼ਕਲ ਸਥਿਤੀ ਵਿੱਚ ਹੈ, ਇਸ ਲਈ ਸਾਨੂੰ ਅੱਗੇ ਵਧ ਕੇ ਮਦਦ ਕਰਨੀ ਚਾਹੀਦੀ ਹੈ।

ਸਲਮਾਨ ਖਾਨ ਨੇ ਕਿਹਾ ਕਿ ਹੜ੍ਹਾਂ ਨੇ ਪੰਜਾਬ ਵਿੱਚ ਬਹੁਤ ਤਬਾਹੀ ਮਚਾਈ ਹੈ। ਕਿਸਾਨਾਂ ਦੇ ਘਰ ਰੁੜ੍ਹ ਗਏ ਹਨ ਅਤੇ ਬਹੁਤ ਸਾਰੇ ਘਰ ਢਹਿ ਗਏ ਹਨ, ਜਿਸ ਕਾਰਨ ਉਨ੍ਹਾਂ ਕੋਲ ਰਹਿਣ ਲਈ ਕੋਈ ਜਗ੍ਹਾ ਨਹੀਂ ਹੈ, ਜਦੋਂ ਕਿ ਇਹ ਉਹੀ ਕਿਸਾਨ ਹਨ ਜੋ ਸਾਡੇ ਲਈ ਭੋਜਨ ਉਗਾਉਂਦੇ ਹਨ। ਸਲਮਾਨ ਖਾਨ ਨੇ ਕਿਹਾ ਕਿ ਇਹ ਸਿੱਖ ਕੌਮ ਸੇਵਾ ਲਈ ਜਾਣੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਲੰਗਰ ਅਤੇ ਬਿਨਾਂ ਕਿਸੇ ਸਵਾਰਥ ਦੇ ਲੋਕਾਂ ਦੀ ਮਦਦ ਕਰਨ ਲਈ ਮਸ਼ਹੂਰ ਹੈ। ਸੈਂਕੜੇ ਸਾਲਾਂ ਤੋਂ ਸਿੱਖ ਕੌਮ ਲੋਕਾਂ ਲਈ ਲੰਗਰ ਲਗਾ ਰਹੀ ਹੈ, ਕਦੇ ਕਿਸੇ ਨੂੰ ਨਿਰਾਸ਼ ਨਹੀਂ ਕੀਤਾ ਅਤੇ ਕਦੇ ਕਿਸੇ ਨੂੰ ਭੁੱਖਾ ਨਹੀਂ ਭੇਜਿਆ।

ਸਲਮਾਨ ਨੇ ਕਿਹਾ ਕਿ ਹੁਣ ਸਾਡੀ ਵਾਰੀ ਹੈ, ਸਾਨੂੰ ਵੀ ਯੋਗਦਾਨ ਪਾਉਣਾ ਚਾਹੀਦਾ ਹੈ। ਪੰਜਾਬ ਦੇ ਕਈ ਗਾਇਕ ਪਹਿਲਾਂ ਹੀ ਮਦਦ ਕਰ ਚੁੱਕੇ ਹਨ ਅਤੇ ਅਸੀਂ ਵੀ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਦੱਸ ਦੇਈਏ ਕਿ ਕਈ ਬਾਲੀਵੁੱਡ ਅਤੇ ਪੋਲੀਵੁੱਡ ਕਲਾਕਾਰ ਪੰਜਾਬ ਲਈ ਅੱਗੇ ਆ ਰਹੇ ਹਨ। ਸੋਨੂੰ ਸੂਦ, ਅਕਸ਼ੈ ਕੁਮਾਰ, ਰਣਦੀਪ ਹੁੱਡਾ, ਕਪਿਲ ਸ਼ਰਮਾ, ਦਿਲਜੀਤ ਦੋਸਾਂਝ, ਐਮੀ ਵਿਰਕ, ਅਰਜੁਨ ਢਿੱਲੋਂ ਅਤੇ ਸੁਨੰਦਾ ਸ਼ਰਮਾ ਵਰਗੇ ਬਾਲੀਵੁੱਡ ਕਲਾਕਾਰਾਂ ਨੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਹੈ।

# ਸੜਕ 'ਤੇ ਜ਼ਖ਼ਮੀ ਹਾਲਤ 'ਚ ਪਈ ਕੁੜੀ ਲਈ ਰੱਬ ਬਣ ਬਹੁੜਿਆ ਮਨਕੀਰਤ ਔਲਖ



ਪੰਜਾਬੀ ਗਾਇਕ ਮਨਕੀਰਤ ਔਲਖ ਇਨ੍ਹੀਂ ਦਿਨੀਂ ਪੰਜਾਬ 'ਚ ਹੜ੍ਹਾਂ ਦੌਰਾਨ ਪੀੜਤਾਂ ਦੀ ਮਦਦ 'ਚ ਰੁੱਝੇ ਹੋਏ ਹਨ ਤੇ ਨਿੱਜੀ ਤੌਰ 'ਤੇ ਘਰ-ਘਰ ਜਾ ਕੇ ਪੀੜਤਾਂ ਦੀ ਮਦਦ ਕਰ ਰਹੇ ਹਨ। ਇਸੇ ਦੌਰਾਨ ਹੁਣ ਇਕ ਹੋਰ ਖਬਰ ਸਾਹਮਣੇ ਆ ਰਹੀ ਹੈ ਕਿ ਉਨ੍ਹਾਂ ਨੇ ਇਕ ਜ਼ਖਮੀ ਕੁੜੀ ਦੀ ਮਦਦ ਕੀਤੀ ਹੈ। ਇਸ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿਚ ਮਨਕੀਰਤ ਸੜਕ 'ਤੇ ਜ਼ਖ਼ਮੀ ਹਾਲਤ ਵਿਚ ਪਈ ਕੁੜੀ ਨੂੰ ਹੋਸ਼ ਵਿਚ ਲਿਆਉਣ ਦੀ ਕੋਸ਼ਿਸ਼ ਕਰਦੇ ਹਨ, ਇਸ ਮਗਰੋਂ ਉਹ ਉਸ ਨੂੰ ਗੋਦੀ ਚੁੱਕ ਕੇ ਆਪਣੀ ਕਾਰ ਵਿਚ ਬਿਠਾਉਂਦੇ ਹਨ ਅਤੇ ਜਲਦੀ ਤੋਂ ਜਲਦੀ ਉਸ ਨੂੰ ਹਸਪਤਾਲ ਵਿਚ ਲਿਜਾਣ ਲਈ ਕਹਿੰਦੇ ਹਨ ਅਤੇ ਉਨ੍ਹਾਂ ਨੇ ਇਲਾਜ ਲਈ ਪੈਸੇ ਵੀ ਦਿੱਤੇ। ਦੱਸ ਦੇਈਏ ਕਿ ਮਨਕੀਰਤ ਔਲਖ ਨੇ ਪੰਜਾਬ ਭਰ ਦੇ ਹੜ੍ਹ ਪ੍ਰਭਾਵਿਤ ਲੋਕਾਂ ਅਤੇ ਪਿੰਡਾਂ ਦੀ ਸਹਾਇਤਾ ਲਈ 5 ਕਰੋੜ ਰੁਪਏ ਅਤੇ 100 ਟਰੈਕਟਰ ਦਾਨ ਕੀਤੇ ਹਨ। ਆਪਣੀ ਵਿੱਤੀ ਵਚਨਬੱਧਤਾ ਤੋਂ ਇਲਾਵਾ, ਗਾਇਕ ਜ਼ਮੀਨ 'ਤੇ ਵੀ ਸਰਗਰਮੀ ਨਾਲ ਮੌਜੂਦ ਹਨ, ਪ੍ਰਭਾਵਿਤ ਲੋਕਾਂ ਨੂੰ ਸਹਾਇਤਾ ਅਤੇ ਦਿਲਾਸਾ ਪ੍ਰਦਾਨ ਕਰਨ ਲਈ ਰਾਹਤ ਟੀਮਾਂ ਦੇ ਨਾਲ ਕੰਮ ਕਰ ਰਹੇ ਹਨ।

# ਐਸ਼ਵਰਿਆ ਰਾਏ ਨੇ ਏਆਈ ਰਾਹੀਂ ਤਿਆਰ ਕੀਤੀ ਪੋਰਨੋਗ੍ਰਾਫੀ ਖ਼ਿਲਾਫ਼ ਅਦਾਲਤ ਤੋਂ ਸੁਰੱਖਿਆ ਮੰਗੀ



ਬਾਲੀਵੁੱਡ ਅਦਾਕਾਰਾ ਐਸ਼ਵਰਿਆ ਰਾਏ ਬੱਚਨ ਨੇ ਮੰਗਲਵਾਰ ਨੂੰ ਦਿੱਲੀ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੀ ਸ਼ਖਸੀਅਤ ਦੇ ਅਧਿਕਾਰਾਂ ਦੀ ਰੱਖਿਆ ਕਰੇ ਅਤੇ ਕੁਝ ਵਿਅਕਤੀਆਂ ਨੂੰ ਉਨ੍ਹਾਂ ਦੇ ਨਾਂ, ਤਸਵੀਰਾਂ ਅਤੇ ਏਆਈ ਦੁਆਰਾ ਬਣਾਈ ਗਈ ਅਸ਼ਲੀਲ ਸਮੱਗਰੀ ਦੀ ਅਣ-ਅਧਿਕਾਰਤ ਵਰਤੋਂ ਕਰਨ ਤੋਂ ਰੋਕੇ।

ਜਸਟਿਸ ਤੇਜਸ ਕਾਰੀਆ ਨੇ ਜ਼ਬਾਨੀ ਤੌਰ 'ਤੇ ਸੰਕੇਤ ਦਿੱਤਾ ਕਿ ਉਹ ਬਚਾਅ ਪੱਖ ਨੂੰ ਚੇਤਾਵਨੀ ਦਿੰਦੇ ਹੋਏ ਇੱਕ ਅੰਤਰਿਮ ਹੁਕਮ ਜਾਰੀ ਕਰਨਗੇ ਰਾਏ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸੰਦੀਪ ਸੇਠੀ ਨੇ ਕਿਹਾ ਕਿ ਅਦਾਕਾਰਾ ਆਪਣੇ ਪ੍ਰਚਾਰ ਅਤੇ ਸ਼ਖਸੀਅਤ ਦੇ ਅਧਿਕਾਰਾਂ ਨੂੰ ਲਾਗੂ ਕਰਨਾ ਚਾਹੁੰਦੀ ਹੈ ਅਤੇ ਉਨ੍ਹਾਂ ਨੇ ਦਲੀਲ ਦਿੱਤੀ ਕਿ ਇੰਟਰਨੈੱਟ 'ਤੇ ਉਸ ਦੀਆਂ ਨਕਲੀ ਨਿੱਜੀ ਤਸਵੀਰਾਂ ਘੁੰਮ ਰਹੀਆਂ ਹਨ।

ਸੇਠੀ ਨੇ ਰਾਏ ਵੱਲੋਂ ਦਲੀਲ ਦਿੱਤੀ, ''ਮੇਰੀਆਂ ਤਸਵੀਰਾਂ, ਮੇਰੇ ਜਿਹੇ ਹੋਣ ਜਾਂ ਮੇਰੇ ਵਿਅਕਤੀਤਵ ਦੀ ਵਰਤੋਂ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇੱਕ ਵਿਅਕਤੀ ਸਿਰਫ਼ ਮੇਰਾ ਨਾਂ ਅਤੇ ਚਿਹਰਾ ਲਗਾ ਕੇ ਪੈਸੇ ਕਮਾ ਰਿਹਾ ਹੈ।''

ਉਨ੍ਹਾਂ ਕਿਹਾ, ''ਉਨ੍ਹਾਂ ਦੇ ਨਾਂ ਅਤੇ ਉਨ੍ਹਾਂ ਦੀ ਦਿੱਖ ਦੀ ਵਰਤੋਂ ਕਿਸੇ ਦੀਆਂ ਜਿਨਸੀ ਇੱਛਾਵਾਂ ਨੂੰ ਪੂਰਾ ਕਰਨ ਲਈ ਕੀਤੀ ਜਾ ਰਹੀ ਹੈ। ਇਹ ਬਹੁਤ ਮੰਦਭਾਗਾ ਹੈ।'' ਰਾਏ ਦੀ ਨੁਮਾਇੰਦਗੀ ਵਕੀਲਾਂ ਪ੍ਰਵੀਨ ਆਨੰਦ ਅਤੇ ਧਰੁਵ ਆਨੰਦ ਨੇ ਵੀ ਕੀਤੀ। ਹਾਈ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ ਜੁਆਇੰਟ ਰਜਿਸਟਰਾਰ ਦੇ ਸਾਹਮਣੇ 7 ਨਵੰਬਰ ਅਤੇ ਅਦਾਲਤ ਵਿੱਚ 15 ਜਨਵਰੀ, 2026 ਨੂੰ ਤੈਅ ਕੀਤੀ ਹੈ।

# ਗੁਰੂ ਰੰਧਾਵਾ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਵੰਡਣਗੇ ਕਣਕ ਦੇ ਬੀਜ



ਚੰਡੀਗੜ੍ਹ : ਪੰਜਾਬੀ ਗਾਇਕ ਗੁਰੂ ਰੰਧਾਵਾ ਹਮੇਸ਼ਾਂ ਸੰਕਟ ਦੀ ਘੜੀ 'ਚ ਆਪਣੇ ਲੋਕਾਂ ਦੇ ਨਾਲ ਖੜ੍ਹੇ ਹਨ। ਪੰਜਾਬ ਵਿੱਚ ਆਏ ਹੜ੍ਹ ਦੌਰਾਨ ਵੀ ਉਹ ਸਭ ਤੋਂ ਪਹਿਲਾਂ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਅੱਗੇ ਆਏ। ਇਸ ਤੋਂ ਪਹਿਲਾਂ ਉਹ ਇਕ ਬਜ਼ੁਰਗ ਮਾਤਾ ਨਾਲ ਉਸ ਦਾ ਟੁੱਟਿਆ ਘਰ ਮੁੜ ਬਣਾ ਦੇ ਦੇਣ ਦਾ ਵਾਅਦਾ ਕਰ ਚੁੱਕੇ ਹਨ, ਜਿਸਦਾ ਘਰ ਹੜ੍ਹ ਕਾਰਨ ਤਬਾਹ ਹੋ ਗਿਆ ਸੀ।

ਗੁਰੂ ਰੰਧਾਵਾ ਨੇ ਹੁਣ ਇੱਕ ਹੋਰ ਦਿਲ ਨੂੰ ਛੂਹਣ ਵਾਲਾ ਕਦਮ ਚੁੱਕਦੇ ਹੋਏ ਕਿਹਾ ਕਿ ਉਹ ਪੰਜਾਬ ਦੇ ਕਿਸਾਨਾਂ ਦੀ ਹੋਰ ਮਦਦ ਕਰਨਗੇ। ਉਨ੍ਹਾਂ ਐਲਾਨ ਕੀਤਾ ਹੈ ਕਿ ਜਦੋਂ ਹੜ੍ਹ ਦਾ ਪਾਣੀ ਘਟੇਗਾ ਅਤੇ ਜੀਵਨ ਦੁਬਾਰਾ ਠੀਕ ਹੋਵੇਗਾ, ਉਹ ਸਾਰੇ ਹੜ੍ਹ-ਪੀੜਤ ਕਿਸਾਨਾਂ ਨੂੰ ਕਣਕ ਦੇ ਬੀਜ ਵੰਡਣਗੇ ਤਾਂ ਜੋ ਉਹ ਮੁੜ ਖੇਤੀਬਾੜੀ ਸ਼ੁਰੂ ਕਰ ਸਕਣ।

ਗੁਰੂ ਰੰਧਾਵਾ ਦਾ ਇਨਸਾਨੀਅਤ ਪ੍ਰਤੀ ਚੁੱਕਿਆ ਗਿਆ ਇਹ ਕਦਮ ਦਰਸਾਉਂਦਾ ਹੈ ਕਿ ਪੰਜਾਬ ਨਾਲ ਕਿੰਨਾ ਪਿਆਰ ਕਰਦੇ ਹਨ ਅਤੇ ਉਹ ਪੰਜਾਬ ਦੇ ਲੋਕਾਂ ਨਾਲ ਹਰ ਦੁੱਖ-ਸੁੱਖ ਵਿਚ ਨਾਲ ਖੜ੍ਹਦੇ ਹਨ।

# ਹੜ੍ਹ ਪੀੜਤ ਪਰਿਵਾਰਾਂ ਦੀ ਮੱਦਦ ਲਈ ਅੱਗੇ ਆਏ ਬਾਲੀਵੁੱਡ ਅਦਾਕਰ ਸੋਨੂੰ ਸੂਦ



ਬਾਲੀਵੁੱਡ ਅਦਾਕਾਰ ਸੋਨੂੰ ਸੂਦ ਨੇ ਕੋਰੋਨਾ ਦੌਰ 'ਚ ਜਿਵੇਂ ਇਨਸਾਨੀਅਤ ਦੀ ਸੇਵਾ ਕੀਤੀ ਅਤੇ ਕੋਰੋਨਾ ਨਾਲ ਪੀੜਤ ਲੋਕਾਂ ਦੀ ਮਦਦ ਕਰ ਕੇ ਨਾਮਣਾ ਖੱਟਿਆ ਅਤੇ ਹੁਣ ਉਹ ਪੰਜਾਬ ਵਿੱਚਹੜ੍ਹ ਪੀੜਤ ਪਰਿਵਾਰਾਂ ਲਈ ਅੱਗੇ ਆਏ ਹਨ। ਉਨਾਂ ਨੇ ਅੱਜ ਆਪਣੇ ਜੱਦੀ ਗ੍ਰਹਿ ਮੋਗਾ ਵਿਖੇ ਪ੍ਰੈਸ ਕਾਨਫਰੰਸ 'ਚ ਕਿਹਾ ਕਿ ਉਹ ਇਸ ਦੁੱਖ ਦੀ ਘੜੀ ਵਿਚ ਪੰਜਾਬ ਦੇ ਲੋਕਾਂ ਨਾਲ ਖੜ੍ਹੇ ਹਨ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੀ ਭੈਣ ਕਾਂਗਰਸ ਦੀ ਹਲਕਾ ਇੰਚਾਰਜ ਮਾਲਵਿਕਾ ਸੂਦ ਤੇ ਜੀਜਾ ਗੌਤਮ ਸੱਚਰ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਉਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਕੇ ਆਏ ਹਨ , ਜਿੱਥੇ ਲੋਕ ਬਹੁਤ ਮੁਸੀਬਤਾਂ ਵਿੱਚ ਘਿਰੇ ਹਨ। 'ਸੂਦ ਚੈਰਿਟੀ ਫਾਊਂਡੇਸਨ' ਹਮੇਸ਼ਾ ਹੀ ਲੋੜਵੰਦਾਂ ਦੀ ਮਦਦ ਲਈ ਅੱਗੇ ਰਹਿੰਦੀ ਹੈ। ਉਹ ਉਚੇਚੇ ਤੌਰ 'ਤੇ ਪੀੜਤ ਲੋਕਾਂ ਦੀ ਮੱਦਦ ਲਈ ਮੁੰਬਈ ਤੋਂ ਪੰਜਾਬ ਪਰਤੇ ਹਨ। ਅੱਜ ਉਹ ਆਪਣੇ ਘਰ ਤੋਂ ਹੜ੍ਹ ਪੀੜਤਾਂ ਲਈ ਕੰਬਲ, ਗੱਦੇ, ਪਸ਼ੂਆਂ ਲਈ ਚਾਰਾਂ ਤੇ ਦਵਾਈਆਂ ਤੋਂ ਇਲਾਵਾ ਮਹਿਲਾਵਾਂ ਲਈ ਜ਼ਰੂਰੀ ਸਮਾਨ ਦੀਆਂ ਟਰਾਲੀਆਂ ਭੇਜੀਆਂ ਜਾ ਰਹੀਆਂ ਹਨ ਅਤੇ ਉਹ ਖੁਦ ਯੋਗ ਪ੍ਰਭਾਵਿਤ ਲੋਕਾਂ ਨੂੰ ਵੰਡਣਗੇ।

ਉਨ੍ਹਾਂ ਕਿਹਾ, " ਮੇਰੇ ਘਰ ਦੇ ਦਰਵਾਜੇ ਸਦਾ ਹੀ ਲੋੜਵੰਦਾਂ ਦੀ ਮਦਦ ਲਈ ਖੁੱਲੇ ਹਨ ਲੋਕਾਂ ਦੀ ਮਦਦ ਕਰਨ ਪਿੱਛੇ ਪ੍ਰੇਰਣਾ ਉਨ੍ਹਾਂ ਦੇ ਮਾਪੇ ਰਹੇ ਹਨ। ਅਸੀਂ ਬਿਨਾ ਕਿਸੇ ਵਿਰਾਮ ਦੇ ਕੰਮ ਕਰਾਂਗੇ ਤਾਂ ਜੋ ਹੜ੍ਹਾਂ ਤੋਂ ਬਾਅਦ ਪੰਜਾਬ ਦੀ ਸ਼ਾਨ ਨੂੰ ਮੁੜ ਪਰਤਾਇਆ ਜਾ ਸਕੇ। ਜਿੱਥੇ ਵੀ ਕਿਸੇ ਮਦਦ ਦੀ ਲੋੜ ਹੋਵੇ, ਬੇਝਿਝਕ ਸਾਨੂੰ ਸੰਦੇਸ਼ ਭੇਜੋ ਅਸੀਂ ਆਪਣੀ ਪੂਰੀ ਕੋਸ਼ਿਸ਼ ਕਰਾਂਗੇ ਪਹੁੰਚਣ ਦੀ।" ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਲੋਕ ਮੁਸੀਬਤਾਂ ਖ਼ਿਲਾਫ਼ ਇੱਕਜੁੱਟਤਾ ਲਈ ਮੰਨੇ ਜਾਂਦੇ ਹਨ। ਪੰਜਾਬ ਦੇ ਲੋਕਾਂ ਨੇ ਜੋ ਹੜ੍ਹ ਪੀੜਤਾਂ ਲਈ ਕੰਮ ਕੀਤਾ ਹੈ ਉਹ ਕਾਬਿਲੇ ਤਾਰੀਫ਼ ਹੈ ਪੰਜਾਬੀ ਬਹਾਦਰੀ ਨਾਲ ਇਸ ਤ੍ਰਾਸਦੀ ਦਾ ਮੁਕਾਬਲਾ ਕਰ ਰਹੇ ਹਨ ਉਸ ਨਾਲ ਪੰਜਾਬੀ ਕੌਮ ਦਾ ਨਾਮ ਉੱਚਾ ਹੋਇਆ ਹੈ। ਪੰਜਾਬ ਦੇ ਹੜ੍ਹ ਪੀੜਤਾਂ ਲਈ ਪੰਜਾਬ ਤੋਂ ਇਲਾਵਾ ਹਰਿਆਣਾ, ਯੂਪੀ, ਰਾਜਸਥਾਨ ਅਤੇ ਹੋਰ ਸੂਬਿਆਂ ਦੇ ਲੋਕ ਪਹੁੰਚ ਰਹੇ ਹਨ ਜੋ ਕਿ ਇੱਕ ਬਹੁਤ ਵੱਡੀ ਗੱਲ ਹੈ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਵੀ ਹੋਰ ਸੂਬੇ ਦੇ ਲੋਕਾਂ ਨਾਲ ਹਮੇਸ਼ਾ ਖੜਦੇ ਹਨ ਅੱਜ ਪੰਜਾਬ ਦੇ ਲੋਕਾਂ ਤੇ ਤ੍ਰਾਸਦੀ ਆਈ ਹੈ ਤੇ ਦੂਸਰੇ ਸੂਬਿਆਂ ਦੇ ਲੋਕ ਵੀ ਖੜੇ ਹਨ ਜੋ ਖੁਸ਼ੀ ਦੀ ਗੱਲ ਹੈ।






# ਮਨ ਦੀ ਸੰਭਾਲ ਤਨ ਵਾਂਗ ਕਰੀਏ !



ਜਸਵਿੰਦਰ ਸਿੰਘ ਰੁਪਾਲ
9814715796

ਮਨੁੱਖ ਦੀਆਂ ਖੁਸ਼ੀਆਂ ਅਤੇ ਗਮੀਆਂ ਉਸਦੇ ਤਨ ਅਤੇ ਮਨ ਨਾਲ ਜੁੜੇ ਹੋਏ ਹਨ। ਤੀਸਰਾ ਪੱਖ ,ਧਨ ਵੀ ਮਹੱਤਵਪੂਰਨ ਹੈ, ਪਰ ਉਸਦੀ ਲੋੜ ਸਿਰਫ ਆਪਣੇ ਤਨ ਅਤੇ ਮਨ ਨੂੰ ਤੰਦਰੁਸਤ ਅਤੇ ਸੰਤੁਲਿਤ ਰੱਖਣ ਲਈ ਹੀ ਹੁੰਦੀ ਹੈ। ਜਿਸ ਦਾ ਸਰੀਰ ਪੂਰਨ ਤੰਦਰੁਸਤ ਹੈ, ਮਨ ਪੂਰਾ ਸ਼ਾਂਤ ਹੈ, ਇਹਨਾਂ ਨੂੰ ਲਗਾਤਾਰ ਖੁਰਾਕ ਮਿਲ ਰਹੀ ਹੋਵੇ, ਉਸਨੂੰ ਧਨ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ। ਇਸ ਲੇਖ ਵਿਚ ਅਸੀਂ ਆਪਣੇ ਆਪ ਨੂੰ ਤਨ ਅਤੇ ਮਨ ਤੇ ਕੇਂਦਰਿਤ ਕਰ ਕੇ ਰੱਖਾਂਗੇ । ਬੱਚੇ ਦੇ ਜਨਮ ਤੋਂ ਇੱਕ ਦਮ ਬਾਅਦ ਸਭ ਤੋਂ ਪਹਿਲਾਂ ਉਸਦੇ ਸਰੀਰ ਦੀ ਸੰਭਾਲ ਹੁੰਦੀ ਹੈ। ਮਾਪੇ ਕਿਵੇਂ ਛੋਟੇ ਬੱਚੇ ਦੀ ਹਰੇਕ ਲੋੜ ਵੱਲ ਧਿਆਨ ਦਿੰਦੇ ਹਨ। ਕਿਵੇਂ ਉਸਨੂੰ ਗਰਮੀ ਸਰਦੀ ਤੋਂ ਬਚਾਉਂਦੇ ਹਨ। ਮੁਢਲੇ ਸਾਲਾਂ ਵਿਚ ਉਸਦੀ ਖੁਰਾਕ ਦਾ ਕਿੰਨਾ ਧਿਆਨ ਰੱਖਿਆ ਜਾਂਦਾ ਹੈ। ਸਮਝਦਾਰ ਮਾਪੇ ਜਾਣਦੇ ਹਨ ਕਿ ਇਸੇ ਸਮੇਂ ਤੋਂ ਉਸਦੇ ਮਨ ਦੀ ਘਾੜਤ ਘੜੀ ਜਾਣੀ ਸ਼ੁਰੂ ਹੋ ਜਾਂਦੀ ਹੈ। ਜੋ ਕੁਝ ਉਹ ਆਪਣੇ ਆਲੇ ਦੁਆਲੇ ਹੁੰਦਾ ਵੇਖਦਾ ਹੈ, ਸੁਣਦਾ ਹੈ, ਉਹ ਸਭ ਉਸਦੇ ਮਨ ਤੇ ਆਪਣਾ ਪ੍ਰਭਾਵ ਪਾਉਂਦੇ ਹਨ। ਯਾਦ ਕਰੀਏ ਕਿ ਸਰੀਰ ਨੂੰ ਪੂਰਨ ਤੰਦਰੁਸਤ ਰੱਖਣ ਲਈ ਕੀ ਕੀ ਕੀਤਾ ਜਾਣਾ ਚਾਹੀਦਾ ਹੈ। ਪਹਿਲੀ ਗੱਲ ਪੌਸ਼ਟਿਕ ਖੁਰਾਕ। ਆਪਾਂ ਸਾਰੇ ਜਾਣਦੇ ਹਾਂ ਕਿ ਸੰਤੁਲਿਤ ਭੋਜਨ ਵਿਚ ਕਾਰਬੋਹਾਈਡਰੇਟ, ਚਰਬੀ, ਪ੍ਰੋਟੀਨ, ਵਿਟਾਮਿਨ, ਖਣਿਜ, ਮੋਟਾ ਆਹਾਰ, ਆਦਿ ਸਭ ਢੁਕਵੀਂ ਮਾਤਰਾ ਵਿੱਚ ਹੋਣੇ ਚਾਹੀਦੇ ਹਨ। ਭੋਜਨ ਤੋਂ ਬਾਅਦ ਜ਼ਰੂਰੀ ਹੈ ਕਸਰਤ। ਹਲਕੀ ਤੋਂ ਲੈ ਕੇ ਭਾਰੀ ਕਸਰਤ ਤੱਕ ਦੇ ਆਪਣੇ ਆਪਣੇ ਫਾਇਦੇ ਗਿਣਾਏ ਜਾ ਸਕਦੇ ਹਨ। ਕਸਰਤ ਆਪਣੀ ਸਮਰੱਥਾ ਮੁਤਾਬਕ ਅਤੇ ਸਰੀਰ ਮੁਤਾਬਕ ਹੋ ਸਕਦੀ ਹੈ। ਪਰ ਬਿਲਕੁਲ ਵੀ ਕਸਰਤ ਨਾ ਕਰਨਾ ਸਰੀਰ ਲਈ ਠੀਕ ਨਹੀਂ ਹੈ। ਉਪਰੰਤ ਸਰੀਰ ਨੂੰ ਨੀਂਦ ਅਤੇ ਆਰਾਮ ਦੀ ਵੀ ਜਰੂਰਤ ਹੁੰਦੀ ਹੈ।

ਇਸਦੇ ਨਾਲ ਸਰੀਰ ਨੂੰ ਮੁੜ ਊਰਜਾ ਮਿਲਦੀ ਹੈ। ਆਓ ਹੁਣ ਮਨ ਤੇ ਵੀ ਇਹੀ ਗੱਲਾਂ ਲਾਗੂ ਕਰ ਕੇ ਦੇਖੀਏ। ਪਹਿਲੀ ਗੱਲ ਪੌਸ਼ਟਿਕ ਭੋਜਨ ਦੀ। ਜਿਵੇਂ ਭੋਜਨ ਸਰੀਰ ਨੂੰ ਊਰਜਾ ਅਤੇ ਤਾਕਤ ਦਿੰਦਾ ਹੈ ਜਿਸ ਨਾਲ ਮਨੁੱਖੀ ਸਰੀਰ ਵਿਚਲੇ ਵਖ ਵਖ ਅੰਗ ਅਤੇ ਅੰਗ ਪ੍ਰਣਾਲੀਆਂ ਆਪਣਾ ਕੰਮ ਠੀਕ ਠਾਕ ਕਰਦੀਆਂ ਹਨ ਅਤੇ ਉਹਨਾਂ ਦਾ ਵਿਕਾਸ ਹੁੰਦਾ ਰਹਿੰਦਾ ਹੈ। ਸਰੀਰ ਦੇ ਅੰਦਰਲਾ ਕੁਦਰਤੀ ਸਿਸਟਮ ਆਪਣੇ ਆਪ ਜੀ ਭੋਜਨ ਵਿਚੋਂ ਜਰੂਰੀ ਤੱਤ ਲੈ ਲੈਂਦਾ ਹੈ। ਅਤੇ ਜੋ ਉਸਦੇ ਲਈ ਬੇਕਾਰ ਹੈ, ਉਸਨੂੰ ਬਾਹਰ ਕੱਢ ਦਿੰਦਾ ਹੈ। ਮਨ ਦੀ ਖੁਰਾਕ ਕਿਹੜੀ ਹੈ...? ਜੋ ਵੀ ਅਸੀਂ ਬਾਹਰੋਂ ਪੜ੍ਹਦੇ ਦੇਖਦੇ ਤੇ ਸੁਣਦੇ ਹਾਂ, ਉਸਦਾ ਪ੍ਰਭਾਵ ਸਾਡੇ ਮਨ ਵਿੱਚ ਜਾਂਦਾ ਹੈ। ਮਨ ਨੇ ਵੀ ਉਸ ਪ੍ਰਾਪਤ ਕੀਤੀਆਂ ਚੀਜ਼ਾਂ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ, ਉਸ ਵਿਚੋਂ ਚੰਗੀਆ ਅਤੇ ਉਸਦੇ ਆਪਣੇ ਕੰਮ ਆਉਣ ਵਾਲੇ ਵਿਚਾਰ,, ਸੋਚਾਂ ਅਤੇ ਕਲਪਨਾਵਾਂ ਨੂੰ ਰਖ ਲੈਣਾ ਹੈ, ਇਹਦੇ ਵਿਚੋਂ ਬੇਲੋੜਾ ਸਮਝੇ ਜਾਣ ਵਾਲਾ ਮੈਟਰ ਮਨ ਹੌਲੀ ਹੌਲੀ ਛਡਦਾ ਜਾਂਦਾ ਹੈ। ਜਿਵੇਂ ਅਸੀਂ ਸਰੀਰ ਲਈ ਖਾਣ ਪੀਣ ਵਾਲੇ ਪਦਾਰਥ ਚੰਗੀ ਤਰਾਂ ਦੇਖ ਪਰਖ ਕੇ ਹੀ ਖਾਂਦੇ ਹਾਂ। ਏਸੇ ਤਰਾਂ ਮਨ ਅੰਦਰ ਪਾਏ ਜਾਣ ਵਾਲੇ ਵਿਚਾਰ, ਸੋਚਾਂ ਅਤੇ ਕਲਪਨਾਵਾਂ ਆਦਿ ਨੂੰ ਵੀ ਫਿਲਟਰ ਕਰਨਾ ਅਤੇ ਜਾਂਚ ਕਰਨਾ ਬਹੁਤ ਜਰੂਰੀ ਹੁੰਦਾ ਹੈ। ਕੀ ਸੁਣਨਾ ਹੈ, ਕੀ ਸੋਚਣਾ ਹੈ, ਕੀ ਪੜ੍ਹਨਾ ਹੈ, ਕੀ ਦੇਖਣਾ ਹੈ, ਇਹ ਸਭ ਮਿਲ ਕੇ ਮਨ ਦੀ ਖੁਰਾਕ ਬਣਦੇ ਹਨ ਜਿਸ ਦਾ ਮਨ ਅੰਦਰ ਵਿਸ਼ਲੇਸ਼ਣ ਹੁੰਦਾ ਹੈ। ਜਿਵੇਂ ਗਲਤ ਖਾਧਾ ਪੀਤਾ ਸਰੀਰ ਨੂੰ ਨੁਕਸਾਨ ਕਰਦਾ ਹੈ, ਬਿਲਕੁਲ ਉਸੇ ਤਰਾਂ ਗਲਤ ਦੇਖਿਆ ਗਲਤ ਪੜ੍ਹਿਆ ਗਲਤ ਸੁਣਿਆ ਆਦਿ ਮਨ ਨੂੰ ਖਰਾਬ ਕਰਦੇ ਹਨ। ਮਨ ਕਈ ਤਰਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਹੈ। ਇਸ ਲਈ ਬਹੁਤ ਜਰੂਰੀ ਹੈ ਕਿ ਮਨ ਨੂੰ ਸੰਤੁਲਿਤ ਭੋਜਨ ਦਿੱਤਾ ਜਾਵੇ।

ਸਕਾਰਾਤਮਕ ਅਤੇ ਪ੍ਰੇਰਨਤਮਕ ਸੁੰਦਰ ਵਿਚਾਰ, ਚੰਗੀਆ ਸੋਚਾਂ, ਵਧੀਆ ਪੁਸਤਕਾਂ ਦਿੰਦੇ ਰਹਿਣ ਨਾਲ ਮਨ ਅਰੋਗ ਰਹਿ ਸਕਦਾ ਹੈ ਅਤੇ ਇਸਦਾ ਵਿਕਾਸ ਵੀ ਵਧੀਆ ਹੋ ਸਕਦਾ ਹੈ। ਚੰਗਾ ਪੜ੍ਹਨਾ ਅਤੇ ਦੇਖਣਾ(ਟੀਵੀ/ਮੋਬਾਈਲ ਤੋਂ) ਤਾਂ ਕਾਫੀ ਹੱਦ ਤੱਕ ਸਾਡੇ ਹੱਥ ਵਿੱਚ ਹੈ, ਪਰ ਚੰਗਾ ਸੁਣਨਾ ਪੂਰੀ ਤਰਾਂ ਸਾਡੇ ਹੱਥ ਵਿੱਚ ਨਹੀਂ। ਕੁਝ ਸਾਡੇ ਹੀ ਅਜੀਜ ਸਾਨੂੰ ਨਿੰਦਾ ਚੁਗਲੀ ਅਤੇ ਕੁਝ ਹੋਰ ਗਲਤ ਚੀਜ਼ਾਂ ਸੁਣਾਉਣ ਦੀ ਕੋਸ਼ਿਸ਼ ਕਰਦੇ ਹਨ ਜਿਸ ਨੂੰ ਅਸੀਂ ਚੰਗਾ ਨਾ ਸਮਝਦੇ ਹੋਏ ਵੀ ਉਸ ਅਜੀਜ ਨਾਲ ਜੁੜੇ ਰਹਿਣ ਲਈ ਉਸਨੂੰ ਸੁਣ ਲੈਂਦੇ ਹਾਂ। ਉਹ ਤਾਂ ਆਪਣੀ ਕਾਰਵਾਈ ਪਾ ਕੇ ਆਪਣੇ ਆਹਰੇ ਲੱਗਦਾ ਹੈ ਪਰ ਸਾਡੇ ਮਨ ਨੇ ਉਸ ਗਲਤ ਸੂਚਨਾ ਨੂੰ ਵੀ ਆਪਣੀ ਡਰਾਈਵ ਵਿਚ ਸੇਵ ਕਰ ਲਿਆ ਹੁੰਦਾ ਹੈ ਜਿਸ ਨਾਲ ਸਾਡੀ ਸੋਚਣੀ ਵੀ ਕੁਝ ਕੁਝ ਗਲਤ ਹੋ ਜਾਂਦੀ ਹੈ। ਇਸ ਤੋਂ ਬਚਣ ਲਈ ਸਾਨੂੰ ਸਖ਼ਤ ਸਟੈਂਡ ਲੈਣਾ ਪਵੇਗਾ। ਸੁਕਰਾਤ ਦਾ ਤਿੰਨ ਨੁਕਾਤੀ ਫਿਲਟਰ ਸ਼ਾਇਦ ਤੁਸੀਂ ਜਾਣਦੇ ਹੀ ਹੋਵੋ। ਉਸ ਕੋਲ ਜਦੋਂ ਵੀ ਕੋਈ ਦੋਸਤ ਕਿਸੇ ਹੋਰ ਦੀ ਚੁਗਲੀ ਕਰਨ ਲਈ ਜਾਂ ਹੋਰ ਕੋਈ ਗਲਤ ਸੂਚਨਾ ਦੇਣ ਲੱਗਦਾ ਹੀ ਸੀ ਤਾਂ ਸੁਕਰਾਤ ਕਹਿੰਦੇ, ਰੁਕ ਪਹਿਲਾਂ ਮੇਰੇ ਤਿੰਨ ਸਵਾਲਾਂ ਦੇ ਜਵਾਬ ਦੇ । ਪਹਿਲਾ , ਕੀ ਇਹ 100% ਸੱਚ ਹੈ ਜਾਂ ਤੂੰ ਅੱਖੀਂ ਦੇਖਿਆ ਹੈ , ਜੋ ਮੈਨੂੰ ਦੱਸਣ ਜਾ ਰਿਹਾ ਹੈਂ ? ਦੂਸਰਾ ਕੀ ਇਹ ਇੱਕ ਚੰਗੀ ਅਤੇ ਸਕਾਰਾਤਮਕ ਗੱਲ ਹੈ ?? ਤੀਸਰਾ ਕੀ ਇਸ ਨਾਲ ਮੈਨੂੰ ਕੋਈ ਲਾਭ ਮਿਲਣ ਵਾਲਾ ਹੈ ??? ਜੇ ਅਗਲਾ ਨਾਂਹ ਆਖਦਾ ਤਾਂ ਸੁਕਰਾਤ ਉਸਨੂੰ ਸੁਣਨ ਤੋਂ ਦ੍ਰਿੜ੍ਹਤਾ ਨਾਲ ਇਨਕਾਰ ਕਰ ਦਿੰਦੇ। ਸਾਨੂੰ ਵੀ ਇਹ ਸੋਚਣਾ ਚਾਹੀਦਾ ਹੈ ਕਿ ਉੱਪਰ ਲਿਖੇ ਤਿੰਨ ਨੁਕਤਿਆਂ ਵੱਲ ਧਿਆਨ ਦੇ ਕੇ ਹੀ ਗੱਲ ਸੁਣੀ ਜਾਵੇ। ਸਿਰਫ ਸਾਡਾ ਵਕਤ ਹੀ ਖਰਾਬ ਨਹੀਂ ਹੁੰਦਾ, ਸਗੋਂ ਸਾਡਾ ਮਨ ਵੀ ਵਿਕਾਰਾਂ ਨਾਲ ਭਰਦਾ ਹੈ। ਉਸ ਗਲਤ ਨੂੰ ਅੰਦਰ ਆਉਣ ਤੋਂ ਰੋਕਣਾ ਸਾਡਾ ਮੁੱਢਲਾ ਫਰਜ ਹੈ।



ਦੂਸਰਾ ਪੱਖ ਸੀ ਕਸਰਤ। ਜਿਵੇਂ ਸਰੀਰ ਦੇ ਸਾਰੇ ਅੰਗਾਂ ਨੂੰ ਵਧੇਰੇ ਦੇਰ ਤੱਕ ਠੀਕ ਤਰਾਂ ਕੰਮ ਕਰਦੇ ਰਹਿਣ ਲਈ ਉਹਨਾਂ ਲਈ ਵਖੋ ਵਖਰੀਆਂ ਕਸਰਤਾਂ ਦੱਸੀਆਂ ਜਾਂਦੀਆਂ ਹਨ। ਬਿਲਕੁਲ ਇਸੇ ਤਰਾਂ ਮਨ ਨੂੰ ਠੀਕ ਤਰ੍ਹਾਂ ਕੰਮ ਕਰਦੇ ਰਹਿਣ ਲਈ ਵੀ ਮਨ ਦੀਆਂ ਕਸਰਤਾਂ ਕਰਦੇ ਰਹਿਣ ਦੀ ਬਹੁਤ ਲੋੜ ਹੁੰਦੀ ਹੈ। ਬਹੁਤੇ ਵਿਅਕਤੀ ਆਪਣੀ ਰਸਮੀ ਸਿੱਖਿਆ ਨੂੰ ਖਤਮ ਕਰਨ ਤੋਂ ਬਾਅਦ ਕੁਝ ਵੀ ਸਿੱਖਣ ਦੀ ਕੋਸ਼ਿਸ਼ ਕਰਨੀ ਸੀ ਛਡ ਦਿੰਦੇ ਹਨ ਅਤੇ ਆਪਣੇ ਕੰਮ ਵਿੱਚ ਵੀ ਨਵੀਆਂ ਗੱਲਾਂ ਨਾ ਸਿੱਖ ਕੇ ਉਤਨੇ ਕੁ ਗਿਆਨ ਨਾਲ ਹੀ ਸੰਤੁਸ਼ਟ ਰਹਿ ਕੇ ਜਿੰਦਗੀ ਗੁਜਾਰ ਦਿੰਦੇ ਹਨ। ਇਹ ਬਿਲਕੁਲ ਵੀ ਠੀਕ ਨਹੀਂ ਹੈ। ਅੰਗਰੇਜੀ ਅਖਾਣ ਹੈ- Use it or lose it ..\ ਸਰੀਰ ਦੇ ਵੀ ਜਿਸ ਅੰਗ ਨੂੰ ਘਟ ਵਰਤਿਆ ਜਾਏਗਾ, ਉਸਦੀ ਕੁਸ਼ਲਤਾ ਘਟ ਹੋਏਗੀ। ਸੱਜਾ ਹੱਥ ਖੱਬੇ ਨਾਲੋਂ ਇਸ ਲਈ ਤੇਜ ਅਤੇ ਕੁਸ਼ਲ ਹੈ ਕਿਉਂਕਿ ਅਸੀਂ ਬਚਪਨ ਤੋਂ ਇਸਨੂੰ ਵਧੇਰੇ ਵਰਤਿਆ ਹੈ। ਇਹੀ ਗੱਲ ਮਨ ਤੇ ਵੀ ਲਾਗੂ ਹੁੰਦੀ ਹੈ। ਜਿਹੜੀ ਸੋਚ ਨੂੰ, ਵਿਚਾਰ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਰਹੇਗਾ, ਉਹ ਮਨ ਵਿਚ ਘਰ ਕਰਦੀ ਜਾਏਗੀ ਅਤੇ ਆਪਣੀ ਥਾਂ ਬਣਾ ਲੈਣ ਕਾਰਨ ਸਾਡੇ ਅਮਲ ਵੀ ਉਸ ਤਰਾਂ ਦੇ ਹੋ ਜਾਣਗੇ। ਸਾਨੂੰ ਗੁਰਬਾਣੀ ਜਾਂ ਧਾਰਮਿਕ ਬਚਨ ਬਾਰ ਬਾਰ ਪੜ੍ਹਦੇ ਰਹਿਣ ਦੀ ਨਸੀਹਤ ਇਸੇ ਲਈ ਦਿੱਤੀ ਜਾਂਦੀ ਹੈ। ਸਵੈ ਪ੍ਰੇਰਨਾ , ਅਜੋਕੀ ਮਨੋਵਿਗਿਆਨ ਦਾ ਸੰਕਲਪ ਹੈ ਜਿਸਦਾ ਭਾਵ ਇਹੋ ਹੈ ਕਿ ਮਨੁੱਖ ਨੇ ਆਪਣੇ ਆਪ ਨੂੰ ਚੰਗਾ ਕਰਨ ਚੰਗਾ ਬਣਨ ਲਈ ਹਮੇਸ਼ਾ ਚੰਗੀਆਂ ਨਸੀਹਤਾਂ ਆਪਣੇ ਆਪ ਨੂੰ ਦਿੰਦੇ ਰਹਿਣਾ ਹੈ। ਆਪਣੇ ਆਪ ਨੂੰ ਸਮਰਥ ਸਮਝਣਾ ਹੈ ਅਤੇ ਕੁਝ ਨੇਕ ਕਰਦੇ ਰਹਿਣ ਲਈ ਪ੍ਰੇਰਨਾ ਦਿੰਦੇ ਰਹਿਣਾ ਹੈ। ਮਨੋਵਿਗਿਆਨੀ ਆਖਦੇ ਹਨ ਕਿ 'ਝੂਠ ਨਾ ਬੋਲੋ' ਕਹਿਣ ਨਾਲੋਂ 'ਸਦਾ ਸੱਚ ਬੋਲੋ' ਦੀ ਪ੍ਰੇਰਨਾ ਜਿਆਦਾ ਲਾਭਦਾਇਕ ਹੈ। ਕਿਉਂਕਿ ਮਨੁੱਖੀ ਮਨ ਕਈ ਵਾਰ ਬੱਚੇ ਵਾਂਗ ਵਿਵਹਾਰ ਕਰਦਾ ਹੈ ਕਿ ਜਿਸ ਕੰਮ ਤੋਂ ਰੋਕੋ, ਉਸ ਵੱਲ ਖਿੱਚ ਵਧੇਰੇ ਹੋਣ ਕਾਰਨ ਉਹ ਕੰਮ ਕਰਨ ਦਾ ਤਜ਼ਰਬਾ ਕਰ ਬੈਠਦਾ ਹੈ। ਸੰਤੁਲਿਤ ਸੋਚ ਬਣਾਏ ਰੱਖਣ ਲਈ ਸਖ਼ਤ ਅਤੇ ਲਗਾਤਾਰ ਯਤਨ ਕਰਦੇ ਰਹਿਣ ਦੀ ਲੋੜ ਹੁੰਦੀ ਹੈ। ਲਗਾਤਾਰਤਾ ਲਈ ਸਿਰਫ ਇੱਕ ਦੋ ਉਦਾਹਰਣਾਂ ਕਾਫੀ ਹਨ। ਇੱਕ ਪੱਥਰ ਕਈ ਸਾਲ ਵੀ ਨਦੀ ਵਿੱਚ ਪਿਆ ਰਹੇ ਤਾਂ ਉਹ ਨਰਮ ਨਹੀਂ ਹੁੰਦਾ। ਪਰ ਉਸੇ ਪੱਥਰ ਤੇ ਲਗਾਤਾਰ ਪੈ ਰਹੀ ਪਾਣੀ ਦੀ ਹਲਕੀ ਜਿਹੀ ਧਾਰ ਵੀ ਉਸ ਥਾਂ ਤੇ ਹਲਕਾ ਜਿਹਾ ਟੋਆ ਪੈਦਾ ਕਰ ਦਿੰਦੀ ਹੈ ਕਿਉਂਕਿ ਇਸ ਧਾਰ ਨੇ ਪੱਥਰ ਨੂੰ ਤੋੜਿਆ ਨਹੀਂ, ਸਗੋਂ ਆਪਣੇ ਨਾਲ ਰੋੜ੍ਹਿਆ ਹੈ। ਲਗਾਤਾਰ ਦਿੱਤੀ ਹੋਈ ਪ੍ਰੇਰਨਾ ਵੀ ਮਨ ਤੇ ਇਹੀ ਅਸਰ ਪਾ ਸਕਦੀ ਹੈ। ਦੂਸਰੀ ਛੋਟੀ ਜਿਹੀ ਉਦਾਹਰਣ ਅਸੀਂ ਸਰੀਰਕ ਪੱਖ ਤੋਂ ਹੀ ਦੇਖ ਸਕਦੇ ਹਾਂ ਕਿ ਸਰਕਸ ਦੇ ਕਲਾਕਾਰ ਲਗਾਤਾਰ ਕੀਤੇ ਹੋਏ ਅਭਿਆਸ ਨਾਲ ਆਪਣੇ ਸਰੀਰ ਨੂੰ ਇੰਨਾ ਜਿਆਦਾ ਮੋੜ ਕੇ ਦਿਖਾ ਦਿੰਦੇ ਹਨ, ਜਿੰਨਾ ਅਸੀਂ ਸੋਚ ਵੀ ਨਹੀਂ ਸਕਦੇ। ਲਗਾਤਾਰ ਕੀਤਾ ਹੋਇਆ ਮਾਨਸਿਕ ਅਭਿਆਸ ਵੀ ਚਮਤਕਾਰ ਕਰ ਸਕਣ ਦੇ ਸਮਰੱਥ ਹੁੰਦਾ ਹੈ।

ਮਨ ਵੀ ਸਰੀਰ ਦੇ ਵਾਂਗ ਹੀ ਥੱਕਦਾ ਵੀ ਹੈ। ਇਸ ਨੂੰ ਵੀ ਆਰਾਮ ਦੀ ਲੋੜ ਹੁੰਦੀ ਹੈ। ਸਰੀਰ ਲਗਾਤਾਰ ਕੰਮ ਹੋਵੇ ਤਾਂ ਕੁਝ ਘੰਟੇ ਵਿਚ ਹੀ ਆਰਾਮ ਭਾਲਦਾ ਹੈ। ਸਾਡੀ ਅੱਜ ਦੀ ਰੁਝੇਵਿਆਂ ਭਰੀ ਅਤੇ ਭਜਦੌੜ ਦੀ ਜਿੰਦਗੀ ਵਿੱਚ ਮਾਨਸਿਕ ਦਬਾਅ ਅਤੇ ਤਣਾਅ ਬਹੁਤ ਜ਼ਿਆਦਾ ਹੈ। ਵਧੇਰੇ ਸੋਚਣਾ, ਹਮੇਸ਼ਾ ਗੰਭੀਰਤਾ ਨਾਲ ਹਰ ਮਸਲੇ ਨੂੰ ਲੈਣਾ ਅਤੇ ਚਿੰਤਾ ਲਗਾਈ ਰੱਖਣੀ ਸਾਡੇ ਮਨ ਦੀ ਕਾਰਜ ਕੁਸ਼ਲਤਾ ਘਟਾ ਦਿੰਦੀ ਹੈ। ਸਾਨੂੰ ਸਭ ਕੁਝ ਛਡ ਕੇ, ਸਾਰੀ ਚਿੰਤਾ ਛਡ ਕੇ ਆਰਾਮ ਵੀ ਕਰਨਾ ਆਉਣਾ ਚਾਹੀਦਾ ਹੈ। ਇਸ ਮਨ ਨੂੰ ਹਲਕੇ ਫੁਲਕੇ ਅੰਦਾਜ਼ ਵਿਚ ਮਸਤ ਰਹਿਣਾ ਵੀ ਆਉਣਾ ਚਾਹੀਦਾ ਹੈ। ਕਦੇ ਕਦੇ ਗੀਤ ਸੰਗੀਤ ਨਚਣਾ ਜਾਂ ਆਪਣੀ ਰੁਚੀ ਅਨੁਸਾਰ ਮਨ ਨੂੰ ਖੁਸ਼ ਰੱਖਣ ਨਾਲ ਮਾਨਸਿਕ ਊਰਜਾ ਕਾਫੀ ਵਧ ਜਾਂਦੀ ਹੈ। ਚੜ੍ਹਦੀ ਕਲਾ ਵਿਚ ਰਹਿਣਾ ਸਿਖਾਉਣ ਲਈ ਇਸ ਨੂੰ ਗੁਰਬਾਣੀ ਅਤੇ ਇਤਿਹਾਸ ਦੇ ਹਵਾਲਿਆ ਨਾਲ ਭਰਪੂਰ ਰੱਖਣਾ ਚਾਹੀਦਾ ਹੈ। ਜਿਸ ਵਿਅਕਤੀ ਨੇ ਮਨ ਨੂੰ ਆਰਾਮ ਦੇਣਾ ਸਿੱਖ ਲਿਆ, ਉਹ ਇਸ ਤੋਂ ਹੋਰ ਵੀ ਬਹੁਤ ਸਾਰੇ ਵਧੇਰੇ ਕੰਮ ਕਰਵਾ ਸਕਦਾ ਹੈ। ਕੁਝ ਨਵਾਂ ਸਿੱਖਦੇ ਰਹਿਣ ਦੀ ਤਾਂਘ ਹਮੇਸ਼ਾ ਲੱਗੀ ਰਹਿਣੀ ਚਾਹੀਦੀ ਹੈ। ਨਵੇਂ ਥਾਵਾਂ ਦੀ ਯਾਤਰਾ ਕਰਨੀ, ਨਵੇਂ ਲੋਕਾਂ ਨਾਲ ਮਿਲਣਾ, ਕੋਈ ਨਵਾਂ ਹੁਨਰ ਸਿੱਖਣਾ, ਨਵੀਂ ਭਾਸ਼ਾ ਸਿੱਖਣੀ ਇਹ ਸਭ ਮਨ ਨੂੰ ਨਵਿਆਉਂਦੇ ਰਹਿਣ ਲਈ ਜਰੂਰੀ ਹਨ। ਅਕਾਲ ਪੁਰਖ ਤੇ ਵਿਸ਼ਵਾਸ਼ ਰੱਖਣਾ, ਅਰਦਾਸ ਕਰਨੀ ਜਿੱਥੇ ਇਸ ਮਨ ਨੂੰ ਤਾਕਤ ਬਖਸ਼ਦੀ ਹੈ। ਉਥੇ ਆਏ ਸੰਕਟਾਂ ਵਿਚੋਂ ਨਿਕਲਣ ਲਈ ਵੀ ਹੌਸਲਾ ਦਿੰਦੀ ਹੈ। ਬਹੁਤੇ ਕਰਮ ਕਾਂਡ ਕਰਨ ਦੀ ਲੋੜ ਨਹੀਂ। ਪਰ ਕਿਸੇ ਅਦਿੱਖ ਸ਼ਕਤੀ ਨੂੰ ਸੁਪਰੀਮ ਮੰਨ ਲੈਣ ਨਾਲ ਜਿੱਥੇ ਮਨੁੱਖ ਹਉਮੈ ਤੋਂ ਬਚਦਾ ਹੈ, ਉੱਥੇ ਚੜ੍ਹਦੀ ਕਲਾ ਬਣਾਈ ਰੱਖਣ ਵਿਚ ਬਹੁਤ ਸਹਾਇਕ ਹੈ ਇਹ ਬਿਰਤੀ।

ਵੈਸੇ ਤਨ ਅਤੇ ਮਨ ਦਾ ਆਪਸੀ ਬਹੁਤ ਗੂੜ੍ਹਾ ਸੰਬੰਧ ਵੀ ਹੈ। ਇੱਕ ਦੇ ਬਿਮਾਰ ਹੋਣ ਨਾਲ ਦੂਜਾ ਬਿਮਾਰ ਹੋ ਜਾਂਦਾ ਹੈ ਅਤੇ ਇੱਕ ਦੀ ਮੁਸਕਰਾਹਟ ਦੂਜੇ ਨੂੰ ਖੇੜਾ ਬਖਸ਼ਦੀ ਹੈ। ਦੋਵਾਂ ਦਾ ਖਿਆਲ ਰੱਖਣਾ, ਦੋਹਾਂ ਦੀ ਸੰਭਾਲ ਕਰਨੀ, ਦੋਹਾਂ ਵੱਲ ਬਰਾਬਰ ਧਿਆਨ ਦੇਣਾ ਬਹੁਤ ਬਹੁਤ ਜ਼ਰੂਰੀ ਹੈ। ਅਕਸਰ ਦੇਖਿਆ ਇਹ ਗਿਆ ਹੈ ਕਿ ਅਸੀਂ ਸਰੀਰ ਵੱਲ ਤਾਂ ਧਿਆਨ ਦਿੰਦੇ ਹਾਂ ਅਤੇ ਹਲਕੀ ਜਿਹੀ ਬਿਮਾਰੀ ਆਉਣ ਤੇ ਵੀ ਟੈਸਟ ਕਰਵਾਉਣ ,ਦਵਾਈਆਂ ਲੈਣ ਅਤੇ ਮਾਹਿਰ ਡਾਕਟਰਾਂ ਦੀ ਸਲਾਹ ਲੈਣ ਲਈ ਦੌੜਦੇ ਹਾ। ਪਰ ਜਦੋਂ ਕਦੇ ਮਨ ਉਦਾਸ ਹੋਵੇ, ਮਨ ਨੂੰ ਚਿੰਤਾ ਘੇਰ ਲਵੇ, ਮਨ ਦੀਆਂ ਛੋਟੀਆਂ ਛੋਟੀਆਂ ਅਲਾਮਤਾਂ ਲਈ ਅਸੀਂ ਮਾਹਿਰ ਮਨੋਵਿਗਿਆਨੀ ਕੋਲ ਜਾਣਾ ਪਸੰਦ ਨਹੀਂ ਕਰਦੇ। ਕੀ ਤੁਸੀ ਕਦੇ ਸੁਣਿਆ ਹੈ ਕਿ ਕੋਈ ਵਿਅਕਤੀ ਕਿਸੇ ਮਨੋਵਿਗਿਆਨੀ ਕੋਲ ਜਾ ਕੇ ਕਹਿੰਦਾ ਹੋਵੇ ਕਿ ਉਸਨੂੰ ਬਹੁਤ ਛੇਤੀ ਗੁੱਸਾ ਆ ਜਾਂਦਾ ਹੈ। ਜਾਂ ਦੂਸਰੇ ਦੀ ਚੜ੍ਹਤ ਦੇਖ ਕੇ ਉਸ ਅੰਦਰ ਈਰਖਾ ਜਨਮ ਲੈਂਦੀ ਹੈ। ਆਦਿ ਆਦਿ। ਕਿਉਂ ਨਹੀਂ ?? ਕਿਉਂਕਿ ਅਸੀਂ ਮਨ ਦੀਆਂ ਬਿਮਾਰੀਆਂ ਨੂੰ ਕਦੇ ਬਿਮਾਰੀਆਂ ਸਮਝਿਆ ਹੀ ਨਹੀਂ ਹੈ। ਇਹ ਮੰਨ ਲੈਣਾ ਚਾਹੀਦਾ ਹੈ ਕਿ ਜਿਵੇਂ ਸਰੀਰਕ ਬਿਮਾਰੀਆਂ ਵਿਚ ਹਮੇਸ਼ਾ ਸਾਰਾ ਕੁਝ ਸਾਡੇ ਹੱਥ ਨਹੀਂ ਹੁੰਦਾ ਪਰ ਧਿਆਨ ਦੇਣ , ਦਵਾਈ ਦੇਣ ਅਤੇ ਬਕਾਇਦਾ ਇਲਾਜ ਕਰਵਾਉਣ ਨਾਲ ਅਸੀਂ ਨਾ ਕੇਵਲ ਜੀਵਾਣੂਆਂ ਵਿਸ਼ਾਣੂਆਂ ਦੇ ਹਮਲੇ ਤੋਂ ਹੀ ਬਚ ਸਕਦੇ ਹਾਂ ,ਸਗੋਂ ਅਪਰੇਸ਼ਨ ਕਰਵਾ ਕੇ ਕਦੇ ਟੁੱਟੇ ਅੰਗ ਵੀ ਮੁੜ ਕੰਮ ਕਰਨ ਲਗਾ ਲੈਂਦੇ ਹਾਂ। ਇਸੇ ਤਰਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਮਾਨਸਿਕ ਬਿਮਾਰੀਆਂ ਵੀ ਕਈ ਵਾਰੀ ਸਾਡੇ ਬਿਨਾਂ ਚਾਹੁੰਦੇ ਵੀ ਆ ਜਾਂਦੀਆਂ ਹਨ। ਪਰ ਇਥੇ ਵੀ ਪੂਰੇ ਸੁਚੇਤ ਹੋ ਕੇ ਸਾਨੂੰ ਮਨੋਵਿਗਿਆਨਕ ਟੈਸਟ ਕਰਵਾਉਣੇ ਚਾਹੀਦੇ ਹਨ। ਲੋੜ ਪੈਣ ਤੇ ਮਨੋਵਿਗਿਆਨਕ ਮਾਹਿਰਾਂ ਕੋਲੋਂ ਦਵਾਈ ਅਤੇ ਕਾਊਂਸਲਿੰਗ ਸੈਸ਼ਨ ਲੈਣੇ ਚਾਹੀਦੇ ਹਨ। ਜੇ ਕਿਤੇ ਸਾਡਾ ਵਿਸ਼ਵਾਸ਼ ਬਣ ਜਾਏ ਕਿ ਮਨੋਵਿਕਾਰਾਂ ਨੂੰ ਸੁਧਾਰਿਆ ਜਾ ਸਕਦਾ ਹੈ ਅਤੇ ਲਗਾਤਾਰ ਕਾਊਂਸਲਿੰਗ ਨਾਲ ਆਪਣੀ ਸੋਚ ਨੂੰ ਵੀ ਬਦਲਿਆ ਜਾ ਸਕਦਾ ਹੈ, ਤਾਂ ਬਹੁਤ ਸਾਰੇ ਸਾਡੇ ਰਿਸ਼ਤੇ ਟੁੱਟਣੋਂ ਬਚ ਸਕਦੇ ਹਨ। ਬਹੁਤ ਸਾਰੇ ਡਿਪਰੈੱਸ਼ਨ ਦੇ ਮਰੀਜ ਆਤਮ ਹੱਤਿਆ ਵਰਗੇ ਵਿਚਾਰਾਂ ਤੋਂ ਛੁਟਕਾਰਾ ਪਾ ਸਕਦੇ ਹਨ। ਪਰ ਇੱਕ ਗੱਲ ਜੋ ਸਾਨੂੰ ਆਪ ਹੀ ਸਿੱਖਣੀ ਪਏਗੀ ,ਉਹ ਹੈ ਕਿ ਮਾਨਸਿਕ ਵਿਕਾਰਾਂ ਤੇ ਵੀ ਯਤਨਾਂ ਨਾਲ ਕਾਬੂ ਪਾਇਆ ਜਾ ਸਕਦਾ ਹੈ। ਮਨੋਵਿਗਿਆਨਕ ਕਾਊਂਸਲਿੰਗ ਦੀ ਮਹਤਤਾ ਨੂੰ ਪਹਿਚਾਨਣਾ ਬਹੁਤ ਜਰੂਰੀ ਹੈ। ਅਸੰਭਵ ਕੁਝ ਵੀ ਨਹੀਂ, ਔਖਾ ਹੋ ਸਕਦਾ ਹੈ। ਪਰ ਸੁਹਿਰਦ ਯਤਨ, ਠੀਕ ਅਗਵਾਈ, ਸਿੱਖਣ ਦੀ ਲਗਨ ਅਤੇ ਲਗਾਤਾਰਤਾ ਕੀ ਨਹੀਂ ਕਰ ਸਕਦੀ ???ਸਵੈ ਪੂਰਨਤਾ ਦੀ ਇੱਛਾ ਨਾਲ ਸਵੈ ਪ੍ਰੇਰਨਾ ਦਿੰਦੇ ਰਹੀਏ। ਕੁਝ ਕਰੋ ਤੇ ਨਾ ਕਰੋ ਦੇ ਤਰੀਕੇ ਸਿੱਖ ਕੇ ਅਸੀਂ ਇਸ ਅਮੋੜ ਅਤੇ ਚੰਚਲ ਕਹੇ ਜਾਂਦੇ ਮਨ ਨੂੰ ਵੀ ਤੀਰ ਵਾਂਗ ਸਿੱਧਾ ਕਰ ਸਕਦੇ ਹਾਂ। ਵਾਹਿਗੁਰੂ ਸਾਡੇ ਯਤਨਾਂ ਵਿੱਚ ਬਰਕਤ ਪਾਵੇ। ਅਸੀਂ ਸਵੈ ਸੁਧਾਰ ਲਈ ਅੱਜ ਤੋਂ ਹੀ ਅਰੰਭ ਕਰ ਦੇਈਏ।

# ਅਭੁੱਲ ਯਾਦਾਂ



ਫੁਰਸਤ ਦੇ ਪਲਾਂ 'ਚ, ਇਕੱਲਾ ਬੈਠਾ ਮੈਂ, ਅਕਸਰ ਆਪਣੇ ਅਤੀਤ 'ਚ ਗੁਆਚ ਜਾਂਦਾ ਹਾਂ। ਚੰਚਲ ਮਨ ਦੀ ਉਡਾਰੀ, ਕੁੱਝ ਹੀ ਪਲਾਂ 'ਚ, ਮੇਰੇ ਬਚਪਨ, ਸਕੂਲ, ਕਾਲਿਜ ਤੇ ਵਿਦੇਸ਼ਾਂ 'ਚ ਕੀਤੇ ਸੰਘਰਸ਼ ਦੀਆਂ ਅਨੇਕਾਂ ਯਾਦਾਂ ਤਾਜ਼ਾ ਕਰ ਜਾਂਦੀ ਹੈ। ਪਿੰਡ, ਸਕੂਲ, ਕਾਲਜ ਜ਼ਿੰਦਗੀ 'ਚ ਕਿਤੇ ਵੀ ਵਿਚਰਦਿਆਂ ਸਾਨੂੰ ਕਿੰਨੇ ਸਾਥੀ ਮਿਲਦੇ ਹਨ ਤੇ ਵਿਛੜ ਜਾਂਦੇ ਨੇ। ਪਰ ਜ਼ਿੰਦਗੀ 'ਚ ਕਈ ਸਾਥੀ/ਦੋਸਤ ਐਸੇ ਵੀ ਮਿਲਦੇ ਹਨ ਜੋ ਵਿਛੜ ਕੇ ਵੀ ਹਮੇਸ਼ਾ ਲਈ ਯਾਦਾਂ 'ਚ ਵਸ ਜਾਂਦੇ ਹਨ।

1978 'ਚ ਬੀ ਏ ਕਰਨ ਤੋਂ ਬਾਅਦ ਮੈਂ ਦੁਬੱਈ ਜਾਣ ਲਈ ਬੰਬੇ (ਮੁੰਬਈ) ਗਿਆ ਹੋਇਆ ਸੀ। ਉੱਥੇ ਦੁਬਈ ਜਾਣ ਵਾਲੇ ਅਸੀਂ 7..8..ਮੁੰਡੇ ਏਜੰਟ ਵਲੋਂ ਦਿੱਤੇ ਇਕ ਕਮਰੇ 'ਚ ਰਿਹਾ ਕਰਦੇ ਸੀ। ਅਕਸਰ ਸ਼ਾਮ ਨੂੰ ਅਸੀਂ ਹੋਰ ਲੋਕਾਂ ਦੇ ਨਾਲ ਬਾਹਰ ਸੜਕ ਕਿਨਾਰੇ ਬਣੀ 3 ਕੁ ਫੁੱਟ ਉੱਚੀ ਕੰਧ ਤੇ ਬੈਠ ਜਾਇਆ ਕਰਦੇ ਸੀ। ਇਕ ਦਿਨ ਅਸੀਂ ਦੋ ਦੋਸਤ ਕੰਧ 'ਤੇ ਬੈਠੇ ਸੀ ਕਿ ਮੇਰੇ ਨਾਲ ਵਾਲਾ ਸਾਥੀ ਸਾਹਮਣੇ ਦੁਕਾਨ ਤੋਂ ਸਿਗਰਟ ਲੈ ਆਇਆ। (ਉਸ ਨੂੰ ਅੱਜ ਤੱਕ ਕਿਸੇ ਨੇ ਵੀ ਸਿਗਰਟ ਪੀਂਦੇ ਨਹੀਂ ਦੇਖਿਆ ਸੀ) ਮੈਂ ਹੈਰਾਨੀ ਜਹੀ ਨਾਲ ਉਸ ਨੂੰ ਪੁੱਛਿਆ ਕਿ ਤੂੰ ਸਿਗਰਟ ਪੀਂਦਾਂ? ਉਹ ਮੇਰੇ ਵੱਲ ਨੂੰ ਸਿਗਰਟ ਕਰਦਾ ਹੋਇਆ ਦੱਸਣ ਲੱਗਾ ਕਿ ਇਹ ਸਿਗਰਟ ਬਹੁਤ ਵਧੀਆ ਹੈ, ਇਹ ਐਸੀ ਹੈ, ਇਹ ਵੈਸੀ ਹੈ। ਉਸ ਦੀਆਂ ਗੱਲਾਂ ਸੁਣ ਕੇ ਪਤਾ ਨਹੀਂ ਮੇਰੇ ਦਿਲ 'ਚ ਕੀ ਆਇਆ ਕਿ ਮੈਂ ਸਿਗਰਟ ਫੜ੍ਹਨ ਲਈ ਹੱਥ ਵਧਾ ਦਿੱਤਾ। ਪਰ ਇਸ ਤੋਂ ਪਹਿਲਾਂ ਕਿ ਮੈਂ ਸਿਗਰਟ ਫੜ੍ਹਦਾ ਅਚਾਨਕ ਮੇਰਾ ਦੋਸਤ ਦਲਜੀਤ ਸਿੰਘ (ਪਿੰਡ ਕਾਹਨਾਂ ਢੇਸੀਆਂ) ਪਤਾ ਨਹੀਂ ਕਿੱਧਰੋਂ ਆਇਆ, ਉਸ ਨੇ ਜੁੱਤੀ ਲਾਹ ਕੇ ਮੇਰੇ ਹੱਥ ਤੇ ਦੇ ਮਾਰੀ। ਕਹਿੰਦਾ ਪਾਉਨਾਂ ਤੇਰੇ ਘਰ ਨੂੰ ਚਿੱਠੀ। ਮੈਂ ਉੱਥੋਂ ਉਠਿਆ ਤੇ ਕਮਰੇ 'ਚ ਆ ਗਿਆ। ਸਵੇਰੇ ਚਾਹ ਪੀਂਦੇ ਦਲਜੀਤ ਕਹਿਣ ਲੱਗਾ ਕਿ ਗੁੱਸਾ ਨਾ ਕਰੀਂ ਯਾਰ, ਮੈਨੂੰ ਜੁੱਤੀ ਨਹੀਂ ਸੀ ਮਾਰਨੀ ਚਾਹੀਦੀ। ਮੈਂ ਕਿਹਾ ਨਹੀਂ ਯਾਰ, ਤੈਨੂੰ ਦੋ ਚਾਰ ਹੋਰ ਮਾਰਨੀਆਂ ਚਾਹੀਦੀਆਂ ਸਨ। ਅਹਿਸਾਨਮੰਦ ਹਾਂ ਤੇਰਾ, ਅੱਜ ਤੂੰ ਮੈਨੂੰ ਕਲੰਕ ਤੋਂ ਬਚਾ ਲਿਆ। ਮਹੀਨਾਂ ਕੁ ਬਾਅਦ ਮੈ ਦੁਬਈ ਚਲਾ ਗਿਆ। ਉਸ ਤੋਂ ਬਾਅਦ ਅਸੀਂ ਕਦੇ ਨਹੀਂ ਮਿਲੇ। ਪਰ ਦਲਜੀਤ ਸਿੰਘ ਅੱਜ ਵੀ ਮੇਰੀਆਂ ਯਾਦਾਂ 'ਚ ਵਸਿਆ ਹੋਇਆ ਹੈ।

ਇਸੇ ਤਰ੍ਹਾਂ ਦੁਬਈ 'ਚ ਮੈਂ ਖੱਲੀ-ਬੱਲੀ (ਆਪਣੀ ਵੀਜ਼ੇ ਵਾਲੀ ਕੰਪਨੀ ਛੱਡ ਕੇ ਦੂਸਰੀ ਕੰਪਨੀ 'ਚ ਕੰਮ ਕਰਨਾਂ) ਹੋ ਕੰਮ ਕਰਦਾ ਹੋਇਆ ਆਬੂ ਧਾਬੀ ਦੇ ਸ਼ਹਿਰ ਅਲੈਨ 'ਚ ਇਕ ਪਾਕਿਸਤਾਨੀ ਕੰਪਨੀ ਅਲ ਨਾਸਰ 'ਚ ਚਲਾ ਗਿਆ। ਪਹਿਲੇ ਦਿਨ 'ਚ ਹੀ ਬਾਰ ਬੈਂਡਰ ਚਾਰਜਹੈਂਡ ਨਵਾਜ ਖਾਨ ਮੇਰਾ ਦੋਸਤ ਬਣ ਗਿਆ। ਦੂਸਰੇ ਦਿਨ ਮੈਂ ਨਵਾਜ ਖਾਨ ਨੂੰ ਆਪਣੀ ਤਨਖਾਹ ਲਗਵਾਉਣ ਲਈ ਕਿਹਾ ਤਾਂ ਉਹ ਕਹਿੰਦਾ ਕਿ ਸੰਧੂ ਸਾਹਿਬ ਨੂੰ ਆਉਣ ਦੇ, ਉਹਦੇ ਨਾਲ ਗੱਲ ਕਰਾਂਗੇ। ਮੈਂ ਸੋਚਾਂ 'ਚ ਪੈ ਗਿਆ ਕਿ ਪਾਕਿਸਤਾਨੀ ਕੰਪਨੀ 'ਚ ਸਿੱਖ ਇੰਜੀਨੀਅਰ? ਖੈਰ ਅਗਲੇ ਦਿਨ ਨੌਂ ਕੁ ਵਜੇ ਨਵਾਜ ਕਹਿਣ ਲੱਗਾ ਕਿ ਸੰਧੂ ਸਾਹਿਬ ਆ ਗਏ, ਤੂੰ ਆਪਣੇ ਧਿਆਨ 'ਚ ਕੰਮ ਕਰਦਾ ਰਹਿ। ਮੈਂ ਗੱਲ ਕਰਦਾਂ ਤੇਰੇ ਰੇਟ ਬਾਰੇ। ਪੰਜ ਕੁ ਮਿੰਟ ਬਾਅਦ ਨਵਾਜ ਖਾਨ ਨੇ ਮੈਨੂੰ ਅਵਾਜ ਮਾਰੀ, 'ਸਰਦਾਰ'। ਮੈਂ ਨਜ਼ਰ ਘੁਮਾ ਕੇ ਦੇਖਿਆ ਤਾਂ ਨਸਵਾਰੀ ਸਲਵਾਰ ਕਮੀਜ਼ 'ਚ ਛੇ ਫੁੱਟਾ ਜੁਆਨ ਸੰਧੂ ਮੇਰੇ ਵੱਲ ਦੇਖ ਰਿਹਾ ਸੀ। ਉਸ ਸਮੇਂ ਤੱਕ ਮੈਨੂੰ ਨਹੀਂ ਸੀ ਪਤਾ ਕਿ ਸਾਡੀ ਜ਼ੁਬਾਨ ਹੀ ਨਹੀਂ ਸਾਡੇ ਕਈ ਗੋਤ ਵੀ ਲਹਿੰਦੇ ਪੰਜਾਬ ਨਾਲ ਸਾਂਝੇ ਹਨ।

ਮੇਰਾ ਟਾਈਮ ਕਾਰਡ ਫੜੀ ਸੰਧੂ ਨੇ ਮੇਰੇ ਵਲ ਦੇਖਦਿਆਂ ਪੁੱਛਿਆ,"ਸਰਦਾਰ ਆਂ ? "

"ਹਾਂ ਜੀ '

ਤੇਰੀ ਪੱਗ ਕਿੱਥੇ ਆ?

ਮੈਂ ਚੁੱਪ ਰਿਹਾ।

ਮੇਰੇ ਟਾਈਮ ਕਾਰਡ ਤੇ 40 ਦਰਾਮ ਪ੍ਰਤੀ ਦਿਨ ਤਨਖਾਹ ਲਿਖ ਕੇ ਕਹਿਣ ਲੱਗਾ ਕਿ ਮੈਂ ਦੂਰੋਂ ਤੇਰਾ ਕੰਮ ਦੇਖਿਆ ਵਧੀਆ ਕਾਰੀਗਰ ਆਂ ਤੂੰ। ਜੇ ਤੇਰੇ ਸਿਰ ਤੇ ਪੱਗ ਹੁੰਦੀ ਸਰਦਾਰ ਤਾਂ ਮੈਂ ਤੈਨੂੰ 45 ਰੁਪੈ ਦਿੰਦਾ। ਵੈਸੇ ਇਸ ਕੰਪਨੀ 'ਚ 40 ਦਰਾਮ ਤੋਂ ਜ਼ਿਆਦਾ ਕਿਸੇ ਵਰਕਰ ਦੀ ਤਨਖਾਹ ਨਹੀਂ ਸੀ। (ਦੁਬਈ 'ਚ ਅਸੀਂ ਤੇ ਪਾਕਿਸਤਾਨੀ ਆਪਸ ਗੱਲ ਕਰਦੇ ਦਰਾਮ ਨੂੰ ਰੁਪਿਆ ਹੀ ਕਿਹਾ ਕਰਦੇ ਸੀ। ) ਇਸ ਕੰਪਨੀ ਮੈਂ 10..11.. ਮਹੀਨੇ ਕੰਮ ਕੀਤਾ ਸੀ। ਉਸ ਤੋਂ ਬਾਅਦ ਮੈਂ ਕਦੇ ਸੰਧੂ ਸਾਹਿਬ ਨੂੰ ਨਹੀਂ ਮਿਲਿਆ। ਪਰ ਅੱਜ ਜਦੋਂ ਮੈਂ ਪੱਗ ਬੰਨ੍ਹਦਾ ਹਾਂ, ਮੈਨੂੰ ਲੱਗਦਾ ਹੈ ਕਿ ਨਸਵਾਰੀ ਸਲਵਾਰ ਕਮੀਜ਼ 'ਚ ਛੇ ਫੁੱਟ ਲੰਬਾ ਗੱਭਰੂ ਸੰਧੂ ਮੇਰੇ ਆਸੇ ਪਾਸੇ ਹੀ ਖੜ੍ਹਾ ਹੈ ਕਿਤੇ।



ਗੁਰਦੀਪ ਸਿੰਘ ਮੁਕੱਦਮ
ਪਿੰਡ ਲਧਾਣਾ ਝਿੱਕਾ
9878160133

# ਨੇਪਾਲ ਵਿੱਚ ਸੋਸ਼ਲ ਮੀਡੀਆ ਦੀ ਸੁਲਗਦੀ ਅੱਗ??

ਸੋਸ਼ਲ ਮੀਡੀਆ 'ਤੇ ਸਰਕਾਰੀ ਪਾਬੰਦੀ, ਜੁਬਾਨਬੰਦੀ, ਭ੍ਰਿਸ਼ਟਾਚਾਰ ਆਦਿ ਮੁੱਦਿਆਂ ਨੂੰ ਲੈ ਕੇ ਨੇਪਾਲ ਦੇ ਨੌਜਵਾਨਾਂ ਦਾ ਸਰਕਾਰ ਖਿਲਾਫ ਰੋਹ ਭੜਕ ਉੱਠਿਆ ਹੈ। ਦੀਆਂ ਵੀ ਆਈਆਂ, ਜੋ ਭਿਆਨਕ ਰੂਪ ਧਾਰਨ ਵਾਲੀਆ ਸਨ, ਕਈ ਵੀਡਿਓ ਰਾਜਧਾਨੀ ਕਾਠਮੰਡੂ ਵਿੱਚ ਦੇਸ਼ ਦੀ ਸੰਸਦ ਨੇੜੇ ਦੀਆ ਵੀ ਆਈਆਂ । ਜੋ ਭਿਆਨਕ ਸਨ, ਨੇਪਾਲੀ ਹਕੂਮਤ ਨੇ ਫੌਜ ਤੇ ਪੁਲਸ ਦੀ ਮਦਦ ਨਾਲ਼ ਨੌਜਵਾਨਾਂ ਉੱਤੇ ਭਿਅੰਕਰ ਜਬਰ ਕੀਤਾ ਹੈ। ਹੁਣ ਤੱਕ 14 ਲੋਕਾਂ ਦੀ ਮੌਤ ਦੀ ਖਬਰ ਹੈ। ਸ੍ਰੀ ਲੰਕਾ, ਬੰਗਲਾਦੇਸ਼ ਤੋਂ ਬਾਅਦ ਨੇਪਾਲ ਤੀਜਾ ਗੁਆਂਢੀ ਮੁਲਕ ਹੈ ਜਿੱਥੇ ਪਿਛਲੇ ਸਮੇਂ ਵਿੱਚ ਨੌਜਵਾਨੀ ਦਾ ਹਕੂਮਤ ਖਿਲਾਫ ਅਜਿਹਾ ਰੋਹ ਦੇਖਣ ਨੂੰ ਮਿਲ਼ਿਆ ਹੈ। ਨੇਪਾਲ ਦੀਆਂ ਤਾਜਾ ਘਟਨਾਵਾਂ ਨੂੰ ਜਿਆਦਾਤਰ ਮੀਡੀਏ ਨੇ ਸੋਸ਼ਲ ਮੀਡੀਆ ਨੂੰ ਲੈ ਕੇ ਹੋਏ ਮੁਜਾਹਰੇ ਦੱਸਿਆ ਹੈ। ਕਈਆਂ ਨੇ ਤਾਂ ਐਥੋਂ ਤੱਕ ਕਿਹਾ ਵੀ ਵੇਖੋ ਨੇਪਾਲ ਦੇ ਨੌਜਵਾਨ ਸੋਸ਼ਲ ਮੀਡੀਏ ਦੇ ਕਿੰਨੇ ਆਦੀ ਨੇ ਵੀ ਮਾੜੀ ਜਿਹੀ ਪਾਬੰਦੀ ਲੱਗਣ ਉੱਤੇ ਇਸ ਤਰ੍ਹਾਂ ਸੜਕਾਂ ਉੱਤੇ ਆ ਗਏ ! ਪਰ ਇਹ ਸੱਚ ਨਹੀਂ ਹੈ।

ਚਾਰ ਦਿਨ ਪਹਿਲਾਂ ਨੇਪਾਲ ਸਰਕਾਰ ਨੇ ਅਚਾਨਕ 26 ਸੋਸ਼ਲ ਮੀਡੀਆ ਮੰਚਾਂ 'ਤੇ ਪਾਬੰਦੀ ਲਾ ਦਿੱਤੀ ਸੀ। ਬੰਦ ਕੀਤੇ ਐਪਾਂ ਵਿੱਚ ਫੇਸਬੁੱਕ, ਵਟਸਐਪ, ਇੰਸਟਾਗ੍ਰਾਮ, ਯੂਟਿਊਬ ਅਤੇ ਰੈਡਿਟ ਸ਼ਾਮਲ ਹਨ। ਸਰਕਾਰ ਦਾ ਦਾਅਵਾ ਸੀ ਵੀ ਇਹ ਪਾਬੰਦੀ ਉਹਨਾਂ ਵੱਲੋਂ ਰਜਿਸਟ੍ਰੇਸ਼ਨ ਅਤੇ ਟੈਕਸਾਂ ਬਾਰੇ ਸਰਕਾਰੀ ਨੇਮਾਂ ਦਾ ਪਾਲਣ ਨਾ ਕਰਨ ਕਰਕੇ ਲਾਈ ਗਈ ਹੈ। ਪਰ ਇਸ ਪਾਬੰਦੀ ਦਾ ਅਸਲ ਮਕਸਦ ਜੁਬਾਨਬੰਦੀ ਸੀ, ਸਰਕਾਰ ਨੂੰ ਤਿੱਖੇ ਸਵਾਲ ਕਰਨ ਵਾਲੀਆਂ ਅਵਾਜਾਂ ਦੀ ਸੈਂਸਰਸ਼ਿਪ ਕਰਨਾ ਸੀ। ਪਾਬੰਦੀ ਤੋਂ ਅਗਲੇ ਦੋ ਦਿਨਾਂ ਵਿੱਚ ਦੇਸ਼ ਦੇ ਵੱਡੇ ਹਿੱਸੇ ਵਿੱਚ ਗੁੱਸਾ ਫੈਲ ਗਿਆ, ਖਾਸਕਰ ਨੌਜਵਾਨ ਤਬਕੇ ਵਿੱਚ ,ਤੇ 8 ਸਤੰਬਰ ਨੂੰ ਮੁਜਾਹਰਿਆਂ ਲਈ ਦਿਨ ਤੈਅ ਕੀਤਾ ਗਿਆ। ਪਰ ਇਹ ਗੁੱਸਾ ਸਿਰਫ ਸੋਸ਼ਲ ਮੀਡੀਆ ਬਾਰੇ ਨਹੀਂ ਸੀ। ਸੋਸ਼ਲ ਮੀਡੀਆ ਉੱਤੇ ਪਾਬੰਦੀ ਤਾਂ ਸਿਰਫ ਚੰਗਿਆੜੀ ਸੀ ਜਿਸਨੇ ਸਾਲਾਂ ਤੋਂ



ਪਣਪ ਰਹੇ ਲੋਕਾਂ ਦੇ ਗੁੱਸੇ ਨੂੰ ਭਾਂਬੜ ਬਣਾ ਦਿੱਤਾ। ਨੇਪਾਲੀ ਲੋਕਾਂ ਨੇ ਰਾਜਾ ਸ਼ਾਹੀ ਖਿਲਾਫ ਲੰਬੀ ਲੜਾਈ ਲੜੀ ਹੈ। ਨੱਬੇਵਿਆਂ ਦੇ ਦਹਾਕੇ ਵਿੱਚ ਲੋਕ ਲਹਿਰ ਦੀ ਸ਼ੁਰੂਆਤ ਹੋਈ ਤੇ ਲੰਬੇ ਘੋਲ਼ ਰਾਹੀਂ ਆਖਰ 2008 ਵਿੱਚ 239 ਸਾਲ ਪੁਰਾਣੀ ਰਾਜਾਸ਼ਾਹੀ ਦਾ ਖਾਤਮਾ ਕਰ ਦਿੱਤਾ ਗਿਆ। ਪਰ ਰਾਜਾਸ਼ਾਹੀ ਦੇ ਖਾਤਮੇ ਮਗਰੋਂ ਨੇਪਾਲ ਵਿੱਚ ਸਰਮਾਏਦਾਰਾ ਜਮਹੂਰੀਅਤ ਹੀ ਕਾਇਮ ਹੋਈ ਤੇ ਸਦੀਆਂ ਤੋਂ ਚੱਲੀਆਂ ਆ ਰਹੀਆਂ ਗਰੀਬੀ, ਗੈਰ-ਬਰਾਬਰੀ ਜਿਹੀਆਂ ਅਲਾਮਤਾਂ ਵਿੱਚ ਕੋਈ ਵਿਸ਼ੇਸ਼ ਸੁਧਾਰ ਨਹੀਂ ਹੋਇਆ। ਜਿਹੜੇ ਸੁਪਨੇ ਦੇਖੇ ਗਏ ਸਨ ਉਹ ਸਾਕਾਰ ਨਹੀਂ ਹੋਏ। ਅੱਧਖੜ੍ਹ ਉਮਰ ਦੇ ਨੇਪਾਲੀਆਂ ਵਿੱਚ ਇਸ ਯੁੱਧ ਦੀਆਂ ਯਾਦਾਂ, ਉਸ ਵੇਲ਼ੇ ਵੇਖੇ ਗਏ ਸੁਪਨਿਆਂ ਦਾ ਟੁੱਟਣਾ ਤੇ ਬਿਲਕੁਲ ਨਵੀਂ ਪੀੜ੍ਹੀ ਦਾ ਬੇਹੱਦ ਗੈਰ-ਬਰਾਬਰ ਤੇ ਭ੍ਰਿਸ਼ਟ ਸਿਸਟਮ ਵਿੱਚ ਵੱਡੇ ਹੋਣਾ, ਇਸ ਸਭ ਨੇ ਨੇਪਾਲੀ ਪ੍ਰਬੰਧ ਤੋਂ ਉਹਨਾਂ ਦਾ ਭਰੋਸਾ ਚੁੱਕ ਦਿੱਤਾ ਹੈ। ਮੌਜੂਦਾ ਮੁਜਾਹਰਿਆਂ ਵਿੱਚ "ਨੇਪੋ ਬਾਲਾਂ" ਦੇ ਨਾਂ ਤੋਂ ਟਰੈਂਡ ਚੱਲਿਆ। ਨੇਪੋ ਬਾਲਾਂ ਦਾ ਮਤਲਬ ਸਿਆਸੀ ਲੀਡਰਾਂ ਦੀਆਂ ਵਿਗੜੀਆਂ ਔਲਾਦਾਂ ਜਿਹੜੀਆਂ ਆਪਣੇ ਮਾਂ ਪਿਓ ਦੀ ਪਹੁੰਚ ਕਰਕੇ ਹਰ ਸੁੱਖ-ਸਹੂਲਤ ਤੇ ਐਸ਼ੋ-ਅਰਾਮ ਮਾਣ ਰਹੀਆਂ ਨੇ। ਅਜਿਹੀਆਂ ਪੋਸਟਾਂ, ਰੀਲਾਂ, ਖਬਰਾਂ ਟਰੈਂਡ ਹੋਈਆਂ ਜਿਹਨਾਂ ਵਿੱਚ ਇਹਨਾਂ ਵਿਗੜੇ ਬਾਲਾਂ ਦੇ ਲੱਖਾਂ ਰੁਪਏ ਦੇ ਡਿਜਾਈਨਰ ਕੱਪੜੇ, ਬੈਗ, ਘੜੀਆਂ ਦੀ ਚਰਚਾ ਹੋਈ, ਇਹਨਾਂ ਦੀਆਂ ਮਹਿੰਗੀਆਂ ਕਾਰਾਂ, ਕਰੋੜਾਂ ਦੀਆਂ ਕੋਠੀਆਂ ਉੱਤੇ ਗੁੱਸਾ ਕੱਢਿਆ ਜਾਣ ਲੱਗਿਆ। ਕਹਿਣ ਨੂੰ ਖੁਦ ਪ੍ਰਧਾਨ ਮੰਤਰੀ ਓਲੀ ਦੀ ਤਨਖਾਹ 65 ਹਜਾਰ ਹੈ ਪਰ ਉਹਦੀ ਮਾਲਕੀ ਲੱਖਾਂ ਡਾਲਰਾਂ ਵਿੱਚ ਹੈ। ਪਹਿਲਾਂ ਤੋਂ ਤੁਰੀ ਆਉਂਦੀ ਗਰੀਬੀ, ਗੈਰ-ਬਰਾਬਰੀ, ਬੇਰੁਜਗਾਰੀ ਤੇ ਉੱਪਰੋਂ ਨਵੇਂ ਹਾਕਮਾਂ ਦਾ ਭ੍ਰਿਸ਼ਟਾਚਾਰ ਤੇ ਇਹਨਾਂ ਦੀਆਂ ਔਲਾਦਾਂ ਵੱਲੋਂ ਦੌਲਤ ਦਾ ਅਸ਼ਲੀਲ ਨਾਚ - ਇਹ ਮੁੱਖ ਕਾਰਨ ਸਨ ਜਿਹਨਾਂ ਨੇ ਸੋਸ਼ਲ ਮੀਡੀਆ ਵਾਲ਼ੀ ਚੰਗਿਆੜੀ ਨੂੰ ਭਾਂਬੜ ਬਣਾ ਦਿੱਤਾ।

ਇਹਨਾਂ ਮੁਜਾਹਰਿਆਂ ਵਿੱਚ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਪੁਲਸੀਆ ਤਸ਼ੱਦਦ ਨੇ ਕੀਤਾ। ਪੰਦਰਾਂ ਸਾਲਾਂ ਦੇ ਸਕੂਲੀ ਮੁੰਡਿਆਂ ਦੇ ਸਿੱਧੇ ਮੱਥੇ ਵਿੱਚ ਗੋਲੀ ਮਾਰਨ ਦੇ ਮਾਮਲੇ ਵੀ ਸਾਹਮਣੇ ਆਏ ਨੇ। ਪੁਲਸੀਆ ਜਬਰ ਵਿੱਚ ਲਗਭਗ ਦੋ ਦਰਜਨ ਮੌਤਾਂ ਹੋਈਆਂ ਹਨ, ਹਜਾਰਾਂ ਜਖਮੀ ਨੇ। ਅੰਦਰੋਂ ਭਰੇ ਹੋਏ ਲੋਕਾਂ ਨੇ ਦਹਾਕਿਆਂ ਦਾ ਗੁਬਾਰ ਕੱਢ ਦਿੱਤਾ ਹੈ।

ਇਸ ਸਾਰੇ ਹਾਲਾਤ ਲਈ ਨੇਪਾਲ ਦੇ ਹਾਕਮ ਜੁੰਮੇਵਾਰ ਨੇ, ਨੇਪਾਲ ਦਾ ਸਿਆਸੀ ਸਮਾਜੀ ਪ੍ਰਬੰਧ ਜੁੰਮੇਵਾਰ ਹੈ। ਪ੍ਰਧਾਨ ਮੰਤਰੀ ਤੇ ਹੋਰਾਂ ਵੱਲੋਂ ਅਸਤੀਫੇ ਤੋਂ ਬਾਅਦ ਫਿਲਹਾਲ ਕਮਾਨ ਫੌਜ ਨੇ ਸੰਭਾਲ ਲਈ ਹੈ। ਇਸ ਤਰ੍ਹਾਂ ਇਹ ਲਹਿਰ ਵੀ ਬੰਗਲਾਦੇਸ਼ ਤੇ ਸ੍ਰੀ ਲੰਕਾ ਵਾਂਗੂੰ, ਬਿਨਾਂ ਬੁਨਿਆਦੀ ਤਬਦੀਲੀ ਦੇ ਖਤਮ ਹੋਣ ਦੇ ਰਾਹ ਪੈ ਗਈ ਹੈ। ਕਈ ਪਿਛਾਖੜੀ ਤਾਕਤਾਂ ਵੀ ਇਸ ਮੌਕੇ ਦਾ ਪੂਰਾ ਲਾਭ ਲੈਣ ਦੀ ਕੋਸ਼ਿਸ਼ ਵਿੱਚ ਲੱਗੀਆਂ ਹਨ। ਇਹ ਹਰ ਆਪ ਮੁਹਾਰੀ ਉੱਠੀ ਲਹਿਰ ਦੀ ਹੋਣੀ ਹੁੰਦੀ ਹੈ। ਨੇਪਾਲੀ ਲੋਕਾਂ ਦੀ ਇਸ ਲਹਿਰ ਦਾ ਖਾਸਾ ਵੀ ਆਪ ਮੁਹਾਰਾ ਸੀ। ਬਿਨਾਂ ਜਥੇਬੰਦ ਇਨਕਲਾਬੀ ਤਾਕਤ ਦੀ ਅਗਵਾਈ ਦੇ ਇਸ ਤਰ੍ਹਾਂ ਦੀਆਂ ਵੱਡੀਆਂ, ਮਿਸਾਲੀ ਲਹਿਰਾਂ ਵੀ ਆਖਰ ਨੂੰ ਕੁੱਲ ਪ੍ਰਬੰਧ ਵਿੱਚ ਜਜ਼ਬ ਹੋ ਕੇ ਰਹਿ ਜਾਂਦੀਆਂ ਨੇ। ਪਰ ਜੋ ਨੇਪਾਲੀ ਲੋਕਾਂ ਨੇ ਪਿਛਲੇ ਦਿਨਾਂ ਵਿੱਚ ਹਾਸਲ ਕੀਤਾ ਉਹ ਮਿਸਾਲੀ ਹੈ।



ਦਹਾਕਿਆਂ ਦੀ ਖੇਡ ਦਿਨਾਂ ਵਿੱਚ ਖੇਡੀ ਗਈ ਹੈ। ਲਾਜਮੀ ਹੀ ਇਸ ਲਹਿਰ ਵਿੱਚੋਂ ਅਜਿਹਾ ਹਿੱਸਾ ਵੀ ਉੱਭਰੇਗਾ ਜਿਹੜਾ ਸਹੀ ਸਮਝ, ਸੂਝ ਨਾਲ ਲੈਸ ਹੋ ਕੇ ਜਥੇਬੰਦ ਹੋਵੇਗਾ ਤੇ ਭਵਿੱਖ ਦੀਆਂ ਲਹਿਰਾਂ ਦੀ ਅਗਵਾਈ ਕਰੇਗਾ। ਨੇਪਾਲ ਦੇ ਨੌਜਵਾਨਾਂ ਨੇ ਪ੍ਰਧਾਨ ਮੰਤਰੀ ਕੇਪੀ ਓਲਾ ਦੇ ਘਰ ਨੂੰ ਅੱਗ ਲਾ ਦਿੱਤੀ ਹੈ। ਜਾਣਕਾਰੀ ਮੁਤਾਬਕ ਓਲੀ ਵੀ ਸ਼ੇਖ ਹਸੀਨਾ ਤੇ ਸ੍ਰੀ ਲੰਕਾ ਦੇ ਰਾਜਪਕਸੇ ਵਾਂਗੂੰ ਦੇਸ਼ ਛੱਡਣ ਦੀ ਤਿਆਰੀ ਕਰ ਰਿਹੇ। ਅਜਿਹੇ ਦ੍ਰਿਸ਼ ਵਰ੍ਹਿਆਂ ਜਾਂ ਦਹਾਕਿਆਂ ਮਗਰੋਂ ਦੇਖੀਦੇ ਨੇ ਪਰ ਅਸੀਂ ਅਜਿਹੇ ਸਮੇਂ ਵਿੱਚ ਜਿਉਂ ਰਹੇ ਆਂ ਜਿੱਥੇ ਦੋ ਕੁ ਸਾਲਾਂ ਵਿੱਚ ਹੀ ਤੀਜੀ ਵਾਰੀ ਆਪਣੇ ਗੁਆਂਢ ਵਿੱਚ ਅਜਿਹਾ ਨਜ਼ਾਰਾ ਦੇਖ ਰਹੇ ਹਾਂ ! ਵਿਕਾਊ ਮੀਡੀਆ ਇਹਨਾਂ ਮੁਜਾਹਰਿਆਂ ਨੂੰ ਮਹਿਜ ਸੋਸ਼ਲ ਮੀਡੀਆ ਵਾਸਤੇ ਹੋਏ ਮੁਜਾਹਰੇ ਦੱਸ ਰਿਹਾ ਹੈ।

ਗੱਲ ਭਾਵੇਂ ਸੋਸ਼ਲ ਮੀਡੀਏ 'ਤੇ ਪਾਬੰਦੀ ਲਾਉਣ ਤੋਂ ਭੜਕੀ ਸੀ ਪਰ ਅਸਲ ਗੁੱਸਾ ਨੇਪਾਲ ਦੇ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਅਤੇ ਵਿਕਾਊ ਮੀਡੀਏ ਦਾ ਸੀ। ਜੋ ਸੱਚ ਨੂੰ ਦਬਾਅ ਕੇ ਝੂਠੇ ਬਿਰਤਾਂਤ ਸਿਰਜ ਰਿਹਾ ਸੀ। ਸਿੱਟੇ ਵਜੋਂ ਵੱਡੇ ਪੱਧਰ 'ਤੇ ਹਿੰਸਾ ਹੋਈ। ਕਈ ਜਾਨਾਂ ਗਈਆਂ ਤੇ ਸਰਕਾਰੀ ਜਾਇਦਾਦ ਦਾ ਨੁਕਸਾਨ ਹੋਇਆ। ਸਾਬਕਾ ਪੀਐਮ ਦੀ ਪਤਨੀ ਨੂੰ ਜਿਉਂਦਿਆਂ ਸਾੜ ਦਿੱਤਾ ਗਿਆ ਤੇ ਕਈ ਮੰਤਰੀਆਂ ਨੂੰ ਭਜਾ-ਭਜਾ ਕੁੱਟਿਆ ਗਿਆ। ਹਾਰ ਕੇ ਪ੍ਰਧਾਨ ਮੰਤਰੀ ਨੂੰ ਅਸਤੀਫ਼ਾ ਦੇਣਾ ਤੇ ਦੇਸ਼ ਛੱਡ ਕੇ ਨੱਸਣਾ ਪੈ ਗਿਆ। ਖਾਸ ਗੱਲ, ਇਸ ਤਖਤ ਪਲਟ ਦੀ ਅਗਵਾਈ ਮੁਖ ਰੂਪ ਵਿੱਚ ਉਸ ਨਸਲ ਨੇ ਕੀਤੀ, ਜਿਸ ਨੂੰ 'ਜੈਨ ਜੀ' ਕਹਿ ਕੇ ਸਦਾ ਉਸ ਦਾ ਮਜ਼ਾਕ ਉਡਾਇਆ ਜਾਂਦਾ ਹੈ। ਕੋਈ ਸ਼ੱਕ ਨਹੀਂ, ਇਹੋ ਜਿਹੀਆਂ ਸਥਿਤੀਆਂ ਸਾਡੇ ਦੇਸ਼ ਅਤੇ ਪੰਜਾਬ ਅੰਦਰ ਵੀ ਬਣੀਆਂ ਹੋਇਆਂ ਨੇ। ਸਿਆਸੀ ਭਰਿਸ਼ਟਾਚਾਰ ਸਿਖਰ 'ਤੇ ਹੈ ਤੇ ਦੇਸ਼ ਦੀ ਸਾਰੀ ਆਰਥਿਕਤਾ ਕੁਝ ਕਾਰਪੋਰੇਟ ਘਰਾਣਿਆਂ ਦੀ ਨਿੱਜੀ ਜਾਇਦਾਦ ਬਣ ਕੇ ਰਹਿ ਗਈ ਹੈ। ਦੇਸ਼ ਦਾ ਗੋਦੀ ਮੀਡੀਆ ਸੱਤਾ ਨੂੰ ਸਵਾਲ ਕਰਨ ਦੀ ਬਜਾਏ ਇਸ ਦੇ ਝੂਠ ਨੂੰ ਸੱਚ ਬਣਾਉਣ 'ਤੇ ਤੁਲਿਆ ਹੈ। ਸੱਤਾ ਦਾ ਸਿੱਧਾ ਫਰਮੂਲਾ ਹੈ, ਜਾਂ ਮੀਡੀਏ ਨੂੰ ਖਰੀਦ ਲਓ, ਜਾਂ ਡਰਾ ਲਓ। ਨਹੀਂ ਡਰਦਾ ਤਾਂ ਪਰਚੇ ਪਾ ਕੇ ਚੁੱਪ ਕਰਾ ਲਓ। ਪੰਜਾਬ ਅੰਦਰ ਵੀ ਇਹ ਵਰਤਾਰਾ ਇਸ ਵੇਲੇ ਸਿਖਰ 'ਤੇ ਹੈ। ਫਿਰ ਉਹ ਇੱਕ ਅਜਿਹੀ ਭੀੜ ਹੁੰਦੇ ਨੇ ਜਿਸ ਦੀ ਕੋਈ ਦਿਸ਼ਾ ਨਹੀਂ ਹੁੰਦੀ। ਕੋਈ ਸਮਾਜਿਕਤਾ ਨਹੀਂ ਹੁੰਦੀ। ਉਹ ਭੀੜ ਮਾਰਦੀ ਵੀ ਹੈ ਤੇ ਸਾੜਦੀ ਵੀ ਹੈ। ਨੇਪਾਲ ਦੇ ਤਖਤਾ ਪਲਟ ਹੋਇਆ ,ਭੜਕੇ ਹੋਏ ਲੋਕਾਂ ਨੇ ਉੱਥੋਂ ਦੇ ਇੱਕ ਵੱਡੇ ਗੋਦੀ ਮੀਡੀਆ ਦਫ਼ਤਰ ਨੂੰ ਅੱਗ ਲਾ ਕੇ ਫੂਕ ਦਿੱਤਾ।

ਪਰ ਲੋਕਾਂ ਦੇ ਦਿਲ ਵਿੱਚ ਬਲਦੀ ਅੱਗ ਸੀ ਜੋ ਇੱਕ ਨਾ ਇੱਕ ਦਿਨ ਲਾਂਬੂ ਬਣ ਕੇ ਬਾਹਰ ਆਉਣੀ ਵੀ ਸੀ, ਸਿਰਫ ਇੱਕ ਚਿੰਗਾਰੀ ਦੀ ਲੋੜ ਸੀ ਜੋ ਸੋਸ਼ਲ ਮੀਡੀਆ ਤੇ ਐਪ ਬੰਦ ਹੋਣ ਤੇ ਲੱਗ ਗਈ। ਪਰ ਜੋ ਕੁਝ ਨੇਪਾਲ ਵਿੱਚ ਹੋਇਆ ਕਿਸ ਤਰ੍ਹਾਂ ਮੰਤਰੀਆਂ ਦੇ ਘਰਾਂ ਵਿੱਚ ਵੜ ਕੇ ਉਹਨਾਂ ਨੂੰ ਭਜਾ ਭਜਾ ਕੇ ਕੁੱਟਿਆ ਗਿਆ ਇੱਕ ਮੰਤਰੀ ਦੀ ਘਰਵਾਲੀ ਨੂੰ ਜਿਉਂਦੀ ਨੂੰ ਅੱਗ ਲਗਾ ਦਿੱਤੀ ਗਈ ਜਿੱਥੋਂ ਤੱਕ ਅਸੀਂ ਖ਼ਬਰਾਂ ਵਿੱਚ ਸੁਣ ਰਹੇ ਹਾਂ ਕਿ ਸ਼ਾਇਦ ਇੱਕ ਮੰਤਰੀ ਦੇ ਘਰਵਾਲੀ ਦੇ ਗੋਲੀ ਵੀ ਮਾਰੀ ਗਈ ਜਦੋਂ ਇਹ ਲਹਿਰ ਚਲਦੀ ਹੈ ਤਾਂ ਸਾਹਮਣੇ ਆਉਂਦਾ ਤੇ ਇਸ ਤੂਫਾਨ ਦੇ ਅੱਗੇ ਜੋ ਵੀ ਆਉਂਦਾ ਹੈ ਉਹ ਇਸ ਅੱਗ ਦੀ ਬਲੀ ਚੜ੍ਹ ਜਾਂਦਾ ਹੈ ਜਿਸ ਤਰਹਾਂ ਮੰਤਰੀਆਂ ਦੀ ਦੁਰਦਸ਼ਾ ਕੀਤੀ ਗਈ, ਅਸੀਂ ਨਹੀਂ ਕਹਿੰਦੇ ਕਿ ਉਹ ਸਹੀ ਸੀ ਪਰ ਜੋ ਕੁਝ ਵੀ ਹੋਇਆ ਉਹ ਗਲਤ ਵੀ ਸੀ ਤਖਤਾ ਪਲਟ ਹੋ ਗਿਆ ਸਾਡੇ ਗੁਆਂਢੀ ਦੇਸ਼ਾਂ ਦੀ ਤੀਜੇ ਦੇਸ਼ ਦੇ ਹਮਲਾ ਹੋਇਆ ਜਿਸ ਵਿੱਚ ਭੜਕੀ ਹੋਈ ਭੀੜ ਨੂੰ ਕਾਬੂ ਕਰਨਾ ਫੌਜ ਦੇ ਵਸ ਵਿੱਚ ਵੀ ਨਹੀਂ ਸੀ। ਇਹ ਇਕੱਲਾ ਸੋਸ਼ਲ ਮੀਡੀਆ ਦਾ ਗੁਵਾਰ ਨਹੀਂ ਸੀ, ਇਹ ਸਾਲਾਂ ਬੱਧੀ ਸੁਲਗ ਲਈ ਰਹੇ ਉ ਅੱਗ ਦਾ ਸੀ ਜੋ ਹੁਣ ਲਾਂਬੂ ਬਣ ਕੇ ਬਾਹਰ ਆਇਆ ਹੈ।



ਡਾ.ਦਵਿੰਦਰ ਕੌਰ ਖੁਸ਼ ਧਾਲੀਵਾਲ,ਖੋਜਕਾਰ,
ਧੂਰਕੋਟ,ਮੋਗਾ
88472 27740

# ਅਧਿਆਪਕ....



ਅਧਿਆਪਕ ਨੂੰ ਕੌਮ ਦਾ ਨਿਰਮਾਤਾ ਕਿਹਾ ਜਾਂਦਾ ਹੈ। ਅਧਿਆਪਕ ਦੀ ਜਿੰਮੇਵਾਰੀ ਬਹੁਤ ਵੱਡੀ ਹੈ। ਉਸਨੇ ਆਪਣੇ ਵਿਦਿਆਰਥੀਆਂ ਨੂੰ ਨਾ ਸਿਰਫ ਲਿਖਣਾ ਪੜ੍ਹਨਾ ਸਿਖਾਉਣਾ ਹੁੰਦਾ ਹੈ ਬਲਕਿ ਉਹਨਾਂ ਨੂੰ ਜ਼ਿੰਦਗੀ ਜਿਉਣਾ ਵੀ ਸਿਖਾਉਣਾ ਹੁੰਦਾ ਹੈ। ਸਾਡੇ ਪੰਜਾਬ ਵਿੱਚ ਅਧਿਆਪਕ ਸਿਰਫ ਅਧਿਆਪਕ ਵੀ ਨਹੀਂ ਹੋਰ ਵੀ ਬਹੁਤ ਸਾਰੇ ਕੰਮਾਂ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਕੋਈ ਮਰਦਮ ਸ਼ੁਮਾਰੀ ਹੋਵੇ, ਪਰਾਲੀ ਨਾ ਸਾੜਨ ਬਾਰੇ ਜਾਣਕਾਰੀ ਦੇਣੀ ਹੋਵੇ ਜਾਂ ਜਾਣਕਾਰੀ ਇਕੱਠੀ ਕਰਨੀ ਹੋਵੇ, ਕਰੋਨਾ ਕਾਲ ਵਿੱਚ ਡਿਊਟੀਆਂ ਹੋਣ, ਕਿਤੇ ਚੋਣਾਂ ਹੋਣ, ਕਿਸੇ ਵੀ ਕਿਸਮ ਦਾ ਸਰਵੇ ਕਰਨਾ ਹੋਵੇ, ਹੜ ਦੌਰਾਨ ਕੰਟਰੋਲ ਰੂਮ ਵਿੱਚ ਡਿਊਟੀ ਦੇਣੀ ਹੋਵੇ, ਬੀਐਲਓ ਦੀ ਡਿਊਟੀ ਹੋਵੇ,ਪਿੰਡ ਵਿੱਚ ਪਖਾਨਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਹਰ ਕੰਮ ਅਧਿਆਪਕ ਦੇ ਜਿੰਮੇ ਹੁੰਦਾ ਹੈ। ਅਧਿਆਪਕ ਹਰ ਕੰਮ ਨੂੰ ਪੂਰੀ ਜਿੰਮੇਵਾਰੀ ਨਾਲ ਨਿਭਾਉਂਦਾ ਵੀ ਹੈ। ਪੜ੍ਹਾਈ ਦੇ ਨਾਲ ਨਾਲ ਇਸਨੂੰ ਬੱਚਿਆਂ ਨੂੰ ਸਮਾਜਿਕ ਰੂਪ ਵਿੱਚ ਵੀ ਸਿੱਖਿਆ ਦੇਣੀ ਹੁੰਦੀ ਹੈ। ਬੱਚਿਆਂ ਨੂੰ ਇਹ ਦੱਸਣਾ ਹੋਵੇ ਕਿ ਨਸ਼ੇ ਸਾਡਾ ਕੀ ਨੁਕਸਾਨ ਕਰਦੇ ਹਨ, ਆਲੇ ਦੁਆਲੇ ਨੂੰ ਸਾਫ ਸੁਥਰਾ ਕਿਵੇਂ ਰੱਖਿਆ ਜਾ ਸਕਦਾ ਹੈ, ਕਿਵੇਂ ਅਸੀਂ ਆਪਣੇ ਸਮਾਜ ਨਾਲ ਰਲ ਮਿਲ ਕੇ ਚੱਲਣਾ ਹੈ, ਤੰਦਰੁਸਤ ਰਹਿਣਾ ਹੈ ਇਹ ਸਭ ਕੁਝ ਅਧਿਆਪਕ ਅਹਿਮ ਭੂਮਿਕਾ ਨਿਭਾਉਂਦੇ ਹਨ। ਅਧਿਆਪਕ ਲਈ ਬੱਚੇ ਸਕੂਲ ਦੀ ਰੌਣਕ ਹਨ।

ਅਕਸਰ ਇਹ ਵੇਖਿਆ ਹੈ ਕਿ ਜਦੋਂ ਕਦੇ ਅਧਿਆਪਕਾਂ ਨੂੰ ਕੁਦਰਤੀ ਆਪਦਾ ਕਰਕੇ ਛੁੱਟੀਆਂ ਹੋ ਜਾਂਦੀਆਂ ਹਨ ਤਾਂ ਸਮਾਜ ਦਾ ਬਹੁਤ ਵੱਡਾ ਵਰਗ ਉਹਨਾਂ ਦਾ ਮਜ਼ਾਕ ਉਡਾਉਣ ਲੱਗਦਾ ਹੈ। ਇਹ ਗੱਲ ਸਮਝਣ ਦੀ ਜ਼ਰੂਰਤ ਹੈ ਕਿ ਉਹ ਛੁੱਟੀਆਂ ਅਧਿਆਪਕਾਂ ਕਰਕੇ ਨਹੀਂ ਹੁੰਦੀਆਂ ਤੁਹਾਡੇ ਬੱਚਿਆਂ ਕਰਕੇ ਹੁੰਦੀਆਂ ਹਨ। ਤੁਹਾਡੇ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਦੇ ਮੱਦੇ ਨਜ਼ਰ ਹੀ ਇਹ ਛੁੱਟੀਆਂ ਕੀਤੀਆਂ ਜਾਂਦੀਆਂ ਹਨ। ਅੱਤ ਦੀ ਗਰਮੀ ਵਿੱਚ, ਅੱਤ ਦੀ ਸਰਦੀ ਵਿੱਚ, ਹੜਾਂ ਦੌਰਾਨ ਜਾਂ ਅਜਿਹੀ ਕਿਸੇ ਹੋਰ ਹਾਲਾਤ ਵਿੱਚ ਕੀਤੀਆਂ ਗਈਆਂ ਛੁੱਟੀਆਂ ਸਿਰਫ ਬੱਚਿਆਂ ਲਈ ਹੁੰਦੀਆਂ ਹਨ। ਅਧਿਆਪਕ ਨੂੰ ਤਾਂ ਹਮੇਸ਼ਾ ਇਸ ਦਾ ਨੁਕਸਾਨ ਹੀ ਹੁੰਦਾ ਹੈ ਕਿਉਂਕਿ ਉਸਨੇ ਜਿਹੜਾ ਸਿਲੇਬਸ ਉਹਨਾਂ ਦਿਨਾਂ ਵਿੱਚ ਕਰਾਉਣਾ ਹੁੰਦਾ ਹੈ ਉਹ ਉਸਨੂੰ ਬਾਅਦ ਵਿੱਚ ਕਰਵਾਉਣਾ ਪੈਂਦਾ ਹੈ।

ਬਹੁਤ ਵਾਰ ਇਹ ਦੇਖਿਆ ਹੈ ਕਿ ਜਦੋਂ ਕੋਈ ਬੱਚਾ ਬਿਮਾਰ ਹੋ ਜਾਂਦਾ ਹੈ ਤੇ ਉਸਦੇ ਘਰਦਿਆਂ ਨੂੰ ਫੋਨ ਕੀਤਾ ਜਾਂਦਾ ਹੈ ਘਰ ਦੇ ਅੱਗੋਂ ਜਵਾਬ ਦਿੰਦੇ ਹਨ ਕਿ ਤੁਸੀਂ ਸਾਂਭੋ ਅਸੀਂ ਕੰਮ ਤੇ ਹਾਂ। ਅਧਿਆਪਕ ਦੀ ਜਾਨ ਉਸ ਵੇਲੇ ਤੱਕ ਟੰਗੀ ਰਹਿੰਦੀ ਹੈ ਜਦ ਤੱਕ ਬੱਚਾ ਠੀਕ ਠਾਕ ਆਪਣੇ ਘਰ ਪਹੁੰਚ ਨਹੀਂ ਜਾਂਦਾ। ਅੱਜਕੱਲ ਜਦੋਂ ਮਾਪਿਆਂ ਨੂੰ ਇਹ ਕਿਹਾ ਜਾਂਦਾ ਹੈ ਕਿ ਬੱਚੇ ਘਰੋਂ ਕੰਮ ਨਹੀਂ ਕਰਕੇ ਲਿਆਉਂਦੇ ਤਾਂ ਬੱਚੇ ਦੇ ਮਾਤਾ ਪਿਤਾ ਅੱਗੋਂ ਇਹ ਜਵਾਬ ਦਿੰਦੇ ਹਨ ਕਿ ਸਾਡੀ ਤਾਂ ਇਹ ਗੱਲ ਹੀ ਨਹੀਂ ਸੁਣਦਾ। ਦੱਸੋ ਅਧਿਆਪਕ ਕਿੱਧਰ ਨੂੰ ਜਾਵੇ। ਡੰਡਾ ਉਸ ਤੋਂ ਖੋਹ ਲਿਆ ਗਿਆ। ਡੰਡਾ ਸਿਰਫ ਮਾਰਨ ਲਈ ਨਹੀਂ ਸੀ ਇੱਕ ਤਰ੍ਹਾਂ ਦਾ ਡਰ ਸੀ। ਅਧਿਆਪਕ ਦੀ ਇੱਜ਼ਤ ਜਦ ਮਾਂ ਬਾਪ ਹੀ ਨਹੀਂ ਕਰਦੇ ਤਾਂ ਬੱਚੇ ਕੀ ਕਰਨਗੇ। ਜਿੱਥੇ ਸਾਰਾ ਸਮਾਜ ਹੀ ਅਧਿਆਪਕ ਦਾ ਮਜ਼ਾਕ ਉਡਾਉਂਦਾ ਹੈ ਉਥੇ ਇਹ ਕਿਵੇਂ ਸੰਭਵ ਹੈ ਕਿ ਅਧਿਆਪਕ ਇੱਜ਼ਤ ਦੀ ਜ਼ਿੰਦਗੀ ਜੀ ਸਕੇ। ਇਸ ਵਾਰ ਜੋ ਹੜਾਂ ਦੀ ਮਾਰ ਪੰਜਾਬ ਨੇ ਸਹੀ ਹੈ ਉਸ ਵਿੱਚ ਹਰ ਹਿਰਦਾ ਦੁਖੀ ਹੈ। ਅਧਿਆਪਕ ਵੀ ਉਹਨਾਂ ਵਿੱਚੋਂ ਹੀ ਹਨ। ਸਕੂਲਾਂ ਵਿੱਚ ਛੁੱਟੀਆਂ ਬੱਚਿਆਂ ਦੀ ਸੁਰੱਖਿਆ ਲਈ ਹੋਈਆਂ ਹਨ। ਕੱਲ ਸਕੂਲ ਖੁੱਲਣੇ ਹਨ ਜੇਕਰ ਕਿਸੇ ਬੱਚੇ ਨਾਲ ਕੋਈ ਦੁਰਘਟਨਾ ਵਾਪਰ ਜਾਂਦੀ ਹੈ ਤਾਂ ਉਸਦੇ ਜਿੰਮੇਵਾਰੀ ਅਧਿਆਪਕ ਦੇ ਜਾਂ ਮੁਖੀ ਦੇ ਸਿਰ ਹੋਵੇਗੀ। ਇਸ ਗੱਲ ਨੂੰ ਸਮਝਣ ਦੀ ਜਰੂਰਤ ਹੈ।

ਮਜ਼ਾਕ ਬਣਾਉਣਾ ਬੜਾ ਸੌਖਾ ਹੈ। ਇਹ ਕਹਿ ਦੇਣਾ ਕਿ ਇਹ ਛੁੱਟੀਆਂ ਉਡੀਕਦੇ ਹਨ ਇਹ ਵੀ ਬਹੁਤ ਸੌਖਾ ਹੈ ਪਰ ਜਦੋਂ ਉਹੀ ਅਧਿਆਪਕ ਅੰਤਾਂ ਦੀ ਧੁੰਦ ਵਿੱਚ ਦੂਰ ਦੁਰਾਡੇ ਪਿੰਡਾਂ ਵਿੱਚ ਤੁਹਾਡੇ ਬੱਚਿਆਂ ਨੂੰ ਪੜਾਉਣ ਜਾਂਦੇ ਹਨ ਉਸ ਵੇਲੇ ਦੀ ਉਹਨਾਂ ਦੀ ਮੁਸ਼ਕਿਲ ਵੀ ਕਦੀ ਸਮਝ ਲਿਆ ਕਰੋ। ਅਧਿਆਪਕ ਤੁਹਾਡੇ ਬੱਚਿਆਂ ਨੂੰ ਤਾਲੀਮ ਦਿੰਦੇ ਹਨ। ਤਾਲੀਮ ਹੀ ਮਨੁੱਖ ਨੂੰ ਮਨੁੱਖ ਬਣਾਉਂਦੀ ਹੈ।

ਅਧਿਆਪਕ ਹੋਣਾ ਸੌਖਾ ਨਹੀਂ।

ਹਰਪ੍ਰੀਤ ਕੌਰ ਸੰਧੂ

ਪੰਜਾਬ ਸਟਾਰ
www.punjabstar.com

# ਹਾਕੀ: ਭਾਰਤ ਨੇ ਚੌਥੀ ਵਾਰ ਏਸ਼ੀਆ ਕੱਪ ਜਿੱਤਿਆ

## ਵਿਸ਼ਵ ਕੱਪ ਲਈ ਕੀਤਾ ਕੁਆਲੀਫਾਈ





ਦਿਲਪ੍ਰੀਤ ਸਿੰਘ ਦੇ ਦੋ ਗੋਲਾਂ ਸਦਕਾ ਭਾਰਤੀ ਪੁਰਸ਼ ਹਾਕੀ ਟੀਮ ਨੇ ਦੱਖਣੀ ਕੋਰੀਆ ਨੂੰ ਫਾਈਨਲ ਵਿੱਚ 4-1 ਨਾਲ ਹਰਾ ਕੇ ਚੌਥੀ ਵਾਰ ਏਸ਼ੀਆ ਕੱਪ ਦਾ ਖ਼ਿਤਾਬ ਆਪਣੇ ਨਾਮ ਕੀਤਾ ਹੈ। ਇਸ ਦੇ ਨਾਲ ਹੀ ਭਾਰਤੀ ਟੀਮ ਨੇ ਅਗਲੇ ਸਾਲ ਹੋਣ ਵਾਲੇ ਵਿਸ਼ਵ ਕੱਪ ਲਈ ਵੀ ਕੁਆਲੀਫਾਈ ਕਰ ਲਿਆ ਹੈ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਏਸ਼ੀਆ ਕੱਪ ਜਿੱਤਣ 'ਤੇ ਸ਼ਾਨਦਾਰ ਪ੍ਰਦਰਸ਼ਨ ਲਈ ਭਾਰਤੀ ਪੁਰਸ਼ ਹਾਕੀ ਟੀਮ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਭਾਰਤੀ ਹਾਕੀ ਅਤੇ ਭਾਰਤੀ ਖੇਡਾਂ ਲਈ ਮਾਣਮੱਤਾ ਪਲ ਹੈ।

ਭਾਰਤ ਲਈ ਸੁਖਜੀਤ ਸਿੰਘ ਨੇ ਪਹਿਲੇ ਹੀ ਮਿੰਟ ਵਿੱਚ ਗੋਲ ਕਰ ਦਿੱਤਾ ਜਦਕਿ ਦਿਲਪ੍ਰੀਤ ਨੇ 28ਵੇਂ ਅਤੇ 45ਵੇਂ ਮਿੰਟ ਵਿੱਚ ਗੋਲ ਕੀਤੇ। ਅਮਿਤ ਰੋਹੀਦਾਸ ਨੇ 50ਵੇਂ ਮਿੰਟ ਵਿੱਚ ਚੌਥਾ ਗੋਲ ਕੀਤਾ। ਉੱਧਰ, ਪੰਜ ਵਾਰ ਦੀ ਚੈਂਪੀਅਨ ਦੱਖਣੀ ਕੋਰੀਆ ਲਈ ਇਕ ਮਾਤਰ ਗੋਲ 51ਵੇਂ ਮਿੰਟ ਵਿੱਚ ਡੇਨ ਸੋਨ ਨੇ ਕੀਤਾ। ਭਾਰਤ ਨੇ ਟੂਰਨਾਮੈਂਟ ਵਿੱਚ ਪੰਜ ਜਿੱਤਾਂ ਦਰਜ ਕੀਤੀਆਂ ਅਤੇ ਇਕ ਡਰਾਅ ਖੇਡਿਆ। ਹਰਮਨਪ੍ਰੀਤ ਸਿੰਘ ਦੀ ਕਪਤਾਨੀ ਵਾਲੀ ਟੀਮ ਨੇ ਤਿੰਨੋਂ ਪੂਲ ਮੈਚ ਜਿੱਤੇ।

ਸੁਪਰ 4 ਗੇੜ ਵਿੱਚ ਮਲੇਸ਼ੀਆ ਨੂੰ 4-1 ਅਤੇ ਚੀਨ ਨੂੰ 7-0 ਨਾਲ ਹਰਾਇਆ ਜਦਕਿ ਕੋਰੀਆ ਨਾਲ ਮੈਚ 2-2 ਨਾਲ ਡਰਾਅ ਰਿਹਾ ਸੀ। ਭਾਰਤ ਨੇ ਇਸ ਤੋਂ ਪਹਿਲਾਂ 2003, 2007 ਅਤੇ 2017 ਵਿੱਚ ਏਸ਼ੀਆ ਕੱਪ ਜਿੱਤਿਆ ਸੀ। ਦੱਖਣੀ ਕੋਰੀਆ ਨੇ 1994, 1999, 2009, 2013 ਅਤੇ 2022 ਵਿੱਚ ਖ਼ਿਤਾਬ ਜਿੱਤਿਆ ਹੈ। ਅਗਲਾ ਵਿਸ਼ਵ ਕੱਪ 2026 ਵਿੱਚ 14 ਤੋਂ 30 ਅਗਸਤ ਤੱਕ ਹੋਣਾ ਹੈ। ਭਾਰਤ ਨੇ ਹੁਣ ਤੱਕ ਸਿਰਫ਼ ਇਕ ਵਾਰ 1975 ਵਿੱਚ ਕੁਆਲਾਲੰਪੁਰ ਵਿਸ਼ਵ ਕੱਪ ਜਿੱਤਿਆ ਹੈ।







### ਮਲੇਸ਼ੀਆ ਨੇ ਤੀਜਾ ਸਥਾਨ ਹਾਸਲ ਕੀਤਾ

ਹੋਰ ਪੁਜੀਸ਼ਨਾਂ ਲਈ ਮੁਕਾਬਲਿਆਂ 'ਚ ਮਲੇਸ਼ੀਆ ਨੇ ਚੀਨ ਨੂੰ 3-0 ਗੋਲਾਂ ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਚੀਨ ਚੌਥੇ ਸਥਾਨ 'ਤੇ ਰਿਹਾ। ਪੰਜਵੇਂ ਤੇ ਛੇਵੇਂ ਸਥਾਨ ਲਈ ਮੈਚ ਵਿੱਚ ਜਪਾਨ ਨੇ ਬੰਗਲਾਦੇਸ਼ ਨੂੰ ਹਰਾ ਕੇ ਪੰਜਵਾਂ ਸਥਾਨ ਮੱਲਿਆ।

# ਮਹਿਲਾ ਏਸ਼ੀਆ ਕੱਪ: ਭਾਰਤੀ ਟੀਮ ਨੇ ਸਿੰਗਾਪੁਰ ਨੂੰ 12-0 ਨਾਲ ਹਰਾਇਆ




ਨਵਨੀਤ ਕੌਰ ਅਤੇ ਮੁਮਤਾਜ਼ ਖਾਨ ਦੀ ਹੈਟ੍ਰਿਕ ਨਾਲ ਭਾਰਤੀ ਮਹਿਲਾ ਹਾਕੀ ਟੀਮ ਨੇ ਸੋਮਵਾਰ ਨੂੰ ਇੱਥੇ ਏਸ਼ੀਆ ਕੱਪ ਦੇ ਪੂਲ ਬੀ ਦੇ ਮੈਚ ਵਿੱਚ ਸਿੰਗਾਪੁਰ ਨੂੰ 12-0 ਨਾਲ ਹਰਾ ਦਿੱਤਾ ਹੈ।

ਮੈਚ ਦੌਰਾਨ ਨਵਨੀਤ ਅਤੇ ਮੁਮਤਾਜ਼ ਖਾਨ ਨੇ ਤਿੰਨ, ਨੇਹਾ ਨੇ ਦੋ ਗੋਲ ਕੀਤੇ, ਜਦੋਂ ਕਿ ਨੇਹਾ, ਲਾਲਰੇਮਸਿਆਮੀ, ਸ਼ਰਮੀਲਾ ਦੇਵੀ ਅਤੇ ਰੁਤੁਜਾ ਪਿਸਾਲ ਨੇ ਵੀ ਭਾਰਤ ਲਈ ਗੋਲ ਕੀਤੇ। ਦੁਨੀਆ ਦੀ 10ਵੇਂ ਨੰਬਰ ਦੀ ਟੀਮ ਭਾਰਤ ਨੇ ਆਪਣੇ ਪਹਿਲੇ ਮੈਚ ਵਿੱਚ ਵੀ ਥਾਈਲੈਂਡ ਨੂੰ 11-0 ਨਾਲ ਹਰਾਇਆ ਸੀ, ਜਦੋਂ ਕਿ ਪਿਛਲੇ ਹਫ਼ਤੇ ਮੌਜੂਦਾ ਚੈਂਪੀਅਨ ਜਾਪਾਨ ਨੂੰ 2-2 ਨਾਲ ਡਰਾਅ 'ਤੇ ਮੈਚ ਖ਼ਤਮ ਕੀਤਾ ਸੀ।

ਸਿੰਗਾਪੁਰ ਦੀ ਟੀਮ ਵਿਸ਼ਵ ਰੈਂਕਿੰਗ ਵਿੱਚ 34ਵੇਂ ਨੰਬਰ 'ਤੇ ਹੈ। ਇਸ ਟੂਰਨਾਮੈਂਟ ਵਿੱਚ ਅੱਠ ਟੀਮਾਂ ਹਿੱਸਾ ਲੈ ਰਹੀਆਂ ਹਨ ਅਤੇ ਦੋਵਾਂ ਪੂਲ ਵਿੱਚੋਂ ਚੋਟੀ ਦੀਆਂ ਦੋ ਟੀਮਾਂ ਸੁਪਰ-4ਸ ਪੜਾਅ ਲਈ ਕੁਆਲੀਫਾਈ ਕਰਨਗੀਆਂ। ਸੁਪਰ 4ਸ ਵਿੱਚ ਚੋਟੀ ਦੀਆਂ ਦੋ ਟੀਮਾਂ 14 ਸਤੰਬਰ ਨੂੰ ਹੋਣ ਵਾਲੇ ਫਾਈਨਲ ਵਿੱਚ ਖੇਡਣਗੀਆਂ।

ਏਸ਼ੀਆ ਕੱਪ ਦੀਆਂ ਜੇਤੂ ਟੀਮਾਂ ਬੈਲਜੀਅਮ ਅਤੇ ਨੀਦਰਲੈਂਡ ਵਿੱਚ ਹੋਣ ਵਾਲੇ 2026 ਮਹਿਲਾ ਵਿਸ਼ਵ ਕੱਪ ਲਈ ਕੁਆਲੀਫਾਈ ਕਰਨਗੀਆਂ।

# ਅੰਮ੍ਰਿਤਸਰ ਏਅਰਪੋਰਟ 'ਤੇ ਭਾਰਤੀ ਹਾਕੀ ਟੀਮ ਦਾ ਸ਼ਾਨਦਾਰ ਸਵਾਗਤ

## ਏਸ਼ੀਆ ਕੱਪ 2025: ਭਾਰਤ ਦੀ ਖ਼ਿਤਾਬੀ ਜਿੱਤ ਵਿੱਚ ਜਲੰਧਰ ਦੇ ਸਿਤਾਰਿਆਂ ਦੀ ਅਹਿਮ ਭੂਮਿਕਾ



ਭਾਰਤ ਨੇ ਏਸ਼ੀਆ ਕੱਪ 2025 ਦਾ ਖ਼ਿਤਾਬ ਜਿੱਤ ਲਿਆ ਹੈ। ਇਸ ਦੌਰਾਨ ਰੋਮਾਂਚਕ ਜਿੱਤ ਹਾਸਲ ਕਰਨ ਵਿੱਚ ਜਲੰਧਰ ਦੇ ਖਿਡਾਰੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਭਾਰਤੀ ਹਾਕੀ ਵਿੱਚ ਇਸ ਜ਼ਿਲ੍ਹੇ ਦੀ ਲਗਾਤਾਰ ਵਿਰਾਸਤ ਪੂਰੀ ਤਰ੍ਹਾਂ ਨਜ਼ਰ ਆਈ ਹੈ। ਜਲੰਧਰ ਨਾਲ ਸਬੰਧਤ ਸਾਬਕਾ ਕਪਤਾਨ ਮਨਪ੍ਰੀਤ ਸਿੰਘ, ਮਨਦੀਪ ਸਿੰਘ, ਹਾਰਦਿਕ ਸਿੰਘ ਅਤੇ ਸੁਖਜੀਤ ਸਿੰਘ ਜੇਤੂ ਟੀਮ ਦਾ ਹਿੱਸਾ ਸਨ। ਸੁਖਜੀਤ ਸਿੰਘ ਨੇ ਕੋਰੀਆ ਦੇ ਖ਼ਿਲਾਫ਼ ਫਾਈਨਲ ਵਿੱਚ ਇੱਕ ਅਹਿਮ ਸ਼ੁਰੂਆਤੀ ਗੋਲ ਕਰਕੇ ਉੱਤਮ ਪ੍ਰਦਰਸ਼ਨ ਕੀਤਾ।

ਸੁਖਜੀਤ ਦਾ ਸਫ਼ਰ ਖਾਸ ਤੌਰ 'ਤੇ ਪ੍ਰੇਰਨਾਦਾਇਕ ਰਿਹਾ ਹੈ। ਕੁਝ ਸਾਲ ਪਹਿਲਾਂ ਅਧਰੰਗ (ਪਓਰਟਿਓਲ ਪਓਰਓਲੇਸਿਸ) ਤੋਂ ਪੀੜਤ ਹੋਣ ਦੇ ਬਾਵਜੂਦ, ਉਸ ਨੇ ਸ਼ਾਨਦਾਰ ਵਾਪਸੀ ਕਰਦਿਆਂ ਪਿਛਲੇ ਸਾਲ ਓਲੰਪਿਕ ਵਿੱਚ ਸ਼ੁਰੂਆਤ ਕੀਤੀ ਅਤੇ ਭਾਰਤ ਲਈ ਇੱਕ ਮੈਡਲ ਹਾਸਲ ਕੀਤਾ। ਏਸ਼ੀਆ ਕੱਪ ਦੇ ਫਾਈਨਲ ਵਿੱਚ ਵੀ ਉਸ ਨੇ ਇੱਕ ਵਾਰ ਫਿਰ ਆਪਣੀ ਯੋਗਤਾ ਸਾਬਤ ਕੀਤੀ।

ਭਾਰਤ ਦੇ ਰਾਜਗੀਰ ਵਿਖੇ ਖੇਡੇ ਗਏ ਪੁਰਸ਼ਾਂ ਦੇ ਏਸ਼ੀਆ ਕੱਪ ਹਾਕੀ ਟੂਰਨਾਮੈਂਟ ਦੇ ਫਾਈਨਲ ਵਿੱਚ ਭਾਰਤ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮੌਜੂਦਾ ਚੈਂਪੀਅਨ ਦੱਖਣੀ ਕੋਰੀਆ ਨੂੰ 4-1 ਨਾਲ ਹਰਾ ਕੇ ਖਿਤਾਬ ਆਪਣੇ ਨਾਮ ਕੀਤਾ। ਇਸ ਜਿੱਤ ਨਾਲ ਭਾਰਤ ਨੇ ਨਾ ਸਿਰਫ਼ ਆਪਣਾ ਚੌਥਾ ਏਸ਼ੀਆ ਕੱਪ ਖਿਤਾਬ ਜਿੱਤਿਆ, ਸਗੋਂ ਅਗਲੇ ਸਾਲ ਬੈਲਜੀਅਮ ਅਤੇ ਨੀਦਰਲੈਂਡ ਵਿੱਚ ਹੋਣ ਵਾਲੇ ਐਫ਼ ਹਾਕੀ ਵਿਸ਼ਵ ਕੱਪ ਲਈ ਸਿੱਧੀ ਕੁਆਲੀਫਿਕੇਸ਼ਨ ਵੀ ਹਾਸਲ ਕਰ ਲਈ। ਭਾਰਤ ਨੇ ਇਸ ਤੋਂ ਪਹਿਲਾਂ ਇਹ ਟੂਰਨਾਮੈਂਟ 2003, 2007 ਅਤੇ 2017 ਵਿੱਚ ਜਿੱਤਿਆ ਸੀ।

ਫਾਈਨਲ ਮੈਚ ਵਿੱਚ ਭਾਰਤੀ ਟੀਮ ਨੇ ਸ਼ੁਰੂ ਤੋਂ ਹੀ ਹਾਵੀ ਰਹਿੰਦਿਆਂ ਵਿਰੋਧੀ ਟੀਮ ਨੂੰ ਕੋਈ ਵੱਡਾ ਮੌਕਾ ਨਹੀਂ ਦਿੱਤਾ। ਭਾਰਤੀ ਖਿਡਾਰੀਆਂ ਦੇ ਅਟੈਕ ਅਤੇ ਡਿਫੈਂਸ ਦੋਵੇਂ ਮਜ਼ਬੂਤ ਰਹੇ ਜਿਸ ਕਰਕੇ ਦੱਖਣੀ ਕੋਰੀਆ ਸਿਰਫ਼ ਇੱਕ ਗੋਲ ਹੀ ਕਰ ਸਕੀ। ਭਾਰਤੀ ਟੀਮ ਦੀ ਇਸ ਜਿੱਤ ਨੇ ਦੇਸ਼ ਭਰ ਦੇ ਹਾਕੀ ਪ੍ਰੇਮੀਆਂ ਵਿੱਚ ਖੁਸ਼ੀ ਦੀ ਲਹਿਰ ਦੌੜਾ ਦਿੱਤੀ।

ਵਾਪਸੀ 'ਤੇ ਜਦੋਂ ਭਾਰਤੀ ਹਾਕੀ ਟੀਮ ਅੰਮ੍ਰਿਤਸਰ ਇੰਟਰਨੈਸ਼ਨਲ ਏਅਰਪੋਰਟ 'ਤੇ ਪਹੁੰਚੀ ਤਾਂ ਖਿਡਾਰੀਆਂ ਦਾ ਭਰਵਾਂ ਸਵਾਗਤ ਕੀਤਾ ਗਿਆ। ਪਰਿਵਾਰਕ ਮੈਂਬਰਾਂ ਅਤੇ ਚਾਹੁਣ ਵਾਲਿਆਂ ਨੇ ਖਿਡਾਰੀਆਂ ਨੂੰ ਫੁੱਲਮਾਲਾਵਾਂ ਅਤੇ ਝੰਡਿਆਂ ਨਾਲ ਸਨਮਾਨਿਤ ਕੀਤਾ। ਮੌਕੇ 'ਤੇ ਖਿਡਾਰੀਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ 2017 ਤੋਂ ਬਾਅਦ ਦੁਬਾਰਾ ਏਸ਼ੀਆ ਕੱਪ ਜਿੱਤਣਾ ਬੇਹੱਦ ਮਾਣ ਵਾਲੀ ਗੱਲ ਹੈ। ਉਹਨਾਂ ਨੇ ਭਰੋਸਾ ਜਤਾਇਆ ਕਿ ਅਗਲੇ ਵਿਸ਼ਵ ਕੱਪ ਵਿੱਚ 50 ਸਾਲਾਂ ਦਾ ਇੰਤਜ਼ਾਰ ਖਤਮ ਕਰਦਿਆਂ ਭਾਰਤ ਕੱਪ ਆਪਣੇ ਨਾਮ ਕਰੇਗਾ।

ਇਸ ਦੌਰਾਨ ਖਿਡਾਰੀਆਂ ਨੇ ਪੰਜਾਬ ਦੇ ਹੜ੍ਹ ਪੀੜਤ ਇਲਾਕਿਆਂ ਲਈ ਵੀ ਆਪਣੀ ਹਮਦਰਦੀ ਜਤਾਈ। ਉਹਨਾਂ ਨੇ ਕਿਹਾ ਕਿ ਟੀਮ ਅਤੇ ਖਿਡਾਰੀ ਹਰ ਸੰਭਵ ਤਰੀਕੇ ਨਾਲ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਨਗੇ। ਇਸ ਸ਼ਾਨਦਾਰ ਜਿੱਤ ਨਾਲ ਭਾਰਤ ਨੇ ਨਾ ਸਿਰਫ਼ ਏਸ਼ੀਆ ਵਿੱਚ ਆਪਣਾ ਦਬਦਬਾ ਬਣਾਇਆ ਹੈ, ਸਗੋਂ ਵਿਸ਼ਵ ਕੱਪ ਲਈ ਵੀ ਨਵੀਆਂ ਉਮੀਦਾਂ ਜਗਾਈਆਂ ਹਨ।







